


These Books are printed and distributed free of cost by the :

WILLIAM BRANHAM GOOD NEWS SOCIETY
Glady's Dauch Memorial Building
PB. No. 5304
No. 13, Subbarayan Nagar I Street,
Kodambakkam, Chennai - 600 024. S.INDIA.
Phone : 2473 0634
Visit us at www.wbgns.org

PUNJABI

# The Spoken Word

By

**WILLIAM MARRION BRANHAM**

# ਛੇਵੀਂ ਮੋਹਰ

## THE SIXTH SEAL

23 ਮਾਰਚ 1963

ਜੈਫਰਸਨਵਿਲੇ, ਇੰਡਿਆਨਾ, ਯੂ. ਐਸ. ਏ

**ਬੋਲਿਆ ਹੋਇਆ ਵਚਨ ਹੀ ਮੂਲ ਬੀਜ ਹੈ**

.......... ਪਿਆਰ ਕਰਦਾ ਹਾਂ।
ਕਿਉਂਕਿ ਉਸਨੇ ਪਹਿਲਾਂ ਮੇਰੇ ਨਾਲ ਪਿਆਰ ਕੀਤਾ।
ਅਤੇ ਮੇਰੀ ਮੁਕਤੀ ਨੂੰ ਕਲਵਰੀ ਤੇ .......

473 ਹੁਣ ਠੀਕ ਹੈ। ਉਸ ਔਰਤ ਨੂੰ ਇਹ ਉਮੀਦ ਨਹੀਂ ਸੀ ਕਿ ਉਹ ਇਸ ਸਭਾ ਤੱਕ ਜ਼ੀਉਂਦੀ ਰਹੇਗੀ। ਇਹ ਸੱਚ ਹੈ। ਪਰ ਹੁਣ ਉਹ ਉੱਥੇ ਅਪਣੇ ਦੋਹਾਂ ਹੱਥਾਂ ਨੂੰ ਉੱਪਰ ਚੁੱਕ ਕੇ ਪ੍ਰਮੇਸ਼ੁਰ ਦੀ ਵਡਿਆਈ ਕਰ ਰਹੀ ਹੈ। ਇਹ ਹੀ ਕਾਰਨ ਸੀ ਕਿ ਮੈਂ ਇੱਥੇ ਬਹੁਤ ਦੇਰ ਤੋਂ ਰੁਕਿਆ ਹੋਇਆਂ ਹਾਂ। ਮੈਂ ਤੁਹਾਨੂੰ ਨਹੀਂ ਦੱਸਿਆ ਹੈ ਕਿ ਮੈਂ ਕੀ ਕੀਤਾ ਹੈ। ਮੈਂ ਮੀਡਾ ਅਤੇ ਉਹਨਾਂ ਦੇ ਬਾਰੇ ਵਿੱਚ ਗੱਲ ਕਰ ਰਿਹਾ ਸੀ। ਅਤੇ ਇਹ ਹੀ ਸੀ ਜੋ ਮੈਂ ਵੇਖਣ ਲਈ .....ਅਤੇ ਮੈਂ ਧਿਆਨ ਦੇ ਨਾਲ ਵੇਖਦਾ ਰਿਹਾ ਕਿ ਉਹ ਰੋਸ਼ਨੀ ਅੱਗੇ-ਪਿੱਛੇ ਚੱਕਰ ਕੱਟ ਰਹੀ ਹੈ ਅਤੇ ਉਹ ਰੋਸ਼ਨੀ ਉਸ ਔਰਤ ਦੇ ਕੋਲ ਗਈ ਅਤੇ ਉਸਦੇ ਉੱਤੇ ਠਹਿਰ ਗਈ। ਮੈਂ ਸੋਚਿਆ, "ਇਹ ਹੀ ਹੈ ਉਹ। " ਔਹ, ਕੀ ਇਹ ਅਦਭੁਤ ਨਹੀਂ ਹੈ?" [ਸੰਗਤ ਅਨੰਦ ਦੇ ਨਾਲ ਭਰ ਜਾਂਦੀ ਹੈ-ਸੰਪਾ]

ਮੈਂ ਉਸਦੇ ਨਾਲ ਪਿਆਰ ਕਰਦਾ ਹਾਂ।
ਮੈਂ ਉਸਦੇ ਨਾਲ ਪਿਆਰ ਕਰਦਾ ਹਾਂ।
ਕਿਉਂਕਿ ਉਸਨੇ ਪਹਿਲਾਂ ਮੇਰੇ ਨਾਲ ਪਿਆਰ ਕੀਤਾ।
ਅਤੇ ਮੇਰੀ ਮੁਕਤੀ ਨੂੰ ਕਲਵਰੀ ਦੇ ......

474 ਹੁਣ ਬਸ ਆਪਣੇ ਦਿਲਾਂ ਵਿੱਚ ਉਸਦੀ ਕਿਰਪਾ ਅਤੇ ਭਲਿਆਈ ਦੇ ਬਾਰੇ ਵਿੱਚ ਸੋਚੋ। ਭਾਈ ਬ੍ਰਾਨਹਾਮ ਗੁਣਗੁਣਾਉਣਾ ਸ਼ੁਰੂ ਕਰਦੇ ਹਨ, "ਮੈਂ ਉਸਦੇ ਨਾਲ ਪਿਆਰ ਕਰਦਾ ਹਾਂ। "-ਸੰਪਾ]

ਮੈਂ ਉਸਦੇ ਨਾਲ ਪਿਆਰ ਕਰਦਾ ਹਾਂ।
ਕਿਉਂਕਿ ਉਸਨੇ ਪਹਿਲਾਂ ਮੇਰੇ ਨਾਲ ਪਿਆਰ ਕੀਤਾ।

475 ਹੁਣ ਕੀ ਤੁਸੀਂ ਵੇਖਦੇ ਹੋ ਇਹ ਕਿੰਨਾ ਵਧੀਆ ਹੈ ?ਆਮੀਨ !ਇੰਜ ਹੀ ਹੈ। ਹੁਣ ....? ...ਜਾ ਅਤੇ ਚੰਗੀ ਰਹਿ। ਆਮੀਨ!ਤੁਹਾਨੂੰ ਚੰਗਿਆਈ ਦੇਣ ਲਈ ਪ੍ਰਮੇਸ਼ੁਰ ਦੀ ਕਿਰਪਾ ਪ੍ਰਗਟ ਹੋਈ ਹੈ। ਅਮੀਨ।

ਕਲਵਰੀ ਦੇ ਰੁੱਖ ਤੇ।
ਔਹ, ਪ੍ਰਮੇਸ਼ੁਰ ਦੀ ਵਡਿਆਈ ਹੋਵੇ!
ਮੈਂ ਉਸਦੇ ਨਾਲ ਪਿਆਰ ਕਰਦਾ ਹਾਂ .....

ਠੀਕ ਹੈ,ਹੁਣ ਤੁਹਾਡੇ ਪਾਦਰੀ ਸਹਿਬ ਆਉਣ।

476 [ਕੋਈ ਆਖਦਾ ਹੈ, " ਭਾਈ ਬ੍ਰਾਨਹਾਮ ਜੀ ,ਕੀ ਕੱਲ ਨੂੰ ਸੰਗਤੀ ਸਾਢੇ ਨੋ ਵਜੇ ਸ਼ੁਰੂ ਹੋਵੇਗੀ?" -ਸੰਪਾ]ਨੌਂ ਤੋਂ ਸਾਢੇ ਨੌਂ ਵਜੇ ਵਿੱਚ। ਇੱਥੇ ਨੌਂ ਵਜੇ ਸੰਗਤੀ ਸ਼ੁਰੂ ਹੋਵੇਗੀ। (ਕੀ ਨਾਸ਼ਤੇ ਤੋਂ ਬਾਦ ਸਭਾ ਸ਼ੁਰੂ ਹੋਵੇਗੀ ?ਕੀ ਨੌਂ ਵਜੇ ਸੰਗਤੀ ਸ਼ੁਰੂ ਹੋਵੇਗੀ?)ਤੁਸੀਂ ਸੰਗਤੀ ਨੌਂ ਵਜੇ ਸ਼ੁਰੂ ਕਰਨੀ। ਅਤੇ ਮੈਂ ਸਾਢੇ ਨੌਂ ਵਜੇ ਸ਼ੁਰੂ ਕਰਾਂਗਾ।

# ਛੇਵੀਂ ਮੋਹਰ
# THE SIXTH SEAL

WILLIAM MARRION BRANHAM

These books are printed & distributed free of cost by the :

**WILLIAM BRANHAM GOOD NEWS SOCIETY**
Glady's Dauch Memorial Building,
Post Box No. 5304
No. 13, Dr. Subbarayan Nagar I Street,
Kodambakkam, Chennai - 600 024, South India.
Phone : 044-2473 0634
Web : www.wbgns.org



ਉਸਦੇ ਮੂੰਹ ਤੇ ਨਿਗਾਹ ਮਾਰੀ। ਮੈਂ ਸੋਚਿਆ ਕਿ, ਮੈਂ ਇਸ ਤਰ੍ਹਾਂ ਉਸ ਤੇ ਚੰਗੀ ਤਰ੍ਹਾਂ ਨਿਗਾਹ ਮਾਰਨੀ ਚਾਹੁੰਦਾ ਸੀ। " ਅਤੇ ਮੈਂ ਰੁਕ ਗਿਆ।

466 ਅਤੇ ਮੈਂ ਅਪਣੇ ਹੱਥਾਂ ਨੂੰ *ਇਸ* ਤਰ੍ਹਾਂ ਕੀਤਾ ਹੋਇਆ ਸੀ। ਮੈਂ ਮਹਿਸੂਸ ਕੀਤਾ ਕਿ ਕੋਈ ਚੀਜ਼ ਮੇਰੀਆਂ ਬਾਹਾਂ ਵਿੱਚ ਆਈ ਹੈ। ਮੈਂ ਆਲੇ-ਦੁਆਲੇ ਨਿਗਾਹ ਮਾਰੀ, ਉੱਥੇ ਹੋਪ ਖੜੀ ਸੀ ;ਉਸ ਦੀਆਂ ਕਾਲੀਆਂ-ਕਾਲੀਆਂ ਅੱਖਾਂ ਉੱਪਰ ਨੂੰ ਵੇਖ ਰਹੀਆਂ ਸਨ ਅਤੇ ਉਸਦੇ ਕਾਲੇ ਵਾਲ ਉਸਦੀ ਪਿੱਠ ਤੇ ਲਟਕ ਰਹੇ ਸਨ, ਅਤੇ ਉਸਨੇ ਚਿੱਟੇ ਵਸਤਰ ਪਹਿਨੇ ਹੋਏ ਸਨ ਅਤੇ ਮੇਰੇ ਵੱਲ ਵੇਖ ਰਹੀ ਸੀ। ਅਤੇ ਮੈਂ ਕਿਹਾ, " ਹੋਪ। "

467 ਮੈਂ ਮਹਿਸੂਸ ਕੀਤਾ ਕਿ ਕਿਸੇ ਨੇ ਮੇਰੀ ਇਸ ਬਾਂਹ ਨੂੰ ਛੂਹਿਆ ਹੈ। ਮੈਂ ਆਲੇ-ਦੁਆਲੇ ਵੇਖਿਆ ਤਾਂ ਉੱਥੇ ਮੀਡਾ ਸੀ। ਉਸ ਦੀਆਂ ਕਾਲੀਆਂ-ਕਾਲੀਆਂ ਅੱਖਾਂ ਉੱਪਰ ਨੂੰ ਵੇਖ ਰਹੀਆਂ ਸਨ ਅਤੇ ਉਸਦੇ ਕਾਲੇ ਵਾਲ ਹੇਠਾਂ ਲਟਕ ਰਹੇ ਸਨ ਅਤੇ ਉਸਨੇ ਚਿੱਟੇ ਵਸਤਰ ਪਹਿਨੇ ਹੋਏ ਸਨ। ਅਤੇ ਮੈਂ ਕਿਹਾ, "ਮੀਡਾ। "

468 ਅਤੇ ਉਹਨਾਂ ਨੇ ਇੱਕ ਦੂਜੀ ਵੱਲ ਵੇਖਿਆ। ਉਹ ਵੀ ......ਮੈਂ ਉਹਨਾਂ ਨੂੰ ਆਪਣੀਆਂ ਬਾਹਾਂ ਵਿੱਚ ਲਿਆ ਹੋਇਆ ਸੀ ਅਤੇ ਅਸੀਂ ਤੁਰਦੇ-ਤੁਰਦੇ ...ਘਰ ਪਹੁੰਚ ਗਏ।

469 ਅਤੇ ਫਿਰ ਮੈਨੂੰ ਜਾਗ ਆ ਗਈ। ਔਹ, ਮੈਂ ਜਾਗ ਪਿਆ। ਅਤੇ ਮੈਂ ਉੱਠਿਆ ਅਤੇ ਕੁਰਸੀ ਤੇ ਬੈਠ ਗਿਆ ਅਤੇ ਰੋਣ ਲੱਗ ਪਿਆ। ਮੈਂ ਸੋਚਿਆ, "ਹੇ ਪ੍ਰਮੇਸ਼ੁਰ, ਮੈਂ ਆਸ ਕਰਦਾ ਹਾਂ ਕਿ ਇਹ ਇਸੇ ਤਰ੍ਹਾਂ ਹੀ ਹੁੰਦਾ ਹੈ। " ਉਹ ਦੋਨੋਂ ਹੀ ਮੇਰੇ ਨਾਲ ਜੁੜੀਆਂ ਹੋਈਆਂ ਸਨ ਅਤੇ ਬੱਚੇ ਪੈਦਾ ਕੀਤੇ ਅਤੇ ਇਸੇ ਤਰ੍ਹਾਂ ਹੀ ਸੱਭ ਕੁਝ ਕੀਤਾ। ਅਤੇ ਉੱਥੇ ਅਸੀਂ ਨਵੀਂ ਦੁਨੀਆਂ ਵਿੱਚ ਚੱਲ ਰਹੇ ਸਾਂ ਜਿੱਥੇ ਸਿੱਧਤਾ ਅਤੇ ਸੱਭ ਕੁਝ ਹੈ। ਹੇ ਮੇਰੇ, ਪ੍ਰਮੇਸ਼ੁਰ !ਨਹੀਂ ਕੁਝ ਨਹੀਂ ......

470 ਔਹ, ਇਹ ਇੱਕ ਬਹੁਤ ਹੀ ਅਦਭੁਤ ਚੀਜ਼ ਹੋਵੇਗੀ। ਤੁਸੀਂ ਇਹਨੂੰ ਗਵਾ ਨਾ ਲਓ। ਤੁਸੀਂ ਇਹਨੂੰ ਗੁਆ ਨਾ ਲਿਓ। ਪ੍ਰਮੇਸ਼ੁਰ ਦੀ ਕਿਰਪਾ ਨਾਲ ਜੋ ਕੁਝ ਵੀ ਕਰ ਸੱਕਦੇ ਹੋ ਕਰੋ ਅਤੇ ਫਿਰ ਇਹ ਪ੍ਰਮੇਸ਼ੁਰ ਤੇ ਨਿਰਭਰ ਹੈ ਕਿ ਉਹ ਬਾਕੀ ਦੇ ਹਿੱਸੇ ਦੀ ਆਪ ਦੇਖਭਾਲ ਕਰੇ।

ਮੈਂ ਉਸਦੇ ਨਾਲ ਪਿਆਰ ਕਰਦਾ ਹਾਂ।
ਮੈਂ ਉਸਦੇ ਨਾਲ ਪਿਆਰ ਕਰਦਾ ਹਾਂ।
ਕਿਉਂਕਿ ਉਸਨੇ ਪਹਿਲਾਂ ਮੇਰੇ ਨਾਲ ਪਿਆਰ ਕੀਤਾ।
ਅਤੇ ਮੇਰੀ ਮੁਕਤੀ ਨੂੰ ਕਲਵਰੀ ਦੇ ਰੁੱਖ ਉੱਤੇ ਖਰੀਦਿਆ।

471 ਆਓ ਅਸੀਂ ਫਿਰ ਇਸਨੂੰ ਆਪਣੇ ਪੂਰੇ ਦਿਲ ਨਾਲ ਗਾਈਏ ਅਤੇ ਹੁਣ ਆਪਣੀਆਂ ਅੱਖਾਂ ਨੂੰ ਪ੍ਰਮੇਸ਼ੁਰ ਵੱਲ ਚੁੱਕੀਏ।

ਮੈਂ ਉਹਦੇ ਨਾਲ ਪਿਆਰ ਕਰਦਾ ਹਾਂ ........

472 [ਭਾਈ ਬ੍ਰਾਨਹਾਮ ਪੁਲਪਿਟ ਨੂੰ ਛੱਡ ਕੇ ਇੱਕ ਔਰਤ ਲਈ ਦੁਆ ਕਰਨ ਜਾਂਦੇ ਹਨ ਜਦਕਿ ਸਭਾ ਮੈਂ ਉਹਦੇ ਨਾਲ ਪਿਆਰ ਕਰਦਾ ਹਾਂ, ਗਾਉਂਦੀ ਹੈ।

457 ਪਰ ਮੈਂ ਸੋਚਿਆ, "ਕੀ ਇਹ ਸ਼ਾਨਦਾਰ ਨਹੀਂ ਹੈ। ਵਡਿਆਈ ਹੋਵੇ !ਹਾਲੇਲੂਯਾਹ !ਉੱਤੇ ਹੇਠਾਂ ਕੁੱਦਦੇ ਹੋਏ।

"ਮੇਰੇ ਚੰਗੇ ਦਾਸ ਪ੍ਰਭੂ ਦੀਆਂ ਖੁਸ਼ੀਆਂ ਵਿੱਚ ਦਾਖਲ ਹੋ। "

ਔਹ, ਮੈਂ ਆਖਦਾ, "ਪਰਮੇਸ਼ੁਰ ਦੀ ਵਡਿਆਈ ਹੋਵੇ! ਪਰਮੇਸ਼ੁਰ ਦੀ ਵਡਿਆਈ ਹੋਵੇ!"

458 ਉਸ ਤੋਂ ਬਾਦ ਮੈਂ ਇੱਕ ਹੋਰ ਨਾਮ ਨੂੰ ਸੁਣਿਆ, ਜਿਦਾਂ ਕਿ ਉਹਨਾਂ ਆਖਿਆ, "ਔਰਮਨ ਨੇਵਿਲ। " ਸਮਝੇ।

459 ਅਤੇ ਤਦ ਮੈਂ ਕਿਹਾ, "ਇਹ ਤਾਂ ਉਹ ਹੀ ਪੁਰਾਣਾ ਭਾਈ ਨੇਵਿਲ ਹੈ। ਇਹ ਹਨ ਉਹ। " ਸਮਝੇ? ਅਤੇ ਉਹ ਭੀੜ ਦੇ ਵਿੱਚੋਂ ਬਾਹਰ ਆ ਕੇ ਉੱਪਰ ਜਾਂਦਾ ਹੈ।

460 ਅਤੇ ਹੁਣ ਉਹ ਕਹਿੰਦਾ ਹੈ, "ਪ੍ਰਭੂ ਦੇ ਅਨੰਦ ਵਿੱਚ ਭਾਗੀਦਾਰ ਹੋ ਜੋ ਤੇਰੇ ਲਈ ਜਗਤ ਦੀ ਉਤਪਤੀ ਤੋਂ ਪਹਿਲਾਂ ਦਾ ਤਿਆਰ ਕੀਤਾ ਗਿਆ ਹੈ। ਅੰਦਰ ਦਾਖਲ ਹੋ ਜਾਓ। " ਅਤੇ ਭਾਈ ਨੇਵਿਲ ਬਦਲ ਜਾਂਦਾ ਹੈ ਅਤੇ ਵਾਪਸ ਉੱਥੇ ਅੰਦਰ ਜਾਣਾ ਸ਼ੁਰੂ ਕਰ ਦਿੰਦਾ ਹੈ ਅਤੇ ਬਸ ਖੁਸ਼ੀਆਂ ਦੇ ਮਾਰੇ ਚਿਲਾਉਂਦਾ ਅਤੇ ਸ਼ੋਰ ਮਚਾ ਰਿਹਾ ਹੁੰਦਾ ਹੈ।

461 ਮੁੰਡਿਆ, ਮੈਂ ਵੀ ਚਿਲਾਇਆ ਅਤੇ ਕਿਹਾ, "ਪ੍ਰਮੇਸ਼ੁਰ ਦੀ ਵਡਿਆਈ ਹੋਵੇ!" ਉੱਥੇ ਖੜੇ ਮੈਂ ਇੱਕ ਸ਼ਾਨਦਾਰ ਸਮਾਂ ਮਨਾ ਰਿਹਾ ਸਾਂ,ਅਰ ਆਪਣੇ ਭਾਈਆਂ ਨੂੰ ਅੰਦਰ ਜਾਂਦੇ ਵੇਖ ਰਿਹਾ ਸੀ।

462 ਅਤੇ ਜਿਹੜਾ ਲੇਖਾ ਰੱਖਣ ਵਾਲਾ ਸਵਰਗ ਦੂਤ ਉੱਥੇ ਖੜਾ ਸੀ, ਉਸਨੇ ਕਿਹਾ, "ਵਿਲੀਅਮ ਬ੍ਰਾਨਹਾਮ।"

463 ਮੈਂ ਕਦੇ ਸੋਚਿਆ ਵੀ ਨਹੀਂ ਸੀ ਕਿ ਮੈਂ ਉੱਥੇ ਜਾਵਾਂਗਾ। ਇਸ ਲਈ ਮੈਂ ਡਰ ਗਿਆ। ਮੈਂ ਸੋਚਿਆ, "ਔਹ, ਮੈਂ !ਕੀ ਮੈਨੂੰ ਉਹ ਕਰਨਾ ਪਵੇਗਾ?" ਅਤੇ ਮੈਂ ਉੱਥੇ ਜਾਂਦਾ ਹਾਂ। ਅਤੇ ਹਰ ਇੱਕ ਬਸ ਮੇਰੀ ਪਿੱਠ ਤੇ ਥਾਪੀਆਂ ਮਾਰ ਰਿਹਾ ਸੀ। ....[ਭਾਈ ਬ੍ਰਾਨਹਾਮ ਆਪਣੀ ਪਿੱਠ ਤੇ ਥਾਪੀਆਂ ਮਾਰ ਕੇ ਉਦਾਹਰਨ ਦਿੰਦੇ ਹਨ-ਸੰਪਾ] " ਹੇ ਭਾਈ ਬ੍ਰਾਨਹਾਮ !ਭਾਈ ਬ੍ਰਾਨਹਾਮ, ਪ੍ਰਮੇਸ਼ੁਰ ਤੁਹਾਨੂੰ ਬਰਕਤ ਦੇਵੇ। ਅਤੇ ਜਦੋਂ ਮੈਂ ਲੋਕਾਂ ਦੀ ਇੱਕ ਬਹੁਤ ਵੱਡੀ ਭੀੜ ਦੇ ਵਿੱਚ ਦੀ ਜਾ ਰਿਹਾ ਸੀ ਤਾਂ ਹਰ ਕੋਈ ਮੇਰੀ ਪਿੱਠ ਤੇ ਥਾਪੀਆਂ ਮਾਰ ਰਿਹਾ ਸੀ। [ਭਾਈ ਬ੍ਰਾਨਹਾਮ ਖੁਦ ਆਪਣੀ ਪਿੱਠ ਤੇ ਥਾਪੀਆਂ ਮਾਰ ਕੇ ਉਦਾਹਰਨ ਦਿੰਦੇ ਹਨ-ਸੰਪਾ]ਭਾਈ ਪ੍ਰਮੇਸ਼ੁਰ ਤੁਹਾਨੂੰ ਬਰਕਤ ਦੇਵੇ। ਭਾਈ, ਪ੍ਰਮੇਸ਼ੁਰ ਤੁਹਾਨੂੰ ਬਰਕਤ ਦੇਵੇ। "

464 ਮੈਂ ਜਾ ਰਿਹਾ ਸੀ। ਮੈਂ ਕਿਹਾ, "ਧੰਨਵਾਦ। ਤੁਹਾਡਾ ਧੰਨਵਾਦ। ਤੁਹਾਡਾ ਧੰਨਵਾਦ। " ਇਹ ਇਸ ਤਰ੍ਹਾਂ ਸੀ ਜਿਵੇਂ ਕਿ ਕਿਸੇ ਬੰਦਗੀ ਵਿੱਚੋਂ ਬਾਹਰ ਆਉਣਾ ਜਾਂ ਇਸੇ ਤਰ੍ਹਾਂ ਦੀ ਹੀ ਕਿਸੇ ਜਗ੍ਹਾ ਤੋਂ ਬਾਹਰ ਆਉਣਾ।

465 ਮੈਂ ਇਹਨਾਂ ਮਹਾਨ ਵੱਡੀਆਂ ਹਾਥੀ ਦੰਦ ਦੀਆਂ ਪੋੜੀਆਂ ਤੇ ਚੜ੍ਹਨ ਲਈ ਚੱਲਿਆ ਜਾ ਰਿਹਾ ਸੀ। ਅਤੇ ਜਿਉਂ ਹੀ ਮੈਂ ਅਪਣਾ ਪਹਿਲਾ ਕਦਮ ਰੱਖਿਆ, ਮੈਂ ਰੁਕਿਆ। ਅਤੇ ਮੈਂ ਸੋਚਿਆ .....ਮੈਂ

# ਛੇਵੀਂ ਮੋਹਰ
# THE SIXTH SEAL

ਆਓ, ਹੁਣ ਅਸੀਂ ਇੱਕ ਪਲ ਲਈ ਆਪਣੇ ਸਿਰਾਂ ਨੂੰ ਝੁਕਾਈਏ।

2 ਪ੍ਰਭੂ, ਅਸੀਂ ਫਿਰ ਦੁਬਾਰਾ ਸੰਗਤੀ ਲਈ ਇਕੱਠੇ ਹੋ ਰਹੇ ਹਾਂ। ਅਤੇ ਅਸੀਂ ਪਹਿਲਿਆਂ ਦਿਨਾਂ ਦੇ ਬਾਰੇ ਵਿੱਚ ਸੋਚਦੇ ਹਾਂ ਜਦ ਉਹ ਸੱਭ ਪ੍ਰਭੂ ਕੋਲੋਂ ਬਰਕਤ ਪਾਉਣ ਲਈ ਸ਼ਿਲੋਹ ਆਉਂਦੇ ਸਨ। ਅਤੇ ਹੁਣ ਅੱਜ ਰਾਤ ਅਸੀਂ ਤੇਰੇ ਵਚਨ ਨੂੰ ਸੁਣਨ ਇੱਥੇ ਇਕੱਠੇ ਹੋਏ ਹਾਂ। ਅਤੇ ਜਿਵੇਂ ਕਿ ਅਸੀਂ ਬਾਈਬਲ ਦੇ ਖਾਸ ਹਿੱਸੇ ਦਾ ਅਧਿਐਨ ਕਰ ਰਹੇ ਹਾਂ, ਲੇਲਾ ਹੀ ਇੱਕ ਅਜਿਾ ਸੀ ਜਿਹੜਾ ਕਿ ਉਹਨਾਂ ਮੋਹਰਾਂ ਨੂੰ ਖੋਲ੍ਹ ਸੱਕਦਾ ਸੀ। ਅਤੇ ਅੱਜ ਰਾਤ ਅਸੀਂ ਜਦ ਇਸ ਛੇਵੀਂ ਮੋਹਰ ਤੇ ਵਿਚਾਰ ਕਰਦੇ ਹਾਂ ਤਾਂ ਅਸੀਂ ਦੁਆ ਕਰਦੇ ਹਾਂ ਕਿ ਲੇਲਾ ਹੀ ਇਸ ਮੋਹਰ ਨੂੰ ਸਾਡੇ ਤੇ ਖੋਲ੍ਹੇ। ਅਰ ਅਸੀਂ ਇਸਨੂੰ ਸਮਝਣ ਹੀ ਇਸ ਜਗ੍ਹਾ ਤੇ ਆਏ ਹਾਂ। ਅਤੇ ਜਦ ਨਾ ਕੋਈ ਆਦਮੀ ਧਰਤੀ ਤੇ ਅਤੇ ਨਾ ਹੀ ਕੋਈ ਸੁਰਗ ਤੇ ਸੀ ਯੋਗ ਸੀ ਜੋ ਬਸ ਲੇਲਾ ਹੀ ਇਸਦੇ ਯੋਗ ਸੀ ਕਿ ਇਸ ਨੂੰ ਖੋਲ੍ਹ ਸਕੇ। ਇਸ ਲਈ ਹੋਣ ਦੇ ਕਿ ਜਿਹੜਾ ਸੱਭ ਕੁਝ ਕਰਨ ਦੇ ਯੋਗ ਹੈ ਉਹ ਹੀ ਆਏ ਅਤੇ ਅੱਜ ਰਾਤ ਇਸ ਮੋਹਰ ਨੂੰ ਸਾਡੇ ਲਈ ਖੋਲ੍ਹ ਦੇਵੇ ਤਾਂ ਕਿ ਅਸੀਂ ਸਮੇਂ ਦੇ ਪਰਦੇ ਦੇ ਪਿੱਛੇ ਝਾਕ ਸਕੀਏ। ਪਿਤਾ, ਅਸੀਂ ਨਿਹਚਾ ਕਰਦੇ ਹਾਂ ਕਿ ਇਹ ਇਸ ਮਹਾਨ ਪਾਪ ਭਰੇ ਦਿਨ ਜਿਹਦੇ ਵਿੱਚ ਅਸੀਂ ਰਹਿ ਰਹੇ ਹਾਂ ਮੱਦਦ ਅਤੇ ਹਿੰਮਤ ਬਖਸ਼ੇਗਾ। ਅਸੀਂ ਹੁਣ ਵਿਸ਼ਵਾਸ਼ ਕਰਦੇ ਹਾਂ ਕਿ ਅਸੀਂ ਤੇਰੀ ਨਿਗਾਹ ਵਿੱਚ ਕਿਰਪਾ ਪਾਈ ਹੈ। ਯਿਸੂ ਮਸੀਹ ਦੇ ਨਾਂ ਵਿੱਚ ਅਸੀਂ ਆਪਣੇ ਆਪ ਨੂੰ ਤੇਰੇ ਵਚਨ ਦੇ ਨਾਲ ਤੈਨੂੰ ਸੌਂਪਦੇ ਹਾਂ। ਆਮੀਨ।

ਤੁਸੀਂ ਬੈਠ ਸੱਕਦੇ ਹੋ।

3 ਮਿੱਤਰੋ, ਸ਼ਾਮ ਦਾ ਸਲਾਮ। ਅੱਜ ਰਾਤ ਇੱਕ ਵਾਰ ਫਿਰ ਪ੍ਰਭੂ ਦੀ ਸੇਵਾ ਵਿੱਚ ਹੋਣਾ ਕਿੰਨੇ ਹੀ ਭਾਗਾਂ ਵਾਲੀ ਗੱਲ ਹੈ। ਮੈਂ ਥੋੜਾ ਜਿਹਾ ਲੇਟ ਹੋ ਗਿਆ। ਮੈਂ ਬਸ ਚਲਾ ਗਿਆ ਸੀ --ਇੱਕ ਐਮਰਜੈਂਸੀ ਕੇਸ ਵੇਖਣ, ਉਸ ਆਦਮੀ ਦੇ ਕੋਲ ਚਲਾ ਗਿਆ ਸੀ ਜਿਹੜਾ ਮਰ ਰਿਹਾ ਸੀ--ਉਹ ਆਦਮੀਂ ਇਸੇ ਕਲੀਸਿਯਾ ਦਾ ਮੈਂਬਰ ਹੈ। ਉਸਦੀ ਮਾਂ ਹੈ--ਜਾਂ ਉਹ ਦੀ ਮਾਂ ਇੱਥੇ ਇਸੇ ਕਲੀਸਿਯਾ ਵਿੱਚ ਆਉਂਦੀ ਹੈ। ਅਤੇ ਉਹਨਾਂ ਦੱਸਿਆ ਕਿ ਉਹ ਮੁੰਡਾ ਤਦ ਠੀਕ ਮਰ ਰਿਹਾ ਸੀ। ਮੈਂ ਉਸ ਮਨੁੱਖ ਦੇ ਪ੍ਰਛਾਵੇਂ ਨੂੰ ਜੋ ਕਿ ਮੰਜੇ ਤੇ ਪਿਆ, ਮਰ ਰਿਹਾ ਸੀ, ਜੋ ਕਿ ਲੱਗ-ਭੱਗ ਮੇਰੀ ਹੀ ਉਮਰ ਦਾ ਹੈ ਵੇਖਣ ਲਈ ਗਿਆ ਸੀ। ਅਤੇ ਪਲ ਭਰ ਵਿੱਚ ਹੀ ਮੈਂ ਉਸ ਮਨੁੱਖ ਨੂੰ ਆਪਣੇ ਪੈਰਾਂ ਤੇ ਖੜ੍ਹੇ ਹੁੰਦੇ ਹੋਏ ਅਤੇ ਖੁਦਾ ਦੀ ਮਹਿਮਾਂ ਕਰਦੇ ਹੋਏ ਵੇਖਿਆ। ਅਤੇ ਇਸ ਲਈ ਜੇ ਅਸੀਂ ਆਪਣੇ ਪਾਪਾਂ ਦਾ ਇਕਰਾਰ ਕਰਨ ਲਈ ਤਿਆਰ ਰਹੀਏ ਅਤੇ ਜੋ ਠੀਕ ਹੈ ਉਹ ਕਰੀਏ ਅਤੇ ਪ੍ਰਮੇਸ਼ੁਰ ਕੋਲੋਂ ਕਿਰਪਾ ਮੰਗੀਏ ਅਤੇ ਉਹਨੂੰ ਪੁਕਾਰੀਏ ਤਾਂ ਪ੍ਰਮੇਸ਼ੁਰ ਸਾਨੂੰ ਉਹ ਬਖਸ਼ ਦੇਣ ਲਈ ਉਡੀਕ ਕਰ ਰਿਹਾ ਹੁੰਦਾ ਹੈ।

4 ਅਤੇ ਹੁਣ ਮੈਂ ਜਾਣਦਾ ਹਾਂ ਕਿ ਅੱਜ ਰਾਤ ਇੱਥੇ ਗਰਮੀ ਹੈ ਅਤੇ--ਅਤੇ ਇਹ ਹੈ ......ਮੇਰਾ ਅੰਦਾਜ਼ਾ ਹੈ ਕਿ ਗਰਮੀ ਪੂਰੀ ਤਰ੍ਹਾਂ ਬੰਦ ਕਰ ਦਿੱਤੀ ਗਏ ਹੈ। ਅਤੇ ਅਸੀਂ ਹਾਂ .........

5 ਕੱਲ ਰਾਤ ਜਾਂ ਅੱਜ ਹੀ ਮੈਂ ਧਿਆਨ ਦਿੱਤਾ ਕਿ ਇਹ ਮੇਰਾ ਸੱਤਵਾਂ ਦਿਨ ਹੈ ਜਦ ਮੈਂ ਕਮਰੇ ਵਿੱਚ ਬਿਨਾਂ ਰੋਸ਼ਨੀ ਦੇ (ਬਿਨਾਂ ਬਿਜਲੀ ਦੀ ਰੋਸ਼ਨੀ ਦੇ। ਸਮਝੇ?)ਅਧਿਐਨ ਕਰ ਰਿਹਾ ਹਾਂ ਅਤੇ ਪ੍ਰਮੇਸ਼ੁਰ ਅੱਗੇ ਦੁਆ ਕਰ ਰਿਹਾ ਹਾਂ ਕਿ ਉਹ ਇਹਨਾਂ ਮੋਹਰਾਂ ਨੂੰ ਖੋਲ੍ਹੇ।

6 ਅਤੇ ਬਹੁਤ ਸਾਰੇ ਲੋਕ ਹਨ ਜਿਹਨਾਂ ਨੇ ਪ੍ਰਸ਼ਨ ਕਰਨ ਵਾਲੇ ਝੁੰਡ ਵਿੱਚੋਂ ਕਈਆਂ ਨੇ ਕੱਲ ਰਾਤ ਪ੍ਰਸ਼ਨ ਲਿਖੇ ਅਤੇ ਜਿੱਥੋਂ ਤੱਕ ਹੈ ਇਹ ਬਹੁਤ ਜਿਆਦਾ ਪ੍ਰਸ਼ਨ ਨਹੀਂ ਹਨ। ਉਹ ਕਿਸੇ ਵੀ ਤਰ੍ਹਾਂ ਇੱਕ ਚੰਗਾਈ ਸਭਾ ਚਾਹੁੰਦੇ ਹਨ, ਉਹ ਇੱਕ ਹੋਰ ਦਿਨ ਰੁਕਣਾ ਚਹੁੰਦੇ ਹਨ ਤਾਂ ਕਿ ਸੋਮਵਾਰ ਅਸੀਂ ਇੱਥੇ ਇੱਕ ਚੰਗਾਈ ਸਭਾ ਕਰ ਸਕੀਏ। ਇਸ ਲਈ ਮੈਂ ਕਰ ਸਕਾਂਗਾ--ਜੇ ਇਸ ਤਰ੍ਹਾਂ ਹੈ ਅਰ ਜੇ ਲੋਕਾਂ ਦੀ ਇੱਛਾ ਇਸ ਤਰ੍ਹਾਂ ਹੈ ਕਿ ਉਹਨਾਂ ਦੇ ਲਈ ਚੰਗਾਈ ਸਭਾ ਹੋਵੇ ਤਾਂ ਮੈਂ ਅਸਲ ਵਿੱਚ ਇਸ ਤਰ੍ਹਾਂ ਕਰ ਸੱਕਦਾ ਹਾਂ। ਤੁਸੀਂ ਇਸ ਤੇ ਵਿਚਾਰ ਕਰਕੇ ਤੇ ਮੈਨੂੰ ਦੱਸਿਓ ਜੇ ਤੁਸੀਂ ਬਸ ਰੁਕਣਾ ਅਤੇ ਬਿਮਾਰਾਂ ਲਈ ਦੁਆ ਕਰਵਾਉਣਾ ਚਾਹੁੰਦੇ ਹੋ।

7 ਕਿਉਂਕਿ ਮੈਂ ਇਹ ਸਾਰੇ ਦਾ ਸਾਰਾ ਸਮਾਂ ਪੂਰੀ ਤਰ੍ਹਾਂ ਇਹਨਾਂ ਮੋਹਰਾਂ ਲਈ ਦੇ ਦਿੱਤਾ ਹੈ ਇਸ ਲਈ ਮੈਂ ਆਪਣੇ ਆਪ ਨੂੰ ਇਹਨਾਂ ਮੋਹਰਾਂ ਲਈ ਵੱਖ ਰੱਖਿਆ ਹੋਇਆ ਹੈ।

8 ਇਸ ਲਈ ਤੁਸੀਂ ਇਹਦੇ ਤੇ ਵਿਚਾਰ ਕਰ ਸੱਕਦੇ ਹੋ ਅਤੇ ਫਿਰ ਇਹਦੇ ਵਾਰੇ ਵਿੱਚ ਮੈਨੂੰ ਦੱਸ ਦਿਓ। ਅਤੇ ਜੇ ਪ੍ਰਭੂ ਦੀ ਮਰਜੀ ਹੋਈ ਤਾਂ ਮੈਂ ਕਰ ਸੱਕਦਾ ਹਾਂ। ਮੇਰਾ ਅਗਲਾ ਪ੍ਰੋਗਰਾਮ ਨਿਊ ਮੈਕਸੀਕੋ ਵਿੱਚ ਏਲਬਕਿਊਰਕਿਓ ਨਾਮਕ ਸ਼ਹਿਰ ਵਿੱਚ ਹੈ ਅਤੇ ਉੱਥੇ ਜਾਣ ਲਈ ਹਾਲੇ ਕੁਝ ਦਿਨ ਹੋਰ ਹਨ। ਅਤੇ ਮੈਂ ਕਿਸੇ ਕੰਮ ਲਈ ਘਰ ਜਾਣਾ ਹੈ ਤਾਂ ਕਿ ਅਰੀਜੋਨਾ ਵਿੱਚ ਅਗਲੀ ਕੰਨਵੈਨਸ਼ਨ ਦੀ ਤਿਆਰੀ ਕਰ ਸਕਾਂ। ਅਤੇ ਇਸ ਲਈ ਅਗਰ ਜੇ ਇਹ ਪ੍ਰਭੂ ਦੀ ਮਰਜੀ ਹੈ ਤਾਂ ਤੁਸੀਂ ਇਹਦੇ ਲਈ ਦੁਆ ਕਰਨੀ ਅਤੇ ਮੈਂ ਵੀ ਬਸ ਇਹ ਹੀ ਕਰਾਂਗਾ ਅਤੇ ਫਿਰ ਕੁਝ ਸਮੇਂ ਬਾਦ ਅਸੀਂ ਇਸਦੇ ਬਾਰੇ ਵਿੱਚ ਥੋੜਾ ਹੋਰ ਜਾਣਾਂਗੇ।

9 ਅਤੇ ਮੈਂ ਬਸ ਇਹ ਲੱਭਿਆ ਹੈ। ਹੁਣ ਮੈਂ ਸਮਝਦਾ ਹਾਂ ......ਤੁਸੀਂ ਬਿਮਾਰੀ ਦੇ ਵਾਰੇ ਵਿੱਚ ਗੱਲਾਂ ਕਰ ਰਹੇ ਹੁੰਦੇ ਹੋ ਤਦ ਇਹ ਹੁੰਦਾ ਹੈ -ਫਿਰ ਇਹ ਆਉਂਦਾ ਹੈ ਕਿ ਮੈਂ ਠੀਕ ਇਸ ਔਰਤ ਨੂੰ ਇੱਥੇ ਬੈਠੇ ਵੇਖਦਾ ਹਾਂ ਜੇ ਕੋਈ ਉਸਦੀ ਮੱਦਦ ਨਹੀਂ ਕਰਦਾ ਹੈ ਤਾਂ ਉਹ ਇੱਥੇ ਬਹੁਤ ਜਿਆਦਾ ਦੇਰ ਤੱਕ ਨਹੀਂ ਬਲਕਿ ਥੋੜੇ ਹੀ ਸਮੇਂ ਲਈ ਰਹਿਣ ਜਾ ਰਹੀ ਹੈ। ਇਸ ਲਈ ਹੁਣ ਵੇਖੋ ਕਿ ਪਵਿੱਤਰ ਆਤਮਾ ਸੱਭ ਕੁਝ ਜਾਣਦਾ ਹੈ। ਇਸ ਲਈ ਉਹ .......

10 ਪ੍ਰੰਤੂ ਵੇਖੋ ? ਮੈਂ ਇਸ ਸਮੇਂ ਨੂੰ ਇਹਨਾਂ ਮੋਹਰਾਂ ਲਈ ਲਗਾਉਣ ਦੀ ਕੋਸ਼ਿਸ਼ ਕੀਤੀ ਹੈ ਕਿਉਂਕਿ ਅਸੀਂ ਇਸ ਸਮੇਂ ਨੂੰ ਇਹਦੇ ਲਈ ਹੀ ਰੱਖਿਆ ਹੈ। ਤੁਸੀਂ ਸਮਝੇ ?ਪਰ ਜੇਕਰ .......

11 ਇੱਥੇ ਕਿੰਨੇ ਬਿਮਾਰ ਹਨ ਜਿਹੜੇ ਦੁਆ ਕਰਾਉਣ ਲਈ ਆਏ ਹਨ? ਆਓ ਅਸੀਂ ਤੁਹਾਡੇ ਹੱਥਾਂ ਨੂੰ ਵੇਖੀਏ, ਸਾਰੇ ਪਾਸੇ ਉੱਪਰ ਹੱਥ ਉੱਠੇ ਹੋਏ ਹਨ। ਔਹ, ਹਾਂ। ਕਿੰਨੇ ਲੋਕ ਇਹ ਸੋਚਦੇ ਹਨ ਕਿ ਇਹ ਠੀਕ ਹੋਵੇਗਾ -ਇਹ ਪ੍ਰਭੂ ਦੀ ਮਰਜੀ ਹੋਵੇਗੀ ਕਿ ਅਸੀਂ ਇੱਥੇ ਠਹਿਰੀਏ ਅਤੇ ਸੋਮਵਾਰ ਰਾਤ ਨੂੰ ਬਿਮਾਰਾਂ ਲਈ ਦੁਆ ਕਰੀਏ-ਸੋਮਵਾਰ ਰਾਤ ਨੂੰ ਚੰਗਾਈ ਸਭਾ ਕਰੀਏ। ਕੀ ਤੁਸੀਂ ਇਹ ਕਰਨਾ ਚਾਹੁਦੇ ਹੋ? ਕੀ ਤੁਸੀਂ ਇਹ ਕਰ ਸੱਕਦੇ ਹੋ? ਠੀਕ ਹੈ, ਜੇ ਪ੍ਰਭੂ ਦੀ ਮਰਜੀ ਹੋਈ ਤਾਂ ਅਸੀਂ



ਉੱਥੇ ਮਨੁੱਖੀ ਪਿਆਰ ਵਾਲਾ ਭਾਗ ਬਿਲਕੁੱਲ ਵੀ ਨਹੀਂ ਹੋਵੇਗਾ। ਉੱਥੇ ਈਰਖਾ ਵਰਗੀ ਕੋਈ ਚੀਜ਼ ਨਹੀਂ ਹੈ। ਉੱਥੇ ਤੁਹਾਨੂੰ ਇਸ ਤਰ੍ਹਾਂ ਦੀ ਕਿਸੇ ਗੱਲ ਦਾ ਪਤਾ ਨਹੀਂ ਹੋਵੇਗਾ। ਸਮਝੇ?ਅਤੇ ਉੱਥੇ ਰਹਿਣ ਲਈ ਤੁਸੀਂ ਪਿਆਰੇ ਜਿਹੇ ਜਵਾਨ ਆਦਮੀ ਅਤੇ ਪਿਆਰੀ ਜਿਹੀ ਜਵਾਨ ਇਸਤਰੀ ਹੋਵੋਗੇ।

ਅਤੇ ਫਿਰ ਮੈਂ --ਉਹਨੇ ਕਿਹਾ, "ਬਿਲ, ਹੁਣ ਮੈਂ ਇਹ ਸਮਝ ਗਈ ਹਾਂ। "

ਮੈਂ ਕਿਹਾ, "ਹਾਂ ਜੀ। "

452 ਮੈਂ ਤੁਹਾਨੂੰ ਇੱਕ ਛੋਟੀ ਜਿਹੀ ਗੱਲ ਜੋ ਵਾਪਰੀ ਦੱਸਣਾ ਚਾਹੁੰਦਾ ਹਾਂ। ਇਹ ਇੱਕ ਸੁਪਨਾ ਸੀ। ਮੈਂ ਸੁੱਤਾ ਪਿਆ ਸੀ। ਮੈਂ ਇਹਨੂੰ ਪਹਿਲਾਂ ਲੋਕਾਂ ਦੇ ਸਾਹਮਣੇ ਨਹੀਂ ਦੱਸਿਆ ਹੈ। ਮੈਂ ਇਹ ਕੁਝ ਲੋਕਾਂ ਨੂੰ ਤਾਂ ਦੱਸਿਆ ਸੀ ਪਰ ਜਿੱਥੋਂ ਤੱਕ ਮੈਂ ਜਾਣਦਾ ਹਾਂ ਮੈਂ ਇਹਨੂੰ ਆਮ ਜਨਤਾ ਵਿੱਚ ਨਹੀਂ ਦੱਸਿਆ ਹੈ।

453 ਮੈਂ ਉਸਦੇ ਲੱਗ-ਭੱਗ ਇੱਕ ਮਹੀਨੇ ਬਾਦ ਇੱਕ ਸੁਪਨਾ ਵੇਖਿਆ, ਕਿ ਮੈਂ ਖੜਾ ਹਾਂ ਅਤੇ ਮੈਂ ਉਸ ਮਹਾਨ ਸਮੇਂ ਨੂੰ ਵੇਖ ਰਿਹਾ ਸੀ......ਹੁਣ ਨਿਆਂ ਨੂੰ ਨਹੀਂ। ਮੈਂ ਇਹ ਵਿਸ਼ਵਾਸ਼ ਨਹੀਂ ਕਰਦਾ ਕਿ ਕਲੀਸਿਯਾ --ਮੇਰਾ ਮਤਲਬ ਹੈ ਕਿ ਲਾੜੀ ਕਦੇ ਨਿਆਂ ਵਿੱਚ ਜਾਵੇਗੀ। ਵੇਖੋ, ਪਰ ਮੈਂ ਉਸ ਸਮੇਂ ਉੱਥੇ ਸੀ ਜਦ ਮੁਕਟ ਦਿੱਤੇ ਜਾ ਰਹੇ ਸਨ। ਅਤੇ ਉੱਥੇ ਇੱਕ ਬਹੁਤ ਵੱਡਾ ਸਿੰਘਾਸਣ ਲੱਗਾ ਹੋਇਆ ਸੀ। ਯਿਸੂ ਅਤੇ ਲੇਖਾ ਰੱਖਣ ਵਾਲਾ ਸਵਰਗ ਦੂਤ ਅਤੇ ਬਾਕੀ ਹੋਰ ਉੱਥੇ ਖੜੇ ਸਨ। ਅਤੇ ਉੱਥੇ ਹਾਥੀ ਦੰਦ ਦੀਆਂ ਚਿੱਟੇ ਰੰਗ ਦੀਆਂ ਪੌੜੀਆਂ ਹੇਠਾਂ ਨੂੰ ਆ ਰਹੀਆਂ ਸਨ ਅਤੇ ਇਸ ਤਰ੍ਹਾਂ ਦਾ ਗੋਲ ਧਾਰੇ ਵਰਗਾ ਦ੍ਰਿਸ਼ ਬਣਾਉਂਦੀਆਂ ਸਨ ਅਤੇ ਬਾਹਰ ਨੂੰ ਨਿੱਕਲੀਆਂ ਹੋਈਆਂ ਸਨ, ਤਾਂ ਕਿ ਉਹ ਸਾਰੀ ਮਹਾਨ ਸੈਨਾ ਜੋ ਕਿ ਉੱਥੇ ਖੜੀ ਸੀ ਇਹ ਵੇਖ ਸਕੇ ਕਿ ਉੱਥੇ ਕੀ ਹੋ ਰਿਹਾ ਹੈ।

454 ਅਤੇ ਮੈਂ ਬਿਲਕੁੱਲ ਪਿੱਛੇ ਇੱਕ ਨੁੱਕਰ ਵਿੱਚ ਖੜਾ ਸੀ। ਬਸ ਮੈਂ ਤਾਂ ਉੱਥੇ ਖੜਾ ਸੀ, ਅਤੇ ਇਹ ਮੇਰੇ ਖਿਆਲ ਵਿੱਚ ਵੀ ਨਹੀਂ ਸੀ ਕਿ ਮੈਂ ਉਸ ਪੌੜੀ ਤੇ ਚੜਾਂਗਾ। ਮੈਂ ਉੱਥੇ ਖੜਾ ਸੀ। ਮੈਂ ਵੇਖਿਆ......

455 ਲੇਖਾ ਰੱਖਣ ਵਾਲਾ ਸਵਰਗਦੂਤ ਕਿਸੇ ਦਾ ਨਾਉਂ ਲੈ ਕੇ ਪੁਕਾਰਦਾ, ਅਤੇ ਮੈਂ ਜਾਣ ਜਾਂਦਾ ਅਤੇ ਉਸ ਨਾਮ ਨੂੰ ਪਛਾਣ ਲੈਂਦਾ ਸਾਂ। ਮੈਂ ਉੱਥੇ ਪਿਛਾਂਹ ਵੇਖਿਆ ਕਿ ਉੱਥੇ ਇੱਕ ਭਾਈ ਇੱਕ ਭੈਣ ਦੇ ਨਾਲ ਤੁਰਦਾ ਹੋਇਆ ਉਸੇ ਤਰ੍ਹਾਂ ਹੀ ਤੁਰ ਕੇ ਉੱਥੇ ਆਇਆ ਜਿਵੇਂ ਕੋਈ ਆਦਮੀ ਤੁਹਾਡੇ ਕੋਲ ਆਉਂਦਾ ਹੈ। ਲੇਖਾ ਰੱਖਣ ਵਾਲਾ ਸਵਰਗ ਦੂਤ ਮਸੀਹ ਦੇ ਇੱਕ ਪਾਸੇ ਖੜਾ ਸੀ ਅਤੇ ਮੈਂ ਇਹ ਵੇਖ ਰਿਹਾ ਸੀ। (ਹੁਣ ਯਾਦ ਰੱਖੋ ਇਹ ਸਿਰਫ ਇੱਕ ਸੁਪਨਾ ਸੀ)ਅਤੇ ਉਹਨਾਂ ਦਾ ਨਾਮ ਉੱਥੇ ਸੀ, ਉਹਨਾਂ ਦਾ ਨਾਮ ਜੀਵਨ ਦੀ ਪੋਥੀ ਵਿੱਚ ਸੀ,ਅਤੇ ਮਸੀਹ ਉਹਨਾਂ ਦੇ ਵੱਲ ਵੇਖਦਾ ਅਤੇ ਆਖਦਾ, "ਸ਼ਬਾਸ਼ ਮੇਰੇ ਚੰਗੇ ਅਤੇ ਵਫਾਦਾਰ ਸੇਵਾਦਾਰ, ਹੁਣ ਅੰਦਰ ਦਾਖਲ ਹੋ ਜਾਹ। "

456 ਮੈਂ ਉੱਥੇ ਪਿੱਛੇ ਨਿਗਾਹ ਮਾਰੀ ,ਜਿੱਥੇ ਉਹ ਜਾ ਰਹੇ ਸਨ। ਉੱਥੇ ਇੱਕ ਨਵਾਂ ਸੰਸਾਰ ਅਤੇ ਖੁਸ਼ੀਆਂ ਸਨ। ਅਤੇ ਉਸਨੇ ਕਿਹਾ, " ਪ੍ਰਭੂ ਦੇ ਅਨੰਦ ਵਿੱਚ ਭਾਗੀਦਾਰ ਹੋਵੋ ਜੋ ਜਗਤ ਦੀ ਉਤਪਤੀ ਤੋਂ ਪਹਿਲਾਂ ਦਾ ਤੁਹਾਡੇ ਲਈ ਹੈ। " ਸਮਝੇ? ਅਤੇ ਔਹ, ਮੈਂ ਸੋਚਿਆ ......ਉਹ ਉੱਥੇ ਜਾਂਦੇ ਅਤੇ ਇੱਕ ਦੂਜੇ ਦੇ ਨਾਲ ਮਿਲਦੇ ਅਤੇ ਉਹ ਬਸ ਅਨੰਦ ਮਨਾ ਰਹੇ ਸਨ, ਅਤੇ ਪਹਾੜਾਂ ਅਤੇ ਵੱਡੇ-ਵੱਡੇ ਸਥਾਨਾਂ ਦੇ ਉੱਪਰ ਦੀ ਜਾ ਰਹੇ ਸਨ।

446 ਮੈਾਂ ਕਿਹਾ, "ਹੁਣ ਪਿਆਰੀਏ ਬਹਿ ਜਾਹ, ਮੈਂ ਤੈਨੂੰ ਕੁਝ ਸਮਝਾਉਂਦਾ ਹਾਂ। " ਮੈਂ ਕਿਹਾ, "ਹੁਣ ਮੈਂ ਜਾਣਦਾ ਹਾਂ ਕਿ ਤੂੰ ਮੇਰੇ ਨਾਲ ਪਿਆਰ ਕਰਦੀ ਹੈਂ ਅਤੇ ਤੂੰ ਜਾਣਦੀ ਹੈਂ ਕਿ ਮੈਂ ਵੀ ਤੈਨੂੰ ਕਿੰਨਾ ਪਿਆਰ ਕਰਦਾ ਹਾਂ ਅਤੇ ਤੇਰਾ ਕਿੰਨਾ ਆਦਰ ਅਤੇ ਸਨਮਾਨ ਕਰਦਾ ਹਾਂ। ਹੁਣ ਤੂੰ ਉਦਾਹਰਨ ਲਈ ਵੇਖ, ਕੀ ਹੋਵੇ ਜੇ ਮੈਂ ਚੰਗੀ ਤਰ੍ਹਾਂ ਕੱਪੜੇ ਪਾ ਕੇ ਹੇਠਾਂ ਸ਼ਹਿਰ ਵਿਚ ਜਾਵਾਂ ਅਤੇ ਕੋਈ ਵੇਸ਼ਵਾ ਜੋ ਕਿ ਬਹੁਤ ਸੋਹਣੀ ਹੈ ਆਏ ਅਤੇ ਅਪਣੀਆਂ ਬਾਹਾਂ ਨੂੰ ਮੇਰੇ ਦੁਆਲੇ ਪਾਵੇ ਅਤੇ ਕਹੇ, "ਔਹ, ਭਾਈ ਬ੍ਰਾਨਹਾਮ, ਮੈਂ ਯਕੀਨਨ ਤੇਰੇ ਨਾਲ ਪਿਆਰ ਕਰਦੀ ਹਾਂ ਅਤੇ ਮੇਰੇ ਦੁਆਲੇ ਆਪਣੀਆਂ ਬਾਹਾਂ ਪਾਉਣਾ ਅਤੇ ਗਲੇ ਲੱਗਣਾ ਸ਼ੁਰੂ ਕਰ ਦੇਵੇ। ਤੂੰ ਕੀ ਸੋਚੇਂਗੀ?"।

ਉਹਨੇ ਕਿਹਾ, "ਮੈਂ ਨਹੀਂ ਸੋਚਦੀ ਕਿ ਮੈਂ ਇਹਨੂੰ ਬਹੁਤ ਚੰਗੀ ਤਰ੍ਹਾਂ ਪਸੰਦ ਕਰਾਂ। "

447 ਅਤੇ ਮੈਂ ਕਿਹਾ, ਮੈਂ ਤੇਰੇ ਕੋਲੋਂ ਕੁਝ ਪੁੱਛਣਾ ਚਾਹੁੰਦਾ ਹਾਂ। ਕੀ ਤੂੰ ....ਜੇ ਮੁਕਾਬਲਾ ਹੋਵੇ ਤਾਂ ਤੂੰ ਕਿਹਨੂੰ ਵੱਧ ਪਿਆਰ ਕਰਦੀ ਹੈਂ, ਮੈਨੂੰ ਜਾਂ ਪ੍ਰਭੂ ਯਿਸੂ ਨੂੰ?" ਹੁਣ ਇਹ ਤਾਂ ਬਸ ਇੱਕ ਪਰਿਵਾਰਕ ਗੱਲ ਬਾਤ ਸੀ।

448 ਅਤੇ ਉਸਨੇ ਆਖਿਆ, "ਪ੍ਰਭੂ ਯਿਸੂ ਨੂੰ। " ਪਰ ਹਾਂ ਬਿਲ, ਮੈਂ ਤੇਰੇ ਨਾਲ ਏਨਾ ਪਿਆਰ ਕਰਦੀ ਹਾਂ, ਪ੍ਰੰਤੂ ਤਦ ਵੀ ਪ੍ਰਭੂ ਨੂੰ ਛੱਡਣ ਤੋਂ ਪਹਿਲਾਂ ਮੈਂ ਤੈਨੂੰ ਛੱਡ ਦਿਆਂਗੀ। "

449 ਮੈਂ ਕਿਹਾ, " ਧੰਨਵਾਦ ਪਿਅਰੀਏ। ਮੈਂ ਤੇਰੀ ਇਹ ਗੱਲ ਸੁਣ ਕੇ ਬਹੁਤ ਖੁਸ਼ ਹਾਂ। " ਮੈਂ ਕਿਹਾ, "ਕੀ ਹੋਵੇ ਭਲਾ ਜੇ ਉਹ ਹੀ ਔਰਤ ਯਿਸੂ ਦੇ ਕੋਲ ਜਾਏ ਅਤੇ ਆਪਣੀਆਂ ਬਾਹਾਂ ਉਸਦੇ ਦੁਆਲੇ ਪਾ ਦੇਵੇ ਅਤੇ ਕਹੇ, "ਯਿਸੂ ਮੈਂ ਤੇਰੇ ਨਾਲ ਪਿਆਰ ਕਰਦੀ ਹਾਂ। " ਤਾਂ ਤੂੰ ਉਸਦੇ ਬਾਰੇ ਵਿੱਚ ਕੀ ਸੋਚੇਂਗੀ?"

ਉਸਨੇ ਕਿਹਾ, "ਮੈਂ ਇਸ ਗੱਲ ਤੋਂ ਖੁਸ਼ ਹੋਵਾਂਗੀ। "

450 ਵੇਖੋ ਉੱਥੇ ਪਿਆਰ ਫਿਲੀਓ ਤੋਂ ਅਗापा ਵਿੱਚ ਬਦਲ ਜਾਂਦਾ ਹੈ। ਵੇਖੋ ਇਹ ਉੱਚ ਦਰਜੇ ਦਾ ਪਿਆਰ ਹੈ। ਸਮਝੇ? ਉੱਥੇ ਪਤੀ ਪਤਨੀ ਅਤੇ ਬੱਚੇ ਪਾਲਣ ਵਰਗੀ ਕੋਈ ਗੱਲ ਨਹੀਂ ਹੈ। ਇਸਤਰੀ ਲਿੰਗ ਅਤੇ ਪੁਰਸ਼ ਲਿੰਗ ਇਹ ਸੱਭ ਸਮਾਪਤ ਹੋ ਜਾਵੇਗਾ। ਇਹ ਸੱਭ ਗ੍ਰੰਥੀਆਂ ਤਾਂ ਬਸ .....ਉੱਥੇ ਇਹ ਇੱਕੋ ਵਰਗੀਆਂ ਹੀ ਹੋਣਗੀਆਂ। ਵੇਖੋ ਉੱਥੇ ਕੋਈ ਵੀ ਕਾਮ ਵਾਸਨਾ ਵਾਲੀਆਂ ਗ੍ਰੰਥੀਆਂ ਨਹੀਂ ਹੋਣਗੀਆਂ। ਸਮਝੇ? ਤੁਸੀਂ ਬਸ ਹੋਵੋਗੇ .....ਜੀ ਹਾਂ ਸ੍ਰੀਮਾਨ। ਤੁਸੀਂ ਜਰਾ ਆਪਣੇ ਆਪ ਨੂੰ ਕਾਮ ਵਾਸਨਾ ਦੀਆਂ ਗ੍ਰੰਥੀਆਂ ਤੋਂ ਬਗੈਰ ਸੋਚੋ। ਸਾਡੇ ਅੰਦਰ ਇਹਨਾਂ ਗ੍ਰੰਥੀਆਂ ਨੂੰ ਸਿਰਫ ਇਸ ਲਈ ਪਾਇਆ ਗਿਆ ਸੀ ਕਿ ਅਸੀਂ ਧਰਤੀ ਉੱਤੇ ਜਨ-ਸੰਖਿਆਂ ਵਧਾਈਏ। ਪ੍ਰੰਤੂ ਉੱਥੇ ਇਸ ਤਰ੍ਹਾਂ ਦਾ ਕੁਝ ਵੀ ਨਹੀਂ ਹੋਵੇਗਾ। ਨਹੀਂ ਜੀ, ਉੱਥੇ ਨਾ ਤਾਂ ਕੋਈ ਨਰ ਗ੍ਰੰਥੀ ਹੋਵਗੀ ਅਤੇ ਨਾ ਹੀ ਕੋਈ ਮਾਦਾ ਗ੍ਰੰਥੀ ਹੋਵੇਗੀ।

451 ਪਰ ਪ੍ਰਮੇਸ਼ੁਰ ਦੀ ਕਲਾ ਦੀ ਡੀਲ ਡੋਲ ਉੱਥੇ ਹੋਵੇਗੀ। ਇਹ ਬਿਲਕੁੱਲ ਸੱਚਾਈ ਹੈ। ਪਰ ਅਸੀਂ ਸੱਚ ਵਿੱਚ ਅਸਲੀ ਹੋਵਾਂਗੇ। ਉੱਥੇ ਬਿਲਕੁੱਲ ਵੀ ਮਨੁੱਖੀ ਪਿਆਰ ਨਹੀਂ ਹੋਵੇਗਾ ਉੱਥੇ ਤਾਂ ਬਸ ਰੱਬੀ ਪਿਆਰ ਹੀ ਹੋਵੇਗਾ। ਸਮਝੇ? ਇਸ ਲਈ ਪਤਨੀ ਇਸ ਤੋਂ ਵੱਧ ਨਹੀਂ ਹੋਵੇਗੀ ਕਿ ਉਹ ਤੁਹਾਡੇ ਲਈ ਕੋਈ ਪਿਆਰੀ ਜਿਹੀ ਚੀਜ਼ ਹੈ, ਜੋ ਕਿ ਤੁਹਾਡੀ ਹੈ, ਅਤੇ ਉਹ ....ਤੁਸੀਂ ਇੱਕ ਦੂਸਰੇ ਦੇ ਹੋ। ਉੱਥੇ ਪਤੀ ਵਰਗਾ ਕੁਝ ਨਹੀਂ ਹੋਵੇਗਾ......ਨਹੀਂ, ਨਹੀਂ ਇੱਥੋਂ ਤੱਕ ਕਿ ਉੱਥੇ .......ਵੇਖੋ ਕਿ



ਇਹ ਕਰਾਂਗਾ। ਸਮਝੇ? ਅਸੀਂ ਬੀਮਾਰਾਂ ਲਈ ਬੁੱਧਵਾਰ ਜਾਂ ਐਤਵਾਰ ਰਾਤ ਨੂੰ ਜਾਂ .......ਸੋਮਵਾਰ ਰਾਤ ਨੂੰ ਦੁਆ ਵਾਲੀ ਸਭਾ ਕਰਾਂਗੇ ਅਤੇ ਬੀਮਾਰਾਂ ਲਈ ਦੁਆ ਕਰਾਂਗੇ।

12 ਹੁਣ ਮੈਂ ਨਿਹਚਾ ਕਰਦਾ ਹਾਂ ਕਿ ਇਹ ਗੱਲ ਉਸ ਸਮੂਹ ਲਈ ਜਿਹਨਾਂ ਦੇ ਨਾਲ ਮੈਂ ਵਾਪਿਸ ਅਰੀਜੋਨਾ ਜਾ ਰਿਹਾ ਹਾਂ ਕੋਈ ਰੁਕਾਵਟ ਨਹੀਂ ਬਣੇਗੀ। ਭਾਈ ਨਾੱਰਮਨ ਕੀ ਉਹ ਇੱਥੇ ਕਿਤੇ ਹਨ? [ਭਾਈ ਜੀਨ ਨਾੱਰਮਨ ਆਖਦੇ ਹਨ, "ਨਹੀਂ।"-ਸੰਪਾ] ਭਾਈ ਫਰੈਡ ਅਤੇ ਤੁਹਾਡੇ ਬਾਕੀ ਸਾਰਿਆਂ ਲਈ ਕੀ ਇਹ ਕਰਨਾ ਠੀਕ ਹੋਵੇਗਾ? [ਦੂਸਰੇ ਆਖਦੇ ਹਨ, "ਠੀਕ ਹੈ।"] ਸਮਝੇ? ਠੀਕ ਹੈ, ਇੰਝ ਕਰਨਾ ਠੀਕ ਹੈ।

13 ਇਸ ਲਈ ਜੇ ਪ੍ਰਭੂ ਦੀ ਮਰਜੀ ਹੋਈ ਤਾਂ ਸੋਮਵਾਰ ਦੀ ਰਾਤ ਅਸੀਂ ਬਿਮਾਰਾਂ ਲਈ ਦੁਆ ਕਰਾਂਗੇ। ਇੱਕ ਰਾਤ ਇਸ ਕੰਮ ਲਈ, ਬਿਮਾਰਾਂ ਲਈ ਦੁਆ ਕਰਨ ਲਈ ਰੱਖੀ ਹੋਈ ਹੈ। ਹੁਣ ਕੋਈ ਹੋਰ ਮੋਹਰ ਬਾਕੀ ਨਹੀਂ ਰਹੇਗੀ। ਖੁਦਾ ਨੇ ਇਹ ਮੋਹਰਾਂ ਖੋਲ੍ਹ ਦਿੱਤੀਆਂ ਹਨ ਅਤੇ ਸੋਮਵਾਰ ਰਾਤ ਨੂੰ ਅਸੀਂ ਬਿਮਾਰਾਂ ਲਈ ਦੁਆ ਕਰਾਂਗੇ।

14 ਹੁਣ .....ਔਹ, ਮੈਂ ਇਹਨਾਂ ਮੋਹਰਾਂ ਦੇ ਅਧੀਨ ਪ੍ਰਭੂ ਦੀ ਸੇਵਾ ਕਰਦਿਆਂ ਮੈਂ ਇਹਦਾ ਅਨੰਦ ਬੜੇ ਚੰਗੇ ਢੰਗ ਨਾਲ ਮਾਣ ਰਿਹਾ ਹਾਂ। ਕੀ ਤੁਸੀਂ ਇਹਦਾ -ਇਹਨਾਂ ਮੋਹਰਾਂ ਦੇ ਖੁੱਲ੍ਹਣ ਦਾ ਅਨੰਦ ਲਿਆ ਹੈ? [ਸੰਗਤ ਆਖਦੀ ਹੈ, "ਆਮੀਨ।" -ਸੰਪਾ]

15 ਹੁਣ, ਇਸ ਸਮੇਂ ਅਸੀਂ ਪੰਜਵੀਂ ਮੋਹਰ ਵਿੱਚੋਂ --ਜਾਂ ਛੇਵੀਂ ਮੋਹਰ ਵਿੱਚੋਂ ਬੋਲ ਰਹੇ ਹਾਂ। ਅਤੇ ਇਹ ਪ੍ਰਕਾਸ਼ ਦੀ ਪੋਥੀ 6ਵੇਂ ਬਾਬ ਦੀ 12 ਆਇਤ ਤੋਂ 17 ਵੀਂ ਆਇਤ ਤੱਕ ਹੈ। ਇਹ ਮੋਹਰਾਂ ਵਿੱਚੋਂ ਲੰਬੀ ਮੋਹਰ ਹੈ, ਇਸ ਦੇ ਵਿੱਚ ਕਈ ਘਟਨਾਵਾਂ ਘਟਦੀਆਂ ਹਨ।

16 ਅਤੇ ਹੁਣ ....ਅਸੀਂ ਕੱਲ ਰਾਤ ਵਾਲੀ ਮੋਹਰ ਬਾਰੇ ਥੋੜਾ ਦੁਹਰਾਉਂਦੇ ਹਾਂ, ਹਰ ਵਾਰ ਮੈਂ ਪਿਛਲੀਆਂ ਗੱਲਾਂ ਨੂੰ ਥੋੜਾ ਜਿਹਾ ਦੁਹਰਾਉਂਦਾ ਹਾਂ।

17 ਅਤੇ ਮੈਂ ਇਹ ਕਹਾਂਗਾ ਕਿ ਮੈਂ ਵੀ ਕੁਝ ਆਖਣਾ ਚਾਹੁੰਦਾ ਹਾਂ। ਮੈਨੂੰ ਉਸ ਡੱਬੇ ਵਿੱਚੋਂ ਚਾਰ ਜਾਂ ਪੰਜ ਬਹੁਤ ਹੀ ਮਹੱਤਵਪੂਰਨ ਚੀਜ਼ਾਂ ਮਿਲੀਆਂ ਹਨ। ਮੈਨੂੰ ਦੱਸਿਆ ਗਿਆ ਹੈ ਕਿ ......ਅਤੇ ਮੈਂ ਜਰੂਰ ਮਾਫੀ ਚਾਹੁੰਦਾ ਹਾਂ। ਕੀ ਟੇਪ ਚੱਲ ਰਹੀ ਹੈ? ਕੀ ਟੇਪ ਚੱਲ ਰਹੀ ਹੈ? ਮੈਂ ਆਪਣੇ ਸੇਵਾਦਾਰ ਭਾਈਆਂ ਕੋਲੋਂ ਅਤੇ ਤੁਸੀਂ ਜੋ ਇੱਥੇ ਹੋ ਮਾਫੀ ਚਾਹੁੰਦਾ ਹਾਂ। ਉਹ ਕਹਿੰਦੇ ਹਨ ਕਿ ਜਦ ਮੈਂ ਦੂਸਰੀ ਰਾਤ ਏਲੀਯਾਹ ਤੇ ਪ੍ਰਚਾਰ ਕਰ ਰਿਹਾ ਸੀ ਤਾਂ, ਜਦ ਉਹ ਉਸ ਸਮੇਂ ਤੇ ਸਨ .....ਉਸਨੇ ਸੋਚਿਆ ਸੀ ਕਿ ਸਿਰਫ ਉਹ ਹੀ ਇੱਕ ਇਕੱਲਾ ਰਹਿ ਗਿਆ ਹੈ ਜੋ ਸੁਰਗ ਤੇ ਉਠਾਏ ਜਾਣ ਅਥਵਾ ਰੈਪਚਰ ਵਿੱਚ ਜਾਵੇਗਾ ਜਾਂ ਉਹ ਹੀ ਇੱਕ ਹੈ ਜਿਹੜਾ ਬਚੇਗਾ। ਮੈਂ ਸੱਤ ਹਜਾਰ ਦੀ ਬਜਾਏ ਸੱਤ ਸੌ ਕਿਹਾ ਸੀ। ਕੀ ਇਹ ਠੀਕ ਹੈ? [ਸੰਗਤ ਆਖਦੀ ਹੈ, " ਠੀਕ ਹੈ। "-ਸੰਪਾ] ਸਰੋਤਿਓ ਮੈਨੂੰ ਅਸਲ ਵਿੱਚ ਇਹਦੇ ਲਈ ਦੁੱਖ ਹੈ। ਮੈਂ ਇਹਦੇ ਬਾਰੇ ਵਿੱਚ ਚੰਗੀ ਤਰ੍ਹਾਂ ਜਾਣਦਾ ਸੀ। ਇਹ ਤਾਂ ਬਸ ਜੁਬਾਨ ਦੀ ਗੜਬੜੀ ਹੈ ਪ੍ਰੰਤੂ ਮੈਂ ਚੰਗੀ ਤਰ੍ਹਾਂ ਜਾਣਦਾ ਸੀ ਕਿ ਉਹ ਸੱਤ ਹਜਾਰ ਸਨ। ਮੈਂ ਬਸ ਇਹਨੂੰ ਠੀਕ ਨਹੀਂ ਆਖਿਆ। ਮੈਂ .....ਅਤੇ ਮੈਂ ਤੁਹਾਡਾ ਧੰਨਵਾਦ ਕਰਦਾ ਹਾਂ। ਅਤੇ ਇਸਦਾ ਮਕਸਦ ਇਹ ਹੈ ਕਿ ......ਮੈਂ ਇਸ ਗੱਲ ਤੋਂ ਖੁਸ਼ ਹਾਂ ਕਿ ਜੋ ਮੈਂ ਕਹਿੰਦਾ ਹਾਂ ਤੁਸੀਂ ਉਹਦੇ ਤੇ ਧਿਆਨ ਦੇ ਰਹੇ ਹੋ। ਅਤੇ ਤੁਸੀਂ ਵੇਖੋ ਜਦ ਇਹ ਸੀ .....ਇਹ ਸੱਤ ਹਜਾਰ ਹੀ ਹਨ।

18 ਇਹਦੇ ਤੇ ਮੈਨੂੰ ਦੋ ਜਾਂ ਤਿੰਨ ਪਰਚੀਆਂ ਮਿਲੀਆਂ ਹਨ। ਜਿਹਦੇ ਵਿੱਚ ਕਿਹਾ ਗਿਆ ਹੈ, "ਭਾਈ ਬ੍ਰਾਨਹਾਮ, ਮੈਂ ਸੋਚਦਾ ਹਾਂ ਕਿ ਤੁਸੀਂ ਗਲਤ ਕਿਹਾ ਸੀ, ਕੀ ਉਹ ਸੱਤ ਸੌ ਦੀ ਬਜਾਏ ਸੱਤ ਹਜਾਰ ਨਹੀਂ ਸਨ?"

19 ਮੈਂ ਸੋਚਿਆ, "ਯਕੀਨਨ ਹੀ ਮੈਂ ਸੱਤ ਸੌ ਨਹੀਂ ਕਿਹਾ ਸੀ ", ਸਮਝੇ? ਅਤੇ ਫਿਰ ਮੈਂ.... ਬਿਲੀ.....

20 ਅਤੇ ਤੁਸੀਂ ਜਾਣਦੇ ਹੋ ਕਿ ਇਸ ਤੋਂ ਬਾਦ ਮੈਂ ਸੱਭ ਤੋਂ ਪਹਿਲਾਂ ਕੰਮ ਇਹ ਹੀ ਕੀਤਾ ਕਿ ਮੈਂ ਇੱਕ ਹੋਰ ਪਰਚੀ ਨੂੰ ਚੁੱਕਿਆ ਅਤੇ ਇਸ ਵਿੱਚ ਕਿਹਾ ਗਿਆ ਸੀ, "ਭਾਈ ਬ੍ਰਾਨਹਾਮ, ਤੁਸੀਂ ......ਮੈਂ ਵਿਸ਼ਵਾਸ਼ ਕਰਦਾ ਹਾਂ ਕਿ ਤੁਸੀਂ ਸੱਤ ਸੌ ਆਖਿਆ ਸੀ। "

21 ਅਤੇ ਇੱਕ ਅਦਮੀਂ ਨੇ ਕਿਹਾ, " ਭਾਈ ਬ੍ਰਾਨਹਾਮ, ਕੀ ਉਹ ਆਤਮਿਕ ਦਰਸ਼ਣ ਸੀ ਕਿ ਬਸ ਇੱਕ ਨਮੂਨਾ ਹੋਣ ਜਾ ਰਿਹਾ ਹੈ ਅਤੇ ਤੁਸੀਂ ਇਹਦਾ ਨਮੂਨਾ ਉਹਨਾਂ ਸੱਤਾਂ ਨਾਲ ਵਿਖਾ ਰਹੇ ਸੀ...." ਜਦ ਤੁਸੀਂ ਇਹਨਾਂ ਗੱਲਾਂ ਬਾਰੇ ਸੋਚਦੇ ਹੋ ਤਾਂ ਤਾਂ ਇਹ ਗੱਲ ਲੋਕਾਂ ਨੂੰ ਇੱਕ ਹੱਦ ਤੱਕ ਲੈ ਆਉਂਦੀ ਹੈ। ਸਮਝੇ? ਅਤੇ ਇਹ ਮੇਰੇ ਲਈ ਕਾਫੀ ਹੈ ਕਿ ਇਸਨੇ ਮੈਨੂੰ ਵੀ ਇੱਕ ਬੰਨੇ ਲਾ ਦਿੱਤਾ ਹੈ।

22 ਅੱਜ ਜਦ ਇਹ ਮੋਹਰ ਪ੍ਰਗਟ ਹੋਈ ਤਾਂ ਕੋਈ ਘਟਨਾ ਘਟੀ ਸੀ ਕਿ ਮੈਨੂੰ ਪੂਰੇ ਤੌਰ ਨਾਲ ਬਾਹਰ ਵੇਹੜੇ ਵਿੱਚ ਘੁੰਮਣਾ ਪਿਆ, ਮੈਂ ਥੋੜੀ ਦੇਰ ਲਈ ਛੋਟੇ ਜਿਹੇ ਵਿਹੜੇ ਵਿੱਚ ਘੁੰਮਿਆ। ਇਹ ਸੱਚ ਹੈ। ਇਸਨੇ ਲੱਗ-ਭੱਗ ਮੇਰੇ ਸਾਹ ਨੂੰ ਹੀ ਮੇਰੇ ਵਿੱਚੋਂ ਖਿੱਚ ਲਿਆ। ਸਮਝੇ? ਤੁਸੀਂ ਤਨਾਵ ਦੀ ਗੱਲ ਕਰਦੇ ਹੋ? ਔਹ, ਮੇਰੇ ਪ੍ਰਭੂ !ਵੇਖਿਆ?

23 ਵੇਖੋ, ਇੱਕ ਗੱਲ ਹੋਰ ਹੈ ਕਿ ਤੁਸੀਂ ਉਹਦੇ ਉੱਤੇ ਟਿਕੇ ਹੋਏ ਹੋ ਜੋ ਮੈਂ ਆਖਦਾ ਹਾਂ। ਜੋ ਵੀ ਮੈਂ ਤੁਹਾਨੂੰ ਦੱਸਦਾ ਹਾਂ ਉਹਦੇ ਲਈ ਖੁਦਾ ਮੈਨੂੰ ਜੁੰਮੇਵਾਰ ਠਹਿਰਾਏਗਾ। ਸਮਝੇ?ਇਸ ਲਈ ਇਹਨਾਂ ਗੱਲਾਂ ਦੇ ਵਾਰੇ ਵਿੱਚ ਮੈਨੂੰ ਪੂਰੀ ਤਰ੍ਹਾਂ ਪੱਕਾ ਹੋਣਾ ਚਾਹੀਦਾ ਹੈ ਜਿੰਨਾ ਕਿ ਮੈਂ ਪੱਕਾ ਹੋ ਸੱਕਦਾ ਹਾਂ ਕਿਉਂਕਿ ਇਹ ਬੜਾ ਹੀ ਡਾਢਾ ਸਮਾਂ ਹੈ ਜਿਹਦੇ ਵਿੱਚ ਅਸੀਂ ਰਹਿ ਰਹੇ ਹਾਂ। ਜੀ ਹਾਂ।

24 ਮੈਂ ਸੋਮਵਾਰ ਰਾਤ ਨੂੰ ਚੰਗਾਈ ਸਭਾ ਕਰਨ ਬਾਰੇ ਸੋਚ ਰਿਹਾ ਸੀ। ਭਾਈ ਨੇਵਿਲ, ਕੀ ਇਹਦੇ ਨਾਲ ਤੁਹਾਨੂੰ ਕੋਈ ਵਿਘਨ ਤਾਂ ਨਹੀਂ ਪੈਂਦਾ? [ਭਾਈ ਨੇਵਿਲ ਆਖਦੇ ਹਨ, "ਕੋਈ ਗੱਲ ਨਹੀਂ। ਮੈਂ ਇੱਥੇ ਮੌਜੂਦ ਹੋਵਾਂਗਾ। "-ਸੰਪਾ] ਇਹ ਵਧੀਆ ਗੱਲ ਹੈ।

25 ਬੇਸ਼ਕੀਮਤੀ ਭਾਈ ਨੇਵਿਲ, ਮੈਂ ਤੁਹਾਨੂੰ ਦੱਸਦਾ ਹਾਂ ਕਿ ਉਹਨਾਂ --ਨੇ ਇੱਕ ਹੀ ਨਮੂਨਾ ਬਣਾਇਆ ਸੀ ਅਤੇ ਮੈਂ ਸੋਚਦਾ ਹਾਂ ਕਿ ਉਹਨਾਂ ਨੇ ਉਹ ਵੀ ਗੁਆ ਦਿੱਤਾ ਹੈ। ਮੈਂ ਤੁਹਾਨੂੰ ਦੱਸਦਾ ਹਾਂ ਕਿ ਉਹ ਮੇਰੇ ਪੱਕੇ ਹਮਾਇਤੀ ਅਤੇ ਮਿੱਤਰ ਰਹੇ ਹਨ।

26 ਹੁਣ ਭਵਨ ਉਸਾਰਿਆ ਜਾ ਚੁੱਕਾ ਹੈ ਅਤੇ ਸੰਡੇ ਸਕੂਲ ਦੇ ਕਮਰੇ ਅਤੇ ਬਾਕੀ ਸੱਭ ਕੁਝ ਤਿਆਰ ਅਤੇ ਬਿਵਸਥਾ ਅਨੁਸਾਰ ਹੈ। ਅਤੇ ਤੁਹਾਡੇ ਵਿੱਚੋਂ ਕੁਝ ਲੋਕ ਜੋ ਇੱਥੇ ਨੇੜੇ ਦੇ ਹਨ -ਜਿਹੜੇ ਜੈਫਰਸਿਨਵਿਲੇ ਦੇ ਲਾਗੇ ਦੇ ਹਨ ਅਤੇ ਭਵਨ ਵਿੱਚ ਆਉਣਾ ਚਾਹੁੰਦੇ ਹਨ, ਤੁਹਾਡੇ ਆਉਣ ਲਈ ਇੱਕ ਸੁੰਦਰ ਜਗ੍ਹਾ ਹੈ ਜਿੱਥੇ ਸੰਡੇ ਸਕੂਲ ਲਈ ਵੀ ਕਮਰੇ ਹਨ।



ਡਾਢਾ ਅਤੇ ਸ਼ਾਨਦਾਰ ਹੋਵੇਗਾ। ਮੈਂ ਸੋਚਦਾ ਹਾਂ ਕਿ ਇਹ ਹੀ ਠੀਕ ਹੋਵੇਗਾ ਕਿ ਮੈਂ ਇਹਨੂੰ ਹੁਣੇ ਕਹਿ ਦਿਆਂ ਜੋ ਮੈਂ ਕਹਿਣਾ ਚਾਹੁੰਦਾ ਹਾਂ। ਮੈਂ .....ਇਹ ਗੱਲ ਸਿਰਫ ਸਾਡੇ ਲਈ ਹੈ। ਮੈਂ ਤਾਂ ਬਸ....

439 ਤੁਸੀਂ ਜਾਣਦੇ ਹੋ ਕਿ ਮੇਰੀ ਇੱਕ ਪਤਨੀ ਹੈ ਜਿਹਦੇ ਨਾਲ ਮੈਂ ਪਿਆਰ ਕਰਦਾ ਹਾਂ ਅਤੇ ਉਹ ਮੀਡਾ ਹੈ। ਮੈਂ ਤਾਂ ਆਪਣੀ ਪਹਿਲੀ ਪਤਨੀ ਦੇ ਪਿਆਰ ਦੇ ਕਾਰਨ ਸ਼ਾਇਦ ਉਹਦੇ ਨਾਲ ਵਿਆਹ ਵੀ ਨਾ ਕਰਦਾ। ਅਤੇ ਹੁਣ ਤਾਂ ਮੈਂ ਉਹਦੀ ਜਿੰਨੀ ਪ੍ਰਵਾਹ ਕਰ ਸੱਕਦਾ ਉਨੀ ਪ੍ਰਵਾਹ ਕਰਦਾ ਹਾਂ। ਜੇ ਪਰਮੇਸ਼ੁਰ ਨੇ ਮੈਨੂੰ ਉਹਦੇ ਨਾਲ ਵਿਆਹ ਕਰਨ ਨੂੰ ਨਾ ਕਿਹਾ ਹੁੰਦਾ ਤਾਂ ਮੈਂ ਉਹਦੇ ਨਾਲ ਵਿਆਹ ਨਾ ਕੀਤਾ ਹੁੰਦਾ। ਅਤੇ ਤੁਸੀਂ ਇਹਦੀ ਕਹਾਣੀ ਜਾਣਦੇ ਹੋ, ਕਿ ਕਿਵੇਂ ਉਹ ਦੁਆ ਵਿੱਚ ਗਈ ਅਤੇ ਮੈਂ ਵੀ ਦੁਆ ਕੀਤੀ। ਅਤੇ ਫਿਰ ਖੁਦਾ ਨੇ ਹੀ ਮੈਨੂੰ ਦੱਸਿਆ ਕਿ ਮੈਨੂੰ ਬਿਲਕੁੱਲ ਠੀਕ ਠੀਕ ਕੀ ਕਰਨਾ ਹੈ, ਅਤੇ ਖੁਦਾ ਨੇ ਮੈਨੂੰ ਆਖਿਆ, " ਜਾ ਉਹਦੇ ਨਾਲ ਸ਼ਾਦੀ ਕਰ। " ਅਤੇ ਉਸਨੇ ਸਮਾਂ ਵੀ ਦੱਸਿਆ ਕਿ ਕਦ ਉਸਦੇ ਨਾਲ ਵਿਆਹ ਕਰਾਉਣਾ ਹੈ। ਉਹ ਇੱਕ ਬਹੁਤ ਹੀ ਪਿਆਰੀ ਔਰਤ ਹੈ। ਅਤੇ ਅੱਜ ਰਾਤ ਵੀ ਉਹ ਮੇਰੇ ਲਈ ਦੁਆ ਕਰ ਰਹੀ ਹੈ। ਅਤੇ ਇਸ ਵੇਲੇ ਘਰ ਠੀਕ ਅੱਠ ਵੱਜੇ ਹੋਣਗੇ, ਅਤੇ ਸ਼ਾਇਦ ਇਸ ਵੇਲੇ ਉਹ ਮੇਰੇ ਲਈ ਦੁਆ ਕਰ ਰਹੀ ਹੋਵੇ।

440 ਹੁਣ ਧਿਆਨ ਦਿਓ। ਇੱਕ ਦਿਨ ਉਸਨੇ ਮੈਨੂੰ ਕਿਹਾ, " ਬਿਲ ਮੈਂ ਸੁਰਗ ਦੇ ਬਾਰੇ ਵਿੱਚ ਤੁਹਾਡੇ ਕੋਲੋਂ ਇੱਕ ਪ੍ਰਸ਼ਨ ਪੁੱਛਣਾ ਚਾਹੁੰਦੀ ਹਾਂ। "

ਮੈਂ ਕਿਹਾ, "ਠੀਕ ਹੈ, ਮੀਡਾ, ਇਹ ਕੀ ਹੈ?"

ਉਸਨੇ ਕਿਹਾ, "ਤੁਸੀਂ ਜਾਣਦੇ ਹੋ ਕਿ ਮੈਂ ਤੁਹਾਡੇ ਨਾਲ ਪਿਆਰ ਕਰਦੀ ਹਾਂ। "

441 ਅਤੇ ਮੈਂ ਕਿਹਾ, " ਹਾਂ। " ਇਹ ਉਸ ਸਮੇਂ ਤੋਂ ਬਾਦ ਦੀ ਗੱਲ ਹੈ। "

442 ਅਤੇ ਉਸਨੇ ਕਿਹਾ, "ਹੁਣ ਮੇਰਾ ਵਿਚਾਰ ਨਹੀਂ ਕਿ ਮੈਂ ਖਾਰ ਖਾਵਾਂਗੀ। " ਉਹਨੇ ਕਿਹਾ, "ਹੋਪ ਵੀ ਤੁਹਾਡੀ ਪਤਨੀ ਸੀ। " ਅਤੇ ਉਹਨੇ ਕਿਹਾ, "ਹੁਣ ਜਦ ਅਸੀਂ ਸਵਰਗ ਵਿੱਚ ਜਾਵਾਂਗੇ ....ਅਤੇ ਤੁਸੀਂ ਆਖਿਆ ਹੈ ਕਿ ਤੁਸੀਂ ਉਸਨੂੰ ਉੱਥੇ ਵੇਖਿਆ ਹੈ। "

443 ਮੈਂ ਕਿਹਾ, "ਉਹ ਉੱਥੇ ਸੀ। ਮੈਂ ਉਹਨੂੰ ਵੇਖਿਆ ਹੈ। ਮੈਂ ਉਹਨੂੰ ਉੱਥੇ ਦੋ ਵਾਰ ਵੇਖਿਆ ਸੀ।" ਉਹ ਉੱਥੇ ਹੈ। ਉਹ ਮੇਰੇ ਆਉਣ ਦੀ ਉਡੀਕ ਕਰ ਰਹੀ ਹੈ। ਉਸੇ ਤਰ੍ਹਾਂ ....ਉੱਥੇ ਸ਼ੈਰੋਨ ਹੈ। ਮੈਂ ਉਹਨੂੰ ਠੀਕ ਇਸੇ ਤਰ੍ਹਾਂ ਵੇਖਿਆ ਹੈ ਜਿਵੇਂ ਮੈਂ ਤੈਨੂੰ ਵੇਖ ਰਿਹਾ ਹਾਂ। ਮੈਂ ਉਹਨੂੰ ਉਥੇ ਵੇਖਿਆ ਹੈ। ਅਤੇ ਮੈਂ ਕਿਹਾ ......

444 ਅਤੇ ਉਸਨੇ ਕਿਹਾ, "ਅੱਛਾ ਜਦ ਅਸੀਂ ਸੁਰਗ ਵਿੱਚ ਜਾਵਾਂਗੇ ਤਾਂ ਕਿਹੜੀ ਤੁਹਾਡੀ ਪਤਨੀ ਹੋਵੇਗੀ?"

445 ਮੈਂ ਕਿਹਾ, " ਤੁਸੀਂ ਦੋਨੋਂ ਹੀ ਮੇਰੀਆਂ ਪਤਨੀਆਂ ਹੋਵੋਂਗੀਆਂ। ਉੱਥੇ ਕੋਈ ਵੀ ਪਤਨੀ ਨਹੀਂ ਹੋਵੇਗੀ ਫਿਰ ਵੀ ਤੁਸੀਂ ਦੋਨੋਂ ਮੇਰੀਆਂ ਪਤਨੀਆਂ ਹੋਵੋਗੀਆਂ। "

ਉਸਨੇ ਕਿਹਾ, "ਮੈਂ ਇਹਨੂੰ ਨਹੀਂ ਸਮਝ ਸੱਕਦੀ ਹਾਂ। "

434 ਤੁਹਾਨੂੰ ਨਹੀਨ ਪਤਾ ਇਹ ਕਿੰਨਾ ਤਨਾਵ ਹੈ। ਹੁਣ ਮੈਂ ਇਹ ਕਹਿਣਾ ਚਾਹੁੰਦਾ ਹਾਂ। ਮੈਂ ਸੋਚਦਾ ਹਾਂ ਕਿ ਟੇਪ ਬੰਦ ਕਰ ਦਿੱਤੇ ਗਏ ਹਨ। ਬਹੁਤ ਸਾਰੇ ਲੋਕ ਕਹਿੰਦੇ ਹਨ, "ਭਾਈ ਬ੍ਰਾਨਹਾਮ ਉਸ ਤਰ੍ਹਾਂ ਦੀ ਸੇਵਕਾਈ ਦੇ ਨਾਲ ...." (ਮੈਨੂੰ ਸਾਵਧਾਨ ਰਹਿਣ ਦੀ ਲੋੜ ਹੈ ਕਿਉਂਕਿ ਲੋਕ ਉਹਨਾਂ ਟੇਪਾਂ ਨੂੰ ਲੈ ਕੇ, ਉਹਨਾਂ ਦੇ ਟੁਕੜੇ-ਟੁਕੜੇ ਕਰਨ ਦੀ ਕੋਸ਼ਿਸ਼ ਕਰਦੇ ਹਨ। )ਸੋ ਜਦ ਉਹ ਆਖਦੇ ਹਨ, "ਭਾਈ ਬ੍ਰਾਨਹਾਮ, ਕਾਸ਼ ਕਿ ਸਾਡੇ ਕੋਲ ਵੀ ਇਸ ਤਰ੍ਹਾਂ ਦੀ ਸੇਵਾ ਹੁੰਦੀ, " ਤੁਸੀਂ ਨਹੀਂ ਜਾਣਦੇ ਹੋ ਕਿ ਤੁਸੀਂ ਕੀ ਕਹਿ ਰਹੇ ਹੋ। ਭਾਈਓ, ਭੈਣੋ ਤੁਸੀਂ ਇਮਾਨਦਾਰ ਹੋ ਤੁਸੀਂ ਨਹੀਂ ਜਾਣਦੇ ਹੋ ਕਿ ਇਹਦੇ ਨਾਲ ਹੋਰ ਕੀ ਕੀ ਹੁੰਦਾ ਹੈ। ਹੇ ਮੇਰੇ ਪ੍ਰਭੂ !ਜਦ ਲੋਕ ਉਸ ਤੇ ਨਿਰਭਰ ਹੁੰਦੇ ਹਨ ਜੋ ਤੁਸੀਂ ਕਹਿੰਦੇ ਹੋ ਤਾਂ ਇਹ ਕੇਡੀ ਵੱਡੀ ਜੁੰਮੇਵਾਰੀ ਹੁੰਦੀ ਹੈ। ਯਾਦ ਰੱਖੋ ਜੇ ਤੁਸੀਂ ਉਨ੍ਹਾਂ ਨੂੰ ਗਲਤ ਦੱਸਦੇ ਹੋ ਤਾਂ ਪ੍ਰਮੇਸ਼ੁਰ ਉਹਨਾਂ ਦੀਆਂ ਜਾਨਾਂ ਦਾ ਬਦਲਾ ਤੁਹਾਡੇ ਕੋਲੋਂ ਲਵੇਗਾ। ਤਦ ਤੁਸੀਂ ਇਹਦੇ ਬਾਰੇ ਵਿੱਚ ਸੋਚੋ। ਇਹ ਬਹੁਤ ਖਤਰਨਾਕ ਚੀਜ਼ ਹੈ।

435 ਸੋ ਪ੍ਰੇਮੀ ਬਣੇ ਰਹੋ। ਯਿਸੂ ਨੂੰ ਆਪਣੇ ਪੂਰੇ ਦਿਲ ਨਾਲ ਪਿਆਰ ਕਰੋ। ਬਸ ....ਸਾਦਾ ਬਣੇ ਰਹੋ। ਕਿਸੇ ਵੀ ਚੀਜ਼ ਨੂੰ ਉਲੀਕਣ ਦਾ ਯਤਨ ਨਾ ਕਰੋ। ਬਸ ਸਿਰਫ ਖੁਦਾ ਦੇ ਸਾਹਮਣੇ ਸਾਦਾ ਬਣੋ। ਕਿਉਂਕਿ ਜਿੰਨਾ ਵੀ ਤੁਸੀਂ ਉਲੀਕਣ ਦਾ ਯਤਨ ਕਰੋਗੇ ਉਨਾਂ ਹੀ ਤੁਸੀਂ ਖੁਦਾ ਤੋਂ ਦੂਰ ਹੁੰਦੇ ਜਾਓਗੇ। ਸਮਝੇ? ਬਸ ਉਸ ਤੇ ਵਿਸ਼ਵਾਸ਼ ਕਰੋ।

ਹੁਣ, ਚੰਗਾ ਉਹ ਕਦ ਆਵੇਗਾ?"

436 ਜੇ ਉਹ ਅੱਜ ਆਉਂਦਾ ਹੈ, ਤਾਂ ਠੀਕ ਹੈ। ਜੇ ਉਹ ਵੀਹ ਸਾਲ ਬਾਦ ਆਉਂਦਾ ਹੈ ਤਾਂ ਫਿਰ ਵੀ ਇਹ ਠੀਕ ਹੈ। ਮੈਂ ਤਾਂ ਬਸ ਉਸੇ ਤਰ੍ਹਾਂ ਹੀ ਚੱਲਦਾ ਰਹਾਂਗਾ ਜਿਵੇਂ ਮੈਂ ਹੁਣ ਚੱਲ ਰਿਹਾ ਹਾਂ, ਮੈਂ ਤਾਂ ਬਸ ਉਸਦੇ ਪਿੱਛੇ ਤੁਰਿਆ ਰਹਾਂਗਾ। "ਪ੍ਰਭੂ ਜੇ ਤੂੰ ਮੈਨੂੰ ਕਿਤੇ ਇਸਤੇਮਾਲ ਕਰ ਸੱਕਦਾ ਹੈਂ, ਮੈਂ ਹਾਜ਼ਰ ਹਾਂ। " ਜੇ ਇਹ ਅੱਜ ਤੋਂ ਸੌ ਸਾਲ ਬਾਦ ਹੁੰਦਾ ਹੈ, ਜੇ ਮੇਰੇ ਪੋਤਿਆਂ ਦੇ ਪੋਤੇ, ਪੜਪੋਤੇ ਅਤੇ ਉਨ੍ਹਾਂ ਦੇ ਵੀ ਅੱਗਿਓਂ ਪੋਤੇ ਇਹਨੂੰ ਵੇਖਣ ਲਈ ਜੀਉਂਦੇ ਰਹਿੰਦੇ ਹਨ ਕਿ ਉਹ ਆ ਰਿਹਾ ਹੈ, ਪ੍ਰਭੂ ਮੈਂ ਨਹੀਂ ਜਾਣਦਾ ਹਾਂ ਕਿ ਇਹ ਕਦ ਹੋਣ ਜਾ ਰਿਹਾ ਹੈ ਪਰ ਮੈਂ ਤਾਂ ਬਸ ਤੇਰੇ ਨਾਲ ਅੱਜ ਠੀਕ ਚੱਲਾਂ। " ਸਮਝੇ? ਮੈਂ-ਮੈਂ ਚਾਹੁੰਦਾ ਹਾਂ ...ਕਿਉਂਕਿ ਮੈਂ ਉਸ ਦਿਨ ਫਿਰ ਜੀ ਉਠਾਂਗਾ, ਬਸ ਉਦਾਂ ਹੀ ਜਿਵੇਂ ਮੈਂ ਕਿਤੇ ਥੋੜੀ ਨੀਂਦ ਦੇ ਬਾਦ ਉੱਠ ਖਲੋਤਾ ਹਾਂ।

437 ਉੱਥੇ ਉਸ ਮਹਿਮਾਂ ਵਾਲੇ ਸਥਾਨ ਤੇ, ਜਿੱਥੇ ਪ੍ਰਮੇਸ਼ੁਰ ਦਾ ਰਾਜ ਹੈ, ਜਿੱਥੇ ਬੁੱਢੇ ਜਵਾਨ ਹੋਣਗੇ, ਜਿੱਥੇ ਉਹਨਾਂ ਨੇ ਚਿੱਟੇ ਵਸਤਰ ਪਹਿਲਾਂ ਹੀ ਪਾਏ ਹੋਏ ਹਨ। ਆਦਮੀਂ ਅਤੇ ਔਰਤਾਂ ਉਸ ਸੁੰਦਰਤਾ ਵਿੱਚ ਬਦਲ ਗਏ ਹਨ, ਇੱਕ ਸੁੰਦਰ ਔਰਤ ਵਿੱਚ ਅਤੇ ਇੱਕ ਸੁੰਦਰ ਪੁਰਖ ਵਿੱਚ। ਸਾਰੀ ਸੁੰਦਰਤਾ ਦੇ ਡੀਲ ਡੋਲ ਵਿੱਚ ਜਵਾਨ ਆਦਮੀਂ ਅਤੇ ਜਵਾਨ ਔਰਤਾਂ ਉੱਥੇ ਖਲੋਤੇ ਹਨ। ਅਤੇ ਕਦੇ ਵੀ ਬੁੱਢੇ ਨਹੀਂ ਹੋਣਗੇ, ਕਦੇ ਵੀ ਪਾਪੀ ਨਹੀਂ ਹੋ ਸੱਕਦੇ, ਕਦੇ ਵੀ ਕੋਈ ਈਰਖਾ ਨਹੀਂ ਜਾਂ ਖਾਰ ਵਾਲੀ ਗੱਲ ਨਹੀਂ ਹੈ। ਔਹ, ਬੱਲੇ।

438 ਮੈਂ ਸੋਚਦਾ ਹਾਂ ਕਿ ਹੁਣ ਟੇਪ ਬੰਦ ਹੋ ਗਏ ਹਨ। ਅਤੇ ਮੇਰੇ ਕੋਲ ਬਸ ਤਿੰਨ ਜਾਂ ਚਾਰ ਮਿੰਟ ਹਨ। ਮੈਂ ਤੁਹਾਡੇ ਨਾਲ ਗੱਲ ਕਰਨੀ ਚਾਹੁੰਦਾ ਹਾਂ। ਕੀ ਇਹ ਕਰਨਾ ਠੀਕ ਹੋਵੇਗਾ? [ਸਭਾ ਆਖਦੀ ਹੈ, "ਆਮੀਨ। "-ਸੰਪਾ]ਹੁਣ ਇਹ ਇੱਕ ਨਿੱਜੀ ਗੱਲ ਹੈ। ਕਿਉਂਕਿ ਕੱਲ ਮੈਂ-ਮੈਂ ....ਉਹ ਬਹੁਤ ਹੀ



27 ਅਤੇ ਇੱਥੇ ਭਾਈ ਨੇਵਿਲ ਹਨ ਜੋ ਕਿ ਵੱਡਿਆਂ ਨੂੰ ਅਧਿਐਨ ਕਰਾਉਣ ਲਈ ਇੱਕ ਵਧੀਆ ਸਿਖਾਉਣ ਵਾਲੇ ਅਤੇ ਪਾਦਰੀ ਹਨ। ਮੈਂ ਇਹ ਗੱਲ ਇਸ ਲਈ ਨਹੀਂ ਕਹਿ ਰਿਹਾ ਹਾਂ ਕਿ ਇਹ ਉਹਨਾਂ ਲਈ ਇੱਕ ਗੁਲਦਸਤਾ ਹੋਵੇ ਪਰ ਮੈਂ ਤਾਂ ਉਸਦੇ ਚਲੇ ਜਾਣ ਦੇ ਬਾਦ ਉਸਨੂੰ ਇਹਦੀ ਥਾਂ ਇੱਕ ਛੋਟਾ ਜਿਹਾ ਗੁਲਾਬ ਦਿੰਦਾ ਹਾਂ। ਅਤੇ ਭਾਈ ਨੇਵਿਲ ਨੂੰ ਮੈਂ ਉਦੋਂ ਦਾ ਜਾਣਦਾ ਹਾਂ ਜਦ ਮੈਂ ਮੁੰਡਾ ਜਿਹਾ ਹੀ ਸੀ। ਹੁਣ, ਉਹ ਜਰਾ ਵੀ ਨਹੀਂ ਬਦਲਿਆ ਹੈ। ਉਹ ਹਾਲੇ ਵੀ ਆੱਰਮਨ ਨੇਵਿਲ ਹੀ ਹੈ, ਉਹ ਹਾਲੇ ਵੀ ਬਿਲਕੁੱਲ ਉਸੇ ਤਰ੍ਹਾਂ ਹੀ ਹਨ ਜਿਵੇਂ ਉਹ ਸਦਾ ਹੁੰਦੇ ਸਨ।

28 ਮੈਨੂੰ ਆਉਣਾ ਯਾਦ ਹੈ .......ਜਦ ਉਹ ਇਸ ਸ਼ਹਿਰ ਵਿੱਚ ਮੈਥੋਡਿਸਟ ਦੇ ਪ੍ਰਚਾਰਕ ਸਨ ਤਦ ਵੀ ਉਹ ਮੇਰੇ ਲਈ ਦਿਆਲੂ ਸਨ ਕਿ ਮੈਨੂੰ ਆਪਣੇ ਪੁਲਪਿਟ ਤੇ ਪ੍ਰਚਾਰ ਕਰਨ ਲਈ ਸੱਦਾ ਦਿੰਦੇ ਸਨ। ਅਤੇ ਉੱਥੇ ਕਲਾਰਕਸਵਿਲੇ ਵਿੱਚ ਸਾਡੀ ਇੱਕ ਵਧੀਆ ਸੰਗਤੀ ਸੀ। ਜਾਂ ਮੇਰਾ ਖਿਆਲ ਹੈ ਕਿ ਉਹ ਹੋਵਰਡ ਪਾਰਕ, ਹੈਰੀਸਨ ਐਵਨਿਊ ਮੈਥੋਡਿਸਟ ਚਰਚ ਅਖਵਾਉਂਦਾ ਸੀ। ਮੈਂ ਸੋਚਦਾ ਹਾਂ ਕਿ ਇਹ ਹੀ ਉਹ ਜਗ੍ਹਾ ਹੋਣੀ ਚਾਹੀਦੀ ਹੈ ਜਿੱਥੇ ਭੈਣ ਨੇਵਿਲ ਨੇ ਉਨ੍ਹਾਂ ਨੂੰ ਲੱਭਿਆ ਸੀ। ਕਿਉਂਕਿ ਉਹ ਉੱਥੇ ਦੀ ਰਹਿਣ ਵਾਲੀ ਸੀ।

29 ਮੈਂ ਇੱਥੇ ਉੱਪਰ ਆਇਆ ਅਤੇ ਮੈਂ ਕਲੀਸਿਯਾ ਨੂੰ ਕਿਹਾ, "ਉਹ ਹੈ ......ਉਹ ਤਾਂ ਇੱਕ ਸੱਭ ਤੋਂ ਵਧੀਆ ਆਦਮੀਂ ਹੈ। ਅਤੇ ਮੈਂ ਉਹਨਾਂ ਨੂੰ ਇਹਨਾਂ ਹੀ ਦਿਨਾਂ ਵਿੱਚ ਕਿਸੇ ਦਿਨ ਪ੍ਰਭੂ ਯਿਸੂ ਮਸੀਹ ਦੇ ਨਾਮ ਵਿੱਚ ਬਪਤਿਸਮਾ ਦੇਣ ਜਾ ਰਿਹਾ ਹਾਂ। " ਅਤੇ ਇਸੇ ਤਰ੍ਹਾਂ ਹੀ ਹੋਇਆ।

30 ਹੁਣ ਉਹ ਇੱਥੇ ਹਨ ਅਤੇ ਇਸ ਵੇਲੇ ਮੇਰੇ ਪੱਕੇ ਦੋਸਤ ਹਨ, ਉਹ ਇਸ ਵੇਲੇ ਮੇਰੇ ਬਰਾਬਰ ਹਨ ਅਤੇ ਉਹ ਬੜੇ ਹੀ ਸਨਮਾਨ ਅਤੇ ਆਦਰਯੋਗ ਮਨੁੱਖ ਹਨ। ਅਤੇ ਉਹ ਇਸੇ ਤਰ੍ਹਾਂ ਹਮੇਸ਼ਾਂ ਹੀ ਮੇਰੇ ਬਰਾਬਰ ਖੜੇ ਰਹਿੰਦੇ ਹਨ ....ਉਹ ਮੇਰੇ ਇੰਨਾ ਨੇੜੇ ਖੜੇ ਰਹਿੰਦੇ ਹਨ ਜਿੰਨਾ ਕਿ ਮੇਰੇ ਨੇੜੇ ਖੜੇ ਹੋ ਸੱਕਦੇ ਹਨ। ਜੋ ਕੁਝ ਵੀ ਮੈਂ ਕਹਿੰਦਾ ਹਾਂ ਉਹ ਉਸ 'ਤੇ ਸਹਿਮਤ ਹੁੰਦੇ ਹਨ ਅਤੇ ਉਸ 'ਤੇ ਖੜੇ ਰਹਿੰਦੇ ਹਨ। ਇੱਥੋਂ ਤੱਕ ਕਿ ਜਦ ਉਹ ਪਹਿਲੀ ਵਾਰ ਅੰਦਰ ਆਏ ਤਾਂ ਉਸ ਵਕਤ ਉਹ ਸੰਦੇਸ਼ ਨੂੰ ਨਹੀਂ ਸਮਝਦੇ ਸਨ ਪ੍ਰੰਤੂ ਉਹਨਾਂ ਨੇ ਇਸਦਾ ਵਿਸ਼ਵਾਸ਼ ਕੀਤਾ ਅਤੇ ਇਸਦੇ ਨਾਲ ਖੜੇ ਰਹੇ। ਅਤੇ ਇਹੋ ਜਿਹੇ ਭਾਈ ਲਈ ਇਹ ਸਨਮਾਨ ਹੈ, ਆਦਰ ਹੈ। ਮੈਂ ਉਹਨਾਂ ਦੇ ਬਾਰੇ ਵਿੱਚ ਬਹੁਤ ਜਿਆਦਾ ਨਹੀਂ ਕਹਿ ਸੱਕਦਾ ਹਾਂ। ਹੁਣ ਪ੍ਰਭੂ ਉਸਨੂੰ ਬਰਕਤ ਦੇਵੇ। ਠੀਕ ਹੈ।

31 ਹੁਣ ਅਸੀਂ ਕੱਲ ਰਾਤ ਵਾਲੇ ਵਿਸ਼ੇ ਦੀ .....ਪੰਜਵੀਂ ਮੋਹਰ ਤੋੜੇ ਜਾਣ ਦੇ ਬਾਰੇ ਵਿੱਚ ਥੋੜਾ ਜਿਹਾ ਦੁਹਰਾਈਏ। ਅਸੀਂ ਕੱਲ ਰਾਤ ਦੀਆਂ ਸਾਰੀਆਂ ਗੱਲਾਂ ਨੂੰ ਨਹੀਂ ਵੇਖਾਂਗੇ ਬਸ ਪੰਜਵੀਂ ਮੋਹਰ ਵਿੱਚ ਬਹੁਤ ਪਿੱਛੇ ਤੱਕ ਨਹੀਂ ਜਾਵਾਂਗੇ।

32 ਹੁਣ, ਅਸੀਂ ਇਹ ਵੇਖਿਆ ਸੀ ਕਿ ਇੱਕ ਮਸੀਹ ਵਿਰੋਧੀ ਸੀ ਜਿਹੜਾ ਘੋੜੇ ਤੇ ਸਵਾਰ ਹੋ ਕੇ ਅਗਾਂਹ ਵੱਧਦਾ ਹੈ ਅਤੇ ਉਹਨੇ ਆਪਣੇ ਆਪ ਨੂੰ ਤਿੰਨ ਸ਼ਕਤੀਆਂ ਵਿੱਚ ਬੰਨ੍ਹਿਆ ਹੋਇਆ ਹੈ, ਅਤੇ ਉਹ ਸੱਭ ਮਿਲਕੇ ਇੱਕ ਸ਼ਕਤੀ ਹੋ ਜਾਂਦੀ ਹੈ। ਅਤੇ ਫਿਰ ਉਹ ਜਰਦ ਘੋੜੇ, ਮੌਤ ਤੇ ਸਵਾਰ ਹੋ ਕੇ ਅਥਾਹ ਕੁੰਢ ਵਿਨਾਸ਼ ਵਿੱਚ ਉੱਤਰ ਗਿਆ ਜਿੱਥੋਂ ਕਿ ਉਹ ਆਇਆ ਸੀ। ਅਤੇ ਫਿਰ ਅਸੀਂ ਵੇਖਦੇ ਹਾਂ ਜਦ .......

33 ਲਿਖਤਾਂ ਕਹਿੰਦੀਆਂ ਹਨ ਕਿ, " ਜਦ ਵੈਰੀ ਹੜ੍ਹ ਵਾਂਗ ਅੰਦਰ ਆਉਂਦਾ ਹੈ ਤਾਂ ਪ੍ਰਮੇਸ਼ੁਰ ਦਾ ਆਤਮਾ ਉਹਦੇ ਵਿਰੁੱਧ ਇੱਕ ਝੰਢਾ ਖੜਾ ਕਰਦਾ ਹੈ। " ਅਤੇ ਕੱਲ ਰਾਤ ਅਸੀਂ ਇਹ ਵੇਖ ਚੁੱਕੇ ਹਾਂ ਕਿ ਇਹ ਗੱਲ ਵਚਨ ਵਿੱਚ ਪੂਰੀ ਤਰ੍ਹਾਂ ਨਾਲ ਸਾਬਤ ਹੁੰਦੀ ਹੈ ਕਿਉਂਕਿ ਜਦ ਉਹਨਾਂ ਚਾਰਾਂ ਸਮਿਆਂ ਵਿੱਚ ਉਹ ਘੋੜਸਵਾਰ ਅੱਗੇ ਵਧਦੇ ਹਨ ਤਾਂ ਉਹਨਾਂ ਨੂੰ ਜਵਾਬ ਦੇਣ ਲਈ ਉੱਥੇ ਚਾਰ ਜੰਤੂ ਸਨ।

34 ਅਤੇ ਉਹ ਘੁੜਸਵਾਰ ਹਰੇਕ ਵਾਰ ਵੱਖ-ਵੱਖ ਘੋੜੇ ਤੇ ਸਵਾਰ ਹੁੰਦਾ ਹੈ, ਪਹਿਲਾਂ ਉਹ ਚਿੱਟੇ ਘੋੜੇ 'ਤੇ, ਅਤੇ ਫਿਰ ਲਾਲ ਘੋੜੇ 'ਤੇ ਅਤੇ ਫਿਰ ਉਹ ਕਾਲੇ ਘੋੜੇ 'ਤੇ ਅਤੇ ਫਿਰ ਪੀਲੇ ਘੋੜੇ 'ਤੇ ਸਵਾਰ ਹੁੰਦਾ ਹੈ। ਅਤੇ ਅਸੀਂ ਉਹਨਾਂ ਰੰਗਾਂ ਦੇ ਵਾਰੇ ਵਿੱਚ ਵੇਖਿਆ ਸੀ ਕਿ ਉਹ ਕੀ ਸਨ ਅਤੇ ਉਨ੍ਹਾਂ ਨੇ ਕੀ ਕੀਤਾ ਸੀ। ਅਤੇ ਫਿਰ ਅਸੀਂ ਇਹਨੂੰ ਕਲੀਸਿਯਾਈ ਯੁੱਗਾਂ ਵਿੱਚ ਵੇਖਿਆ ਸੀ। ਅਤੇ ਬਿਲਕੁੱਲ ਇਹੋ ਹੀ ਹੈ ਜੋ ਉਸਨੇ ਕੀਤਾ ਸੀ।

35 ਇਸ ਲਈ ਤੁਸੀਂ ਵੇਖਦੇ ਹੋ ਕਿ ਜਦ ਖੁਦਾ ਦਾ ਵਚਨ ਆਪਸ ਵਿੱਚ ਇੱਕਠਾ ਮੇਲ ਖਾਦਾਂ ਹੈ ਤਾਂ ਇਸਦਾ ਅਰਥ ਹੈ ਕਿ ਉਹ ਠੀਕ ਹੈ। ਜੀ ਹਾਂ। ਮੈਂ ਇਹ ਨਿਹਚਾ ਕਰਦਾ ਹਾਂ ਕਿ ਜਿਹੜੀ ਵੀ ਗੱਲ ਪਰਮੇਸ਼ੁਰ ਦੇ ਵਚਨ ਨਾਲ ਮੇਲ ਖਾਂਦੀ ਹੈ ਉਹ ਹਮੇਸ਼ਾਂ ਹੀ "ਆਮੀਨ" ਹੈ। ਸਮਝੇ?

36 ਹੁਣ ਜਿਵੇਂ ਕਿ ਇੱਕ ਆਦਮੀਂ ਨੇ ਕਿਹਾ ਕਿ ਉਸਨੇ ਇੱਕ ਦਰਸ਼ਨ ਵੇਖਿਆ ਹੈ ਅਤੇ ਕਹਿੰਦਾ ਹੈ ਕਿ ਉਹ ਦਰਸ਼ਨ ਇਹ ਸੀ। ਔਹ, ਉਹ ਜਾਣਦੇ ਹਨ ਕਿ ਪ੍ਰਭੂ ਹੀ ਦਰਸ਼ਨ ਦਿੰਦਾ ਹੈ ਕਿਉਂਕਿ ਇਹ ਵੱਡੀ ਸਮਰੱਥਾ ਨਾਲ ਆਉਂਦਾ ਹੈ। ਚੰਗਾ, ਹੋ ਸੱਕਦਾ ਹੈ ਕਿ ਉਸਦਾ ਦਰਸ਼ਨ ਬਿਲਕੁੱਲ ਠੀਕ ਹੋਵੇ ਪ੍ਰੰਤੂ ਜੇ ਉਹ ਵਚਨ ਦੇ ਨਾਲ ਮੇਲ ਨਹੀਂ ਖਾਂਦਾ ਹੈ ਅਤੇ ਵਚਨ ਦੇ ਉਲਟ ਹੈ ਤਾਂ ਉਹ ਠੀਕ ਨਹੀਂ ਹੈ। ਸਮਝੇ?

37 ਹੁਣ, ਹੋ ਸੱਕਦਾ ਹੈ ਕਿ ਇਸ ਸਮੇਂ ਇੱਥੇ ਕੁਝ ਮੋਰਮਨ ਭਾਈ ਜਾਂ ਭੈਣਾਂ ਬੈਠੀਆਂ ਹੋਣ। ਅਤੇ ਹੋ ਸੱਕਦਾ ਹੈ ਕਿ ਕੁਝ ਇਹਨਾਂ ਟੇਪਾਂ ਨੂੰ ਵੀ ਲੈਣ। ਅਤੇ ਮੈਂ ਇਹ ਨਹੀਂ ਕਹਿਣਾ ਚਾਹੁੰਦਾ ਕਿ .........ਕੁਝ ਚੰਗੇ ਲੋਕਾਂ ਨਾਲ ਤੁਸੀਂ ਅਤੇ ਮੈਂ ਮਿਲਣਾ ਚਾਹਾਂਗਾ ; ਅਤੇ ਉਹ ਲੋਕ ਮੋਰਮਨ ਲੋਕਾਂ ਵਿੱਚੋਂ ਹੋਣਗੇ, ਉਹ ਬਹੁਤ ਹੀ ਚੰਗੇ ਲੋਕ ਹਨ। ਅਤੇ ਫਿਰ ਉਹਨਾਂ ਦਾ -ਨਬੀ ਯੂਸਫ ਸਮਿੱਥ ਸੀ ਜਿਹਨੂੰ ਮੈਥੋਡਿਸਟ ਲੋਕਾਂ ਨੇ ਏਲੀਨੋਇਸ ਵਿੱਚ ਉਸ ਵੇਲੇ ਮਾਰ ਦਿੱਤਾ ਜਦ ਉਹ ਉੱਥੇ ਦੀ ਯਾਤਰਾ ਤੇ ਸੀ। ਅਤੇ ਫਿਰ ਵੀ ਇਹ ਹੈ ਕਿ ਉਹ ਭਲਾ ਆਦਮੀ ਸੀ। ਅਤੇ ਦਰਸ਼ਨ, ਮੈਂ ਇਸ 'ਤੇ ਬਿਲਕੁੱਲ ਸ਼ੱਕ ਨਹੀਂ ਕਰਦਾ ਹਾਂ ਪ੍ਰੰਤੂ ਜਿਹੜਾ ਉਸਨੇ ਦਰਸ਼ਣ ਵੇਖਿਆ ਉਹ ਮੈਨੂੰ ਉਸਤੇ ਸ਼ੱਕ ਹੈ। ਮੈਂ ਵਿਸ਼ਵਾਸ਼ ਕਰਦਾ ਹਾਂ ਕਿ ਉਹ ਇੱਕ ਇਮਾਨਦਾਰ ਆਦਮੀਂ ਸੀ। ਪ੍ਰੰਤੂ ਜਿਹੜਾ ਉਸਨੇ ਦਰਸ਼ਨ ਵੇਖਿਆ ਉਹ ਵਚਨ ਦੇ ਵਿਰੁੱਧ ਸੀ। ਸਮਝੇ? ਇਹ ਹੀ ਕਾਰਨ ਹੈ ਕਿ ਉਸਨੂੰ ਪੂਰਾ ਕਰਨ ਲਈ ਉਸਦੇ ਕੋਲ ਮੋਰਮਨ ਬਾਈਬਲ ਹੈ। ਸਮਝ ਲੱਗੀ?

38 ਮੇਰੇ ਲਈ ਤਾਂ ਇਹ ਹੀ ਹੈ। ਇਹ ਹੀ ਕਾਰਨ ਹੈ ਕਿ ਮੇਰੇ ਲਈ ਤਾਂ ਬਸ ਵਚਨ ਹੀ ਸੱਭ ਕੁਝ ਹੈ। ਇਹ ਹੀ ਉਹ ਹੈ। ਸਮਝੇ?

39 ਇੱਕ ਵਾਰ ਇੱਕ ਸੇਵਾਦਾਰ ਕਿਸੇ ਬਾਹਰ ਦੇ ਦੇਸ਼ ਤੋਂ ਇੱਥੇ ਆਇਆ ਅਤੇ ਉਹ .....ਅਤੇ ਮੈਂ ਉਸਨੂੰ ਇੱਕ ਔਰਤ ਦੇ ਨਾਲ ਕਾਰ ਵਿੱਚ ਇੱਥੇ -ਉੱਥੇ ਘੁੰਮਦੇ ਹੋਏ ਵੇਖਿਆ, ਜੋ ਕਿ ਨਹੀਂ ਹੈ



425 ਹੁਣ ਯਾਦ ਰੱਖੋ ਕਿ ਉਹ ਬਸ ਇੱਥੇ ਹੀ ਰੁਕ ਗਿਆ ਸੀ। ਉਹ ਉਸ ਛੇਵੀਂ ਮੋਹਰ ਦੇ ਬਾਦ ਅਗਾਂਹ ਨਹੀਂ ਵਧਿਆ। ਉਸਨੇ ਸੱਤਵੀਂ ਮੋਹਰ ਦੇ ਬਾਰੇ ਵਿੱਚ ਕਦੇ ਵੀ ਕੁਝ ਨਹੀਂ ਕਿਹਾ ਸੀ। ਉਸਨੇ ਤਾਂ ਪਹਿਲੀ, ਦੂਸਰੀ, ਤੀਸਰੀ, ਚੋਥੀ, ਪੰਜਵੀਂ ਅਤੇ ਛੇਵੀਂ ਮੋਹਰ ਦੇ ਬਾਰੇ ਵਿੱਚ ਦੱਸਿਆ ਸੀ। ਪ੍ਰੰਤੂ ਉਹ ਉੱਥੇ ਹੀ ਰੁਕ ਗਿਆ ਸੀ, ਉਸਨੇ ਸੱਤਵੀਂ ਮੋਹਰ ਦੇ ਬਾਰੇ ਵਿੱਚ ਕਦੇ ਵੀ ਕੋਈ ਗੱਲ ਨਹੀਂ ਕਹੀ ਸੀ।

426 ਤੁਸੀਂ ਉਸ ਅਗਲੀ ਗੱਲ ਵੱਲ ਧਿਆਨ ਕਰੋ ਜੋ ਉਸਨੇ ਕਹੀ ਸੀ, ਉਸਨੇ ਕਿਹਾ ਸੀ, "ਹੁਣ ਇੱਕ ਦ੍ਰਿਸ਼ਟਾਂਤ ਸਿੱਖੋ। " ਉਸਨੇ ਕਿਹਾ, " ਇਹ ਗੱਲਾਂ ਹੋਣਗੀਆਂ। "

427 ਇੱਥੇ ਉਹ ਉਨ੍ਹਾਂ ਨੂੰ ਤਿੰਨ ਪ੍ਰਸ਼ਨਾਂ ਦੇ ਉੱਤਰ ਦੇ ਰਿਹਾ ਹੈ। ਇਹ ਨਿਸ਼ਾਨ --ਕੀ ਹੋਣਗੇ? ਅਤੇ ਤੇਰੇ ਆਉਣ ਦਾ ਕੀ ਲੱਛਣ ਹੋਉ?ਅਤੇ ਸੰਸਾਰ ਦੇ ਅੰਤ ਦਾ ਕੀ ਨਿਸ਼ਾਨ ਹੋਵੇਗਾ?"

428 ਅਤੇ ਛੇਵੀਂ ਮੋਹਰ ਸੰਸਾਰ ਦਾ ਅੰਤ ਸੀ। ਅਤੇ ਸੱਤਵੇਂ ਦੂਤ ਦੇ ਤੁਰ੍ਹੀ ਵਜਾਉਣ ਦੇ ਦਿਨੀਂ ......" ਆਪਣਾ ਸੱਜਾ ਹੱਥ ਅਕਾਸ਼ ਵੱਲ ਉਠਾਇਆ ਅਤੇ ਜਿਹੜਾ ਯੁੱਗੋ-ਯੁੱਗ ਜੀਉਂਦਾ ਹੈ ਸੌਂਹ ਖਾਧੀ ਭਈ ਹੋਰ ਚਿਰ ਨਹੀਂ ਲੱਗੇਗਾ। " ਇੱਥੇ ਧਰਤੀ ਇੱਕ ਹੋਰ ਧਰਤੀ ਨੂੰ ਜਨਮ ਦੇ ਰਹੀ ਹੈ। ਇਹ ਪੂਰਾ ਹੋ ਚੁੱਕਿਆ।

429 ਅਤੇ ਅਸੀਂ ਇੱਥੇ ਠੀਕ ਬੂਹੇ ਦੇ ਉੱਤੇ ਹਾਂ। ਔਹ, ਮੈਂ ਕੰਬਦਾ ਹਾਂ। " ਪ੍ਰਭੂ ਮੈਨੂੰ ਕੀ ਕਰਨਾ ਚਾਹੀਦਾ ਹੈ? ਮੈਂ ਹੋਰ ਕੀ ਕਰ ਸੱਕਦਾ ਹਾਂ? ਸਮਝੇ? ਅਤੇ ਫਿਰ ਉਸ ਸਥਾਨ ਅਤੇ ਉਹਨਾਂ ਬੇਸ਼ਕੀਮਤੀ ਲੋਕਾਂ ਨੂੰ ਮਿਲਣ(ਵੇਖਣ) ਦੇ ਬਾਰੇ ਵਿੱਚ ਸੋਚੋ। ਮੈਂ ਉੱਥੇ ਖੜਾ ਖੁਦ ਆਪਣੇ ਵੱਲ ਵੇਖ ਰਿਹਾ ਸੀ ਅਤੇ ਮੈਂ ਸੋਚਿਆ, "ਹੇ ਪ੍ਰਮੇਸ਼ੁਰ ,ਕੀ ......ਉਹ--ਉਹ ਇਹਨੂੰ ਗੁਆ ਨਹੀਂ ਸੱਕਦੇ। ਮੈਨੂੰ ਉਹਨਾਂ ਨੂੰ ਧੱਕਣਾ ਚਾਹੀਦਾ ਹੈ। ਮੈਨੂੰ ਤਾਂ ਬਸ ਸਰੋਤਿਆਂ ਦੇ ਵਿੱਚ ਇਹਨੂੰ ਦੱਸਣਾ ਚਾਹੀਦਾ ਹੈ ਅਤੇ ਉਨ੍ਹਾਂ ਨੂੰ ਧੱਕਣਾ ਚਾਹੀਦਾ ਹੈ। " ਤੁਸੀਂ ਇਹ ਨਹੀਂ ਕਰ ਸੱਕਦੇ ਹੋ। ਤੁਸੀਂ ......

430 "ਅਤੇ ਕੋਈ ਮੇਰੇ ਕੋਲ ਨਹੀਂ ਆ ਸੱਕਦਾ ਹੈ ਜਦ ਤੱਕ ਕਿ ਮੇਰਾ ਪਿਤਾ ਉਹਨੂੰ ਨਾ ਖਿੱਚੇ। " ਪਰ ਇੱਥੇ ਸਾਡੇ ਕੋਲ ਤਸੱਲੀ ਹੈ, "ਜਿੰਨਿਆਂ ਨੂੰ ਪਿਤਾ ਨੇ ਮੈਨੂੰ ਦਿੱਤਾ ਹੈ ਉਹ ਜਰੂਰ ਮੇਰੇ ਕੋਲ ਆਉਣਗੇ। "

431 ਪ੍ਰੰਤੂ ਉਨ੍ਹਾਂ ਬਾਕੀ ਲੋਕਾਂ ਦਾ, ਉਹਨਾਂ ਜੱਥੇਬੰਦੀਆਂ ਦੇ ਨਾਲ ਜਿਹਨਾਂ ਤੇ ਉਹ ਨਿਰਭਰ ਹਨ ਇਹ ਹੋਵੇਗਾ ਕਿ, "ਅਤੇ ਧਰਤੀ ਦੇ ਸੱਭ ਵਾਸੀਆਂ ਨੂੰ ਧੋਖਾ ਦਿੱਤਾ ਜਿਹਨਾਂ ਦੇ ਨਾਮ ਉਸ ਲੇਲੇ ਦੇ ਜਿਹੜਾ ਜਗਤ ਦੇ ਮੁੱਢੋਂ ਹੀ ਕੋਹਿਆ ਗਿਆ ਸੀ ਪੋਥੀ ਵਿੱਚ ਨਹੀਂ ਲਿਖੇ ਗਏ ਸਨ। " ਔਹ, ਬੱਲੇ!ਵੇਖੋ, ਇਹ ਇੱਕ ਦੁੱਖ ਦੀ ਗੱਲ ਹੈ।

432 ਤੁਸੀਂ ਬਸ ਸਿਰਫ ਇੱਕ ਹੀ ਕੰਮ ਕਰ ਸੱਕਦੇ ਹੋ ਕਿ ਤੁਸੀਂ ਉਸ ਵਚਨ ਦੇ ਨਾਲ ਟਿਕੇ ਰਹੋ। ਵੇਖੋ ਜੋ ਕੁਝ ਵੀ ਉਹ ਕਹਿੰਦਾ ਹੈ ਉਹ ਕਰੋ ਅਤੇ ਤਦ ਇਹਨੂੰ ਕਰੋ। ਸਮਝੇ? ਜੋ ਕੁਝ ਉਹ ਕਹਿੰਦਾ ਹੈ ਕਰੋ, ਉਹ ਕਰੋ।

433 ਅਤੇ ਤੁਸੀਂ ਬਾਹਰ ਵੇਖਦੇ ਹੋ ਅਤੇ ਕਹਿੰਦੇ ਹੋ, "ਔਹ, ਉਹ ਤਾਂ ਇਹ ਕਰਦੇ ਹਨ, ਫਿਰ .....ਔਹ। " ਇਹ ਤਾਂ ਬਸ ......

.....ਮੈਂ ਤਾਂ ਜਿੰਨੀ ਨਮਰਤਾ ਦੇ ਨਾਲ ਚੱਲ ਸੱਕਦਾ ਹਾਂ ਓਨੀ ਨਮਰਤਾ ਦੇ ਨਾਲ ਚੱਲਣ ਦਾ ਯਤਨ ਕਰ ਰਿਹਾ ਹਾਂ। ਸਮਝੇ? ਅਤੇ ਹੁਣ, ਜਦੋਂ ਤੁਸੀਂ ਜਾਣਦੇ ਹੋ ਕਿ ਜਦ .........

418 ਅੱਜ ਕੁਝ ਹੋਇਆ ਸੀ, ਅਤੇ ਮੈਂ ਕਿਸੇ ਚੀਜ਼ ਨੂੰ ਆਉਂਦੇ ਹੋਏ ਵੇਖਿਆ। ਮੈਂ ਬਸ .....ਵੇਖੋ, ਮੈਂ ਹੋਰ ਸਾਹ ਨਹੀਂ ਲੈ ਸਕਿਆ ਸੀ। ਉੱਥੇ ਉਹ ਖੜਾ ਸੀ, ਉਹ ਛੋਟਾ ਜਿਹਾ ਪ੍ਰਕਾਸ਼ ਉੱਥੇ ਖੜਾ ਸੀ। ਅਤੇ ਇੱਥੇ ਉਹ ਸੀ। ਮੈਂ ਜਾਣਦਾ ਹਾਂ ਕਿ ਇਹ ਸੱਚ ਹੈ।

419 ਮੈਂ ਸੋਚਿਆ, "ਹੇ ਪ੍ਰਮੇਸ਼ੁਰ ਮੈਂ ਇਹ ਨਹੀਂ ਕਹਿ ਸੱਕਦਾ ਹਾਂ। ਮੈਂ-ਮੈਂ ਇਹ ਨਹੀਂ ਕਹਿ ਸੱਕਦਾ ਹਾਂ। ਮੈਂ ਨਹੀਂ ਕਹਿ ਸੱਕਦਾ ਹਾਂ। " ਮੈਂ ਬਸ ਆਪਣੇ ਕਮਰੇ ਵਿੱਚੋਂ ਬਾਹਰ ਨਿੱਕਲ ਗਿਆ, ਅਤੇ ਬਾਹਰ ਗਿਆ ਅਤੇ ਉੱਥੇ ਉੱਪਰ ਹੇਠਾਂ ਤੁਰਦਾ ਰਿਹਾ।। ਭਾਈ ਮੈਂ ਸੋਚਿਆ, "ਹੇ ਮੇਰੇ ਖੁਦਾ!ਮੈਂ ਕੀ ਕਰ ਸੱਕਦਾ ਹਾਂ?" ਸਮਝੇ? ਮੈਂ ਤਾਂ ਮੱਛੀਆਂ ਫੜਨ ਜਾਂ ਕੁਝ ਹੋਰ ਕਰਨ ਜਾਣਾ ਹੈ। ਜਾਂ ਮੈਂ .....ਮੁੰਡਿਆ, ਮੈਂ ਤੁਹਾਨੂੰ ਨਹੀਂ ਦੱਸ ਸੱਕਦਾ ਹਾਂ।

420 ਇਸ ਲਈ ਸਾਡਾ ਇੱਕ ਵਧੀਆ ਸਮਾਂ ਰਿਹਾ ਹੈ। ਕੀ ਸਾਡਾ ਵਧੀਆ ਸਮਾਂ ਨਹੀਂ ਰਿਹਾ ਹੈ? ਪ੍ਰਭੂ ਦੀ ਮਹਿਮਾਂ ਹੋਵੇ। ਆਮੀਨ। ਸਮਝੇ? ਅਸੀਂ ਹਾਂ ....ਅਸੀਂ ਇੱਕ ਬਹੁਤ ਹੀ ਸ਼ਾਨਦਾਰ ਸਮੇਂ ਵਿੱਚ ਹਾਂ, ਮੇਰਾ ਦਿਲ ਖੁਸ਼ੀ ਅਤੇ ਅਨੰਦ ਨਾਲ ਭਰਿਆ ਹੋਇਆ ਹੈ।

421 ਪਰ ਜਦ ਮੈਂ ਇਸ ਸੰਸਾਰ ਦੇ ਵਾਰੇ ਵਿੱਚ ਅਤੇ ਉਹਨਾਂ ਹਜ਼ਾਰਾਂ ਦੇ ਬਾਰੇ ਵਿੱਚ ਸੋਚਦਾ ਹਾਂ ਜੋ ਨਾਸ਼ ਹੋ ਗਏ ਹਨ, ਕਾਲੀ ਪਰਛਾਈਂ ਉਹਨਾਂ ਦੇ ਉੱਤੇ ਹੈ, ਤਾਂ ਤੁਹਾਡਾ ਦਿਲ ਬਸ ਲਹੂ ਲੁਹਾਨ ਹੋ ਜਾਂਦਾ ਹੈ। ਅਤੇ ਤੁਸੀਂ ਆਖਦੇ ਹੋ, "ਤੁਸੀਂ ਕੀ ਕਰ ਸੱਕਦੇ ਹੋ?" ਤੁਹਾਨੂੰ ਬਸ ਇਸ ਤਰ੍ਹਾਂ ਮਹਿਸੂਸ ਹੁੰਦਾ ਹੈ ਕਿ ਜਿਵੇਂ ਪਵਿੱਤਰ ਆਤਮਾ ਤੁਹਾਡੇ ਦਿਲ ਦੇ ਅੰਦਰ ਰੋ ਰਿਹਾ ਹੈ। ਉਦਾਂ ਹੀ ਜਿਵੇਂ ਕਿ ਇਹ ਸਾਡੇ ਪ੍ਰਭੂ ਦੇ ਅੰਦਰ ਤਦ ਹੋਇਆ ਸੀ ਜਦ ਉਸਨੇ ਯਰੂਸ਼ਲਮ ਦੀ ਵੱਲ, ਆਪਣੇ ਨਿੱਜ ਲੋਕਾਂ ਨੂੰ ਵੇਖਿਆ ਸੀ ਅਤੇ ਕਿਹਾ ਸੀ, " ਹੇ ਯਰੂਸ਼ਲਮ, ਹੇ ਯਰੂਸ਼ਲਮ, ਮੈਂ ਕਿੰਨੀ ਵਾਰੀ ਚਾਹਿਆ ਜੋ ਤੇਰੇ ਬਾਲਕਾਂ ਨੂੰ ਉਸੇ ਤਰ੍ਹਾਂ ਇਕੱਠੇ ਕਰਾਂ ਜਿਸ ਤਰ੍ਹਾਂ ਕੁੱਕੜੀ ਆਪਣੇ ਬੱਚਿਆਂ ਨੂੰ ਖੰਭਾਂ ਦੇ ਹੇਠ ਇਕੱਠੇ ਕਰਦੀ ਹੈ ਪਰ ਤੁਸਾਂ ਨਾ ਚਾਹਿਆ। " ਸਮਝੇ?

422 ਦੋਸਤੋ, ਅਸੀਂ ਇੱਥੇ ਠੀਕ ਕਿਸੇ ਚੀਜ਼ ਉੱਤੇ ਹਾਂ। ਜੋ ਵੀ ਇਹ ਹੈ ਪ੍ਰਮੇਸ਼ੁਰ ਜਾਣਦਾ ਹੈ। ਕੋਈ ਵੀ ਇਹ ਨਹੀਂ ਜਾਣਦਾ ਕਿ ਇਹ ਕਦ ਹੋਵੇਗਾ। ਇਹ ਇੱਕ ਭੇਤ ਹੈ। ਕੋਈ ਨਹੀਂ ਜਾਣਦਾ ਹੈ ਕਿ ਇਹ ਕਦ ਹੋਵੇਗਾ।

423 ਪਰ ਯਿਸੂ ਨੇ ਸਾਨੂੰ ਦੱਸਿਆ, "ਜਦ ਤੁਸੀਂ ਇਹਨਾਂ ਗੱਲਾਂ ਨੂੰ ਹੁੰਦੇ ਵੇਖੋ, ਇਹ ਸੱਭ ਗੱਲਾਂ।" ਉਸੇ ਤਰ੍ਹਾਂ ਹੀ ਜਿਵੇਂ ਮੈਂ ਛੇਵੀਂ ਮੋਹਰ ਦੀ ਤੁਲਨਾ ਉਸਦੇ ਨਾਲ ਕੀਤੀ ਹੈ ਜੋ ਯਿਸੂ ਨੇ ਮੱਤੀ 24 ਵਿੱਚ ਕਿਹਾ ਸੀ। ਹੁਣ ਤੁਸੀਂ ਯਾਦ ਰੱਖੋ ਉਸਨੇ ਕੀ ਕਿਹਾ ਸੀ, "ਜਦ ਤੁਸੀਂ ਇਹਨਾਂ ਗੱਲਾਂ ਨੂੰ, ਪੂਰੇ ਹੁੰਦੇ ਹੋਏ ਵੇਖੋ ਤਦ ਸਮਾਂ ਨੇੜੇ ਹੈ। " ਤੁਸੀਂ ਇਸ ਤੋਂ ਅਗਲੀ ਆਇਤ 30 ਅਤੇ 31ਵੀਂ ਆਇਤ ਅਰ 32, 33 ਆਇਤ ਤੇ ਧਿਆਨ ਦਿਓ।

424 ਉਸਨੇ ਕਿਹਾ, "ਅਤੇ ਉਹ ਚੌਹਾਂ ਕੂੰਟਾਂ ਤੋਂ ਅਕਾਸ਼ ਦੇ ਉਸ ਸਿਰੇ ਤੋਂ ਲੈ ਕੇ ਐਸ ਸਿਰੇ ਤੀਕਰ ਉਹਦੇ ਚੁਣਿਆਂ ਹੋਇਆਂ ਨੂੰ ਇਕੱਠਿਆਂ ਕਰਨਗੇ। " ਕੀ ਇਹ ਠੀਕ ਹੈ?ਕਿਹਾ, "ਹੁਣ ਇਹ ਸਿੱਖੋ..."



......ਅਤੇ ਉਹ ਇੱਕ ਸੰਗਤ ਵਿੱਚ ਆਉਂਦੇ ਹਨ। ਅਤੇ ਮੈਂ ਵੇਖਿਆ ਕਿ ਉਹਨਾਂ ਦੋਹਾਂ ਨੇ ਇੱਕਠੇ ਸੰਗਤੀ ਵਿੱਚ ਆਉਣ ਲਈ ਦੋ ਜਾਂ ਤਿੰਨ ਦਿਨ ਕਾਰ ਚਲਾਈ। ਅਤੇ ਉਹ ਇਸਤਰੀ ਤਿੰਨ ਜਾਂ ਚਾਰ ਅਲੱਗ-ਅਲੱਗ ਵਿਆਹ ਕਰ ਚੁੱਕੀ ਸੀ।

40 ਅਤੇ ਇਹ ਸੇਵਾਦਾਰ ਹੋਟਲ ਦੇ ਉਸ ਚੋੜੇ ਗਲਿਆਰੇ ਵਿੱਚ ਚੱਲ ਕੇ ਆਇਆ ਜਿੱਥੇ ਮੈਂ ਸੀ ਅਤੇ ਉਹ ਨੱਠ ਕੇ ਮੇਰੇ ਕੋਲ ਆਇਆ ਅਤੇ ਮੇਰੇ ਨਾਲ ਹੱਥ ਮਿਲਾਇਆ। ਅਤੇ ਮੈਂ ਉਸਦੇ ਨਾਲ ਹੱਥ ਮਿਲਾਇਆ ਅਤੇ ਉਹ ਖੜ੍ਹਾ ਹੋਇਆ ਅਤੇ ਮੈਂ ਉਹਦੇ ਨਾਲ ਗੱਲਾਂ ਕਰਨ ਲੱਗਾਂ। ਮੈਂ ਉਸਨੂੰ ਪੁੱਛਿਆ; ਮੈਂ ਕਿਹਾ, " ਜਦ ਤੁਸੀਂ ਵਿਹਲੇ ਹੋਵੋ ਤਾਂ ਕੀ ਮੈਂ ਤੁਹਾਡੇ ਨਾਲ ਆਪਣੇ ਕਮਰੇ ਵਿੱਚ ਇੱਕ ਮਿੰਟ ਗੱਲ ਕਰ ਸੱਕਦਾ ਹਾਂ?"

ਉਸਨੇ ਕਿਹਾ, " ਜਰੂਰ, ਭਾਈ ਬ੍ਰਾਨਹਾਮ। "

41 ਮੈਂ ਉਹਨੂੰ ਕਮਰੇ ਵਿੱਚ ਲੈ ਗਿਆ। ਅਤੇ ਮੈਂ ਉਸ ਸੇਵਾਦਰ ਨੂੰ ਆਖਿਆ, " ਆਦਰਯੋਗ, ਸ਼੍ਰੀਮਾਨ ਜੀ, ਕੀ ਤੁਸੀਂ ਇਸ ਦੇਸ਼ ਵਿੱਚ ਅਜਨਬੀ ਹੋ?ਮੈਂ ਕਿਹਾ ਕਿ ਇਸ ਜਨਾਨੀ ਦੀ ਇੱਥੇ ਕਾਫੀ ਮਸ਼ਹੂਰੀ ਹੈ। ਕੀ .....ਅਤੇ ਤੁਸੀਂ ਏਡੀ ਦੂਰ ਤੋਂ ਫਲਾਣੀ-ਫਲਾਣੀ ਜਗ੍ਹਾ ਤੋਂ ਫਲਾਣੀ-ਫਲਾਣੀ ਜਗ੍ਹਾ ਤੇ ਆਏ ਹੋ?"

ਉਸਨੇ ਕਿਹਾ, "ਜੀ ਹਾਂ, ਸ਼੍ਰੀਮਾਨ। "

42 ਅਤੇ ਮੈਂ ਕਿਹਾ, " ਕੀ ਤੁਸੀਂ ਇਸ ਗੱਲ ਤੋਂ ਨਹੀਂ ਡਰਦੇ ਹੋ ਕਿ ਇਹ ਇੱਕ ਤਰ੍ਹਾਂ ਦਾ ਹੋਵੇਗਾ .....ਮੈਂ ਤੁਹਾਡੇ ਤੇ ਸ਼ੱਕ ਨਹੀਂ ਕਰ ਰਿਹਾ ਹਾਂ ਪ੍ਰੰਤੂ ਕੀ ਤੁਸੀਂ ਨਹੀਂ ਸੋਚਦੇ ਕਿ ਇੱਕ ਸੇਵਕ ਹੋਣ ਦੇ ਕਾਰਨ ਇਸਦਾ ਅਸਰ ਤੁਹਾਡੀ ਸੇਵਕਾਈ ਤੇ ਮਾੜਾ ਪਵੇਗਾ?ਕੀ ਤੁਸੀਂ ਇਹ ਨਹੀਂ ਸੋਚਦੇ ਕਿ ਸਾਨੂੰ ਇਸ ਤੋਂ ਥੋੜਾ ਵਧੀਆ ਨਮੂਨਾ ਦੇਣਾ ਚਾਹੀਦਾ ਹੈ?"

ਅਤੇ ਉਹਨੇ ਕਿਹਾ, " ਔਹ, ਇਹ ਜਨਾਨੀ ਤਾਂ ਇੱਕ ਸੰਤ ਔਰਤ ਹੈ। "

43 ਮੈਂ ਕਿਹਾ, " ਮੈਂ ਇਹਦੇ 'ਤੇ ਸ਼ੱਕ ਨਹੀਂ ਕਰਦਾ ਹਾਂ। ਪ੍ਰੰਤੂ ਭਾਈ ਜੀ ਇਹਦੇ ਵਾਰੇ ਵਿੱਚ ਇਹ ਗੱਲ ਹੈ ਕਿ ਹਰ ਇੱਕ ਆਦਮੀਂ ਜੋ ਉਸ ਔਰਤ ਵੱਲ ਵੇਖਦਾ ਹੈ, ਸੰਤ ਨਹੀਂ ਹੈ, ਵੇਖੋ, ਉਹ ਤਾਂ ਉਹ ਹੀ ਵੇਖਦਾ ਹੈ ਜੋ ਤੁਸੀਂ ਕਰ ਰਹੇ ਹੋ। " ਅਤੇ ਮੈਂ ਕਿਹਾ, " ਮੈਂ ਸੋਚਦਾ ਹਾਂ, ਚੰਗਾ ਹੋਵੇਗਾ ਕਿ ਤੁਸੀਂ ਸਾਵਧਾਨ ਰਹੋ। ਇਹ ਬੱਸ ਇੱਕ ਭਾਈ ਦੀ ਦੂਸਰੇ ਭਾਈ ਨੂੰ ਸਲਾਹ ਹੈ। " ਅਤੇ ਉਸਨੇ ਕਿਹਾ .....ਮੈਂ ਕਿਹਾ, " ਇਸ ਵੇਲੇ ਤੱਕ ਉਹ ਜਨਾਨੀ ਚਾਰ ਜਾਂ ਪੰਜ ਵਿਆਹ ਕਰਵਾ ਚੁੱਕੀ ਹੈ।"

ਅਤੇ ਉਸਨੇ ਕਿਹਾ, " ਹਾਂ, ਮੈਂ ਇਹ ਜਾਣਦਾ ਹਾਂ। ਤੁਸੀਂ ਜਾਣਦੇ ਹੋ ਕਿ ਮੈਂ-ਮੈਂ ........."

44 ਮੈਂ ਕਿਹਾ, "ਤੁਸੀਂ ਆਪਣੀ ਨਿੱਜੀ ਕਲੀਸਿਯਾ ਵਿੱਚ ਇਹਦੇ ਬਾਰੇ ਵਿੱਚ ਸਿੱਖਿਆ ਨਹੀਂ ਦਿੰਦੇ ਹੋ?"

45 ਉਸਨੇ ਆਖਿਆ, "ਨਹੀਂ ਪ੍ਰੰਤੂ ਭਾਈ ਬਰਾਨਹਾਮ ਤੁਸੀਂ ਜਾਣਦੇ ਹੋ ਕਿ ਮੈਨੂੰ ਇਹਦੇ ਬਾਰੇ ਵਿੱਚ ਇੱਕ ਦਰਸ਼ਨ ਮਿਲਿਆ ਸੀ। "

ਮੈਂ ਕਿਹਾ, " ਇਹ ਤਾਂ ਬੜੀ ਹੀ ਵਧੀਆ ਗੱਲ ਹੈ। " ਮੈਂ ਕਿਹਾ .........

46 ਉਸਨੇ ਕਿਹਾ, " ਕੀ ਤੁਸੀਂ ਬੁਰਾ ਮੰਨੋਗੇ?ਮੇਰਾ ਵਿਸ਼ਵਾਸ਼ ਹੈ ਕਿ ਮੈਂ ਤੁਹਾਡਾ ,ਇਸਦੇ ਵਾਰੇ ਵਿੱਚ ਜਿਹੜੀ ਤੁਹਾਡੀ ਸਿੱਖਿਆ ਹੈ ਉਸਦਾ ਥੋੜਾ ਜਿਹਾ ਸੁਧਾਰ ਕਰ ਸੱਕਦਾ ਹਾਂ। "

47 ਮੈਂ ਕਿਹਾ, " ਠੀਕ ਹੈ। " ਅਤੇ ਉਹ .....ਮੈਂ ਕਿਹਾ, " ਸ਼੍ਰੀਮਾਨ ਮੈਨੂੰ ਇਹ ਜਾਣ ਕੇ ਬਹੁਤ ਖੁਸ਼ੀ ਹੋਵੇਗੀ। "

48 ਅਤੇ ਉਸਨੇ ਕਿਹਾ, "ਚੰਗਾ, ਤੁਸੀਂ ਜਾਣਦੇ ਹੋ ਕਿ ਇਸ ਦਰਸ਼ਨ ਵਿੱਚ ਮੈਂ ਸੁੱਤਾ ਪਿਆ ਸੀ। "

ਅਤੇ ਮੈਂ ਕਿਹਾ, , " ਹਾਂ"। ਫਿਰ ਮੈਂ ਵੇਖਿਆ ਕਿ ਇਹ ਇੱਕ ਸੁਪਨਾ ਸੀ। ਸਮਝੇ?

49 ਅਤੇ ਉਸਨੇ ਕਿਹਾ, " ਮੇਰੀ ਪਤਨੀ, ਕਿਸੇ ਹੋਰ ਆਦਮੀ ਦੇ ਨਾਲ ਰਹਿ ਰਹੀ ਸੀ, "ਅਤੇ ਕਿਹਾ, " ਉਹ ਮੇਰੇ ਆਲੇ-ਦੁਆਲੇ ਘੁੰਮ ਰਹੀ ਸੀ। " ਅਤੇ ਆਖਣ ਲੱਗਾ, "ਫਿਰ ਉਹ ਮੇਰੇ ਕੋਲ ਆਈ ਅਤੇ ਮੈਨੂੰ ਕਿਹਾ, "ਔਹ, ਪਿਆਰੇ ਮੈਨੂੰ ਮਾਫ ਕਰ ਦੇ, ਮੈਨੂੰ ਮਾਫ ਮਾਫੀ ਦੇ ਦਿਓ, ਮੈਨੂੰ ਅਫਸੋਸ ਹੈ ਕਿ ਮੈਂ ਇਹ ਕੀਤਾ ਸੀ। ਹੁਣ ਤੋਂ ਮੈਂ ਤੇਰੇ ਲਈ ਵਫਾਦਾਰ ਰਹਾਂਗੀ," ਅਤੇ ਮੈਂ ਉਸਨੂੰ ਕਿਹਾ, ਠੀਕ ਹੈ। " ਮੈਂ ਉਹਦੇ ਨਾਲ ਇੰਨਾ ਪਿਆਰ ਕਰਦਾ ਹਾਂ ਕਿ ਮੈਂ ਉਸਨੂੰ ਮਾਫ ਕਰ ਦਿੱਤਾ ਅਤੇ ਕਿਹਾ, "ਫਿਰ.....

50 ਅਤੇ ਉਸਨੇ ਕਿਹਾ, "ਤੁਸੀਂ ਜਾਣਦੇ ਹੋ ਕੀ ਹੈ? ਇਸ ਤੋਂ ਬਾਦ ਮੈਨੂੰ ਇਸ ਦਰਸ਼ਨ ਦਾ ਅਰਥ ਮਿਲ ਗਿਆ ਕਿ ਇਹ ਉਹ ਇਸਤਰੀ ਸੀ। ਯਕੀਨਨ ਉਹ ਇਹਨਾਂ ਸਾਰੇ ਸਮਿਆਂ ਵਿੱਚ ਵਿਆਹ ਅਤੇ ਹੋਰ ਕਈ ਕੁਝ ਕਰ ਚੁੱਕੀ ਹੈ। ਉਸਦੇ ਲਈ ਇਹ ਬਿਲਕੁੱਲ ਠੀਕ ਐ ਕਿ ਉਹ ਵਿਆਹ ਕਰੇ ਕਿਉਂਕਿ ਖੁਦਾ ਨੇ ਉਸਦੇ ਨਾਲ ਏਨਾ ਵੱਧ ਪਿਆਰ ਕੀਤਾ ਹੈ। ਅਤੇ ਉਹ ਜਿੰਨੀ ਵਾਰ ਵਿਆਹ ਕਰਨਾ ਚਾਹੇ ਉਹ ਕਰ ਸੱਕਦੀ ਹੈ। "

51 ਮੈਂ ਕਿਹਾ, "ਹੋ ਸੱਕਦਾ ਹੈ ਕਿ ਤੁਹਾਡਾ ਦਰਸ਼ਨ ਬਹੁਤ ਹੀ ਮਿੱਠਾ ਹੋਵੇ ਪਰ ਉਹ ਸਿੱਧੇ ਮਾਰਗ ਤੋਂ ਕਿਤੇ ਲਾਂਭੇ ਹੈ। " ਮੈਂ ਉਸਨੂੰ ਆਖਿਆ, " ਵੇਖੋ, ਉਹ ਗਲਤ ਹੈ। ਤੁਹਾਨੂੰ ਇਹ ਨਹੀਂ ਕਰਨਾ ਚਾਹੀਦਾ। " ਇਸ ਲਈ .......ਵੇਖਿਆ?

52 ਪਰ ਜਦ ਤੁਸੀਂ ਵਚਨ ਵੇਖਦੇ ਹੋ ਅਤੇ ਇਹ ਦੂਸਰੀ ਲਿਖਤ ਦੇ ਨਾਲ ਬਿਲਕੁੱਲ ਠੀਕ ਮੇਲ ਖਾਂਦਾ ਹੈ ਅਤੇ ਇਸਨੂੰ ਇੱਕ ਲੜੀ ਵਿੱਚ ਪਿਰੋਅ ਰੱਖਦਾ ਹੈ ਜਿੱਥੇ ਕਿ ਉਹ ਇੱਕ ਦੂਜੇ ਨਾਲ ਠੀਕ-ਠੀਕ ਮੇਲ ਖਾਂਦੇ ਹੋਣ। ਵਚਨ ਦੀਆਂ ਲਿਖਤਾਂ ਦੇ ਵਾਰੇ ਵਿੱਚ ਇੰਝ ਹੈ ਕਿ ਜਿੱਥੇ ਵਚਨ ਦੀ ਇੱਕ ਲਿਖਤ ਛੁੱਟਦੀ ਹੈ ਉੱਥੇ ਹੀ ਵਚਨ ਦੀ ਕੋਈ ਹੋਰ ਲਿਖਤ ਆ ਕੇ ਉਸਦੇ ਨਾਲ ਜੁੜ ਜਾਂਦੀ ਹੈ ਅਤੇ ਇੱਕ ਸਾਫ ਤਸਵੀਰ ਬਣਦੀ ਜਾਂਦੀ ਹੈ।

53 ਇਹ ਇਸ ਤਰ੍ਹਾਂ ਹੈ ਜਿਵੇਂ ਕਿ ਭੁਲਾਵੇਂ ਅੱਖਰਾਂ ਨੂੰ ਠੀਕ-ਠੀਕ ਜੋੜੀਦਾ ਹੈ। ਤੁਸੀਂ ਉਸ ਟੁਕੜੇ ਨੂੰ ਲੈਂਦੇ ਹੋ ਜਿਹੜਾ ਕਿ ਉਸ ਖਾਨੇ ਵਿੱਚ ਬਿਲਕੁੱਲ ਠੀਕ ਬੈਠਦਾ ਹੋਵੇ। ਅਤੇ ਉਸਦੇ ਵਿੱਚ ਕੋਈ ਹੋਰ ਟੁਕੜਾ ਠੀਕ ਨਹੀਂ ਬੈਠ ਸੱਕਦਾ ਹੈ। ਇਸ ਤੋਂ ਬਾਦ ਤੁਸੀਂ ਤਸਵੀਰ ਬਣਾ ਲੈਂਦੇ ਹੋ।



409 ਸੁੱਤੀਆਂ ਹੋਈਆਂ ਕੁੰਵਾਰੀਆਂ ਨੇ ਆਖਿਆ, " ਹੁਣ ਮੈਂ ਉਸ ਤੇਲ ਵਿੱਚੋਂ ਥੋੜਾ ਜਿਹਾ ਤੇਲ ਚਾਹੁੰਦੀ ਹਾਂ। "

410 ਲਾੜੀ ਨੇ ਕਿਹਾ, " ਮੇਰੇ ਕੋਲ ਤਾਂ ਬਸ ਮੇਰੇ ਜੋਗਾ ਹੀ ਹੈ। ਜੇ ਤੁਸੀਂ ਇਹਨੂੰ ਚਾਹੁੰਦੀਆਂ ਹੋ ਤਾਂ ਤੁਸੀਂ ਜਾ ਕੇ ਇਹਦੇ ਲਈ ਦੁਆ ਕਰੋ। "

411 ਕੀ ਹੁਣ ਤੁਸੀਂ ਉਨ੍ਹਾਂ ਸੌਂਣ ਵਾਲੀਆਂ ਕੁੰਵਾਰੀਆਂ ਨੂੰ ਨਹੀਂ ਵੇਖ ਸੱਕਦੇ ਹੋ? ਐਪੀਸਕੋਪੈਲੀਅਨ, ਪ੍ਰੈਸਬਾਈਟੇਰੀਅਨ, ਲੂਥਰਨ ਅਤੇ ਉਹਨਾਂ ਬਾਕੀ ਸਭਨਾਂ ਤੇ ਧਿਆਨ ਮਾਰੋ ਕਿ ਉਹ ਕੀ ਕਰਨ ਦੀ ਕੋਸ਼ਿਸ਼ ਕਰ ਰਹੇ ਹਨ। ਅਤੇ ਉਹਨਾਂ ਦੇ ਨਾਲ ਮੁਸ਼ਕਿਲ ਤਾਂ ਇਹ ਹੈ ਕਿ ਉਹ ਪਵਿੱਤਰ ਆਤਮਾ ਪ੍ਰਾਪਤ ਕਰਨ ਦੀ ਬਜਾਏ ਪਰਾਈਆਂ ਭਾਖਿਆ ਬੋਲਣ ਦੀ ਕੋਸ਼ਿਸ਼ ਕਰ ਰਹੇ ਹਨ।

412 ਅਤੇ ਉਹਨਾਂ ਵਿੱਚੋਂ ਬਹੁਤ ਲੋਕ ਪਰਾਈ ਭਾਖਿਆ ਵਿੱਚ ਬੋਲਦੇ ਹਨ ਅਤੇ ਇਸ ਕਲੀਸਿਯਾ ਵਿੱਚ ਦੁਆ ਕਰਾਉਣ ਲਈ ਆਉਣ ਤੋਂ ਸ਼ਰਮਾਉਂਦੇ ਹਨ, ਉਹ ਮੇਰੇ ਕੋਲੋਂ ਇਹ ਚਾਹੁੰਦੇ ਹਨ ਕਿ ਮੈਂ ਉਨ੍ਹਾਂ ਦੇ ਘਰ ਆ ਕੇ ਉਹਨਾਂ ਲਈ ਦੁਆ ਕਰਾਂ। ਕੀ ਤੁਸੀਂ ਇਹਨੂੰ ਹੀ ਪਵਿੱਤਰ ਆਤਮਾ ਆਖਦੇ ਹੋ?ਸਮਝੇ?

413 ਹੁਣ, ਮੈਂ ਨਿਹਚਾ ਕਰਦਾ ਹਾਂ ਕਿ ਪਵਿੱਤਰ ਆਤਮਾ ਗੈਰ ਜ਼ੁਬਾਨਾਂ ਵਿੱਚ ਬੋਲਦਾ ਹੈ। ਵੇਖੋ, ਤੁਸੀਂ ਇਹ ਜਾਣਦੇ ਹੋ ਕਿ ਮੈਂ ਇਹ ਵਿਸ਼ਵਾਸ਼ ਕਰਦਾ ਹਾਂ। ਪ੍ਰੰਤੂ ਇਹ ਦੀਆਂ ਨਕਲਾਂ ਵੀ ਹਨ। ਹਾਂ ਜੀ ਸ਼੍ਰੀਮਾਨ। ਆਤਮਾ ਦੇ ਫਲ ਹੀ ਇਹ ਸਿੱਧ ਕਰਦੇ ਹਨ ਕਿ ਇਹ ਕੀ ਹੈ।

414 ਹੁਣ ਧਿਆਨ ਦਿਓ, ਜਦ ਉਹ ਆਉਂਦੀ ਹੈ, ਜਦ ਉਹ ਆਖਰੀ ਘੜੀ ਆਉਂਦੀ ਹੈ, ਤਦ ਉਹ ਜਾਂਦੇ ਹਨ ਅਤੇ ਕਹਿੰਦੇ ਹਨ, "ਚੰਗਾ ਹੁਣ ਮੈਂ ਵਿਸਵਾਸ਼ ਕਰਦਾ ਹਾਂ ਕਿ ਮੈਨੂੰ ਇਹ ਮਿਲ ਗਿਆ ਹੈ। ਮੈਂ ਪ੍ਰਤੀਤ ਕਰਦਾ ਹਾਂ ਕਿ ਮੈਨੂੰ ਇਹ ਮਿਲ ਗਿਆ ਹੈ। ਜੀ ਹਾਂ। ਸਾਨੂੰ ਇਹ ਮਿਲ ਰਿਹਾ ਹੈ।"

415 ਚੰਗਾ ਹੋਵੇਗਾ ਕਿ ਜੇ ਮੈਂ ਇਹ ਨਾ ਆਖਾਂ ਕਿਉਂਕਿ ਹੋ ਸੱਕਦਾ ਹੈ ਕਿ ਇਹ ਗੜਬੜ ਪੈਦਾ ਕਰ ਦੇਵੇ। ਜਦ ਕਿਸੇ ਦੂਜੇ ਦਿਨ ਮੈਂ ਸੁਰਗ ਤੇ ਉਠਾਏ ਜਾਣ ਦੇ ਬਾਰੇ ਕਿਹਾ ਸੀ ਕਿ ਇਹ ਕਿੰਜ ਹੋਵੇਗਾ, ਮੈਂ-ਮੈਂ .....ਹੁਣ, ਜੇ ਤੁਸੀਂ ਕਹਿੰਦੇ ਹੋ ਕਿ ਤੁਸੀਂ ਇਹਨੂੰ ਲੈ ਲਓਗੇ, ਠੀਕ ਹੈ। [ਸਭਾ ਆਖਦੀ ਹੈ, "ਆਮੀਨ। "-ਸੰਪਾ] ਵੇਖੋ। ਧਿਆਨ ਦਿਓ। ਠੀਕ ਹੈ ਇਹ ਤੁਹਾਡੇ ਉੱਤੇ ਨਿਰਭਰ ਕਰਦਾ ਹੈ।

416 ਵੇਖੋ,ਜਦ ਸੁੱਤੀਆਂ ਹੋਈਆਂ ਕੁੰਵਾਰੀਆਂ ਨੇ ਸੋਚਿਆ ਕਿ ਉਹਨਾਂ ਨੇ ਤਾਂ ਪ੍ਰਾਰਥਨਾ ਕਰ ਲਈ ਹੈ ਅਤੇ ਜਦ ਉਨ੍ਹਾਂ ਵਾਪਸ ਆ ਕੇ ਵੇਖਿਆ ਤਾਂ ਲਾੜੀ ਜਾ ਚੁੱਕੀ ਸੀ। ਲਾੜੀ ਚਲੀ ਵੀ ਗਈ ਅਤੇ ਉਨ੍ਹਾਂ ਨੂੰ ਇਹਦਾ ਪਤਾ ਵੀ ਨਹੀਂ ਲੱਗਾ -ਇਹ ਇਸੇ ਤਰ੍ਹਾਂ ਹੁੰਦਾ ਹੈ ਜਿਵੇਂ ਰਾਤ ਨੂੰ ਚੋਰ ਆਉਂਦਾ ਹੈ। ਫਿਰ ਉਹ ਬੂਹਾ ਖੜਕਾਉਣ ਲੱਗੀਆਂ। ਅਤੇ ਕੀ ਹੋਇਆ? ਉਹਨਾਂ ਨੂੰ ਕਸ਼ਟ ਕਾਲ ਵਿੱਚ ਸੁੱਟ ਦਿੱਤਾ ਗਿਆ। ਬਾਈਬਲ ਨੇ ਆਖਿਆ ਹੈ ਕਿ, " ਉੱਥੇ ਰੋਣਾ ਅਤੇ ਕਚੀਚੀਆਂ ਵੱਟਣਾ ਅਤੇ ਛਾਤੀ ਪਿੱਟਣਾ ਹੋਵੇਗਾ। " ਕੀ ਇਹ ਠੀਕ ਹੈ?

417 ਭਾਈਓ, ਭੈਣੋ ਮੈਂ ਨਹੀਂ ਜਾਣਦਾ ਹਾਂ ਕਿ ਇਹ ਕਦੋਂ ਹੋਣ ਜਾ ਰਿਹਾ ਹੈ। ਸਮਝੇ? ਪਰ ਮੇਰੇ ਲਈ ਤਾਂ ਇਹ ਹੈ ਕਿ ਹੋ ਸੱਕਦਾ ਹੈ ਕਿ ਇਹ ਠੀਕ ਇਸੇ ਵੇਲੇ ਹੋਵੇ। ਇਹ ਤਾਂ ਹੈ.....ਇਹ ਮੇਰਾ ਵਿਚਾਰ ਹੈ। ਮੇਰਾ ਯਕੀਨ ਹੈ ਕਿ ਇਹ ਬਹੁਤ ਨੇੜੇ ਹੈ। ਮੈਂ ਤਾਂ ...ਹਰ ਦਿਨ ਇਹ ਚਾਹੁੰਦਾ ਹਾਂ ਕਿ

402 ਮੈਨੂੰ ਇਹਦੇ ਲਈ ਜਵਾਬ ਦੇਣਾ ਪਵੇਗਾ। ਇਹ ਠੀਕ ਹੈ। ਅਸੀਂ ਕਿਸੇ ਵੀ ਚੀਜ਼ ਦੇ, ਕੋਈ ਵੀ ਮੂਰਖਤਾਈ ਜਾਂ ਕਿਸੇ ਵੀ ਅੰਦਾਜ਼ੇ ਦੇ ਅੱਧ-ਪਚੱਦੇ ਵਿਸ਼ਵਾਸ਼ ਦੇ ਬੜੇ ਨੇੜੇ ਹਾਂ। ਪਹਿਲਾਂ ਮੈਂ ਇਹਨੂੰ ਵੇਖਣਾ ਹੈ। ਅਤੇ ਫਿਰ ਜਦ ਮੈਂ ਇਹਨੂੰ ਵੇਖ ਲੈਂਦਾ ਹਾਂ ਤਾਂ ਇਹਨੂੰ ਵਚਨ ਵਿੱਚ ਵੀ ਹੋਣਾ ਚਾਹੀਦਾ ਹੈ। ਅਤੇ ਪ੍ਰਮੇਸ਼ੁਰ ਦੀ ਕਿਰਪਾ ਨਾਲ ਇਹ ਹਾਲੇ ਤੀਕਰ ਬਿਲਕੁੱਲ ਠੀਕ-ਠੀਕ ਵਚਨ ਦੇ ਨਾਲ ਮੇਲ ਖਾਂਦੇ ਸਨ। ਤੁਸੀਂ ਜਾਣਦੇ ਹੋ ਕਿ ਮੈਂ ਇਹਨੂੰ ਪੂਰੀ ਤਰ੍ਹਾਂ ਵਚਨ ਦੇ ਵਿੱਚੋਂ ਲੈਂਦਾ ਆ ਰਿਹਾ ਹਾਂ ਅਤੇ ਇਹ ਇੱਕ ਦੂਸਰੇ ਨਾਲ ਬਿਲਕੁੱਲ ਠੀਕ ਮੇਲ ਖਾਂਦਾ ਹੈ।

403 ਇਹਨੇ ਤਾਂ *ਯਹੋਵਾਹ ਇੰਝ ਫਰਮਾਉਂਦਾ ਹੈ* ਵਾਲੀ ਬਾਣੀ ਹੋਣਾ ਹੈ। ਕਿਉਂਕਿ ਜੇ ਇਹ ਇਸ ਤਰ੍ਹਾਂ ਨਹੀਂ ਹੈ ਤਾਂ ਇਹ ਮੇਰੀ ਵੱਲੋਂ ਮੇਰੇ ਵਚਨ ਦਾ ਕਥਨ ਹੈ, ਪਰ ਪ੍ਰਭੂ ਦਾ ਵਚਨ ਤਾਂ *ਯਹੋਵਾਹ ਇੰਝ ਫਰਮਾਉਂਦਾ ਹੈ* ਵਾਲੀ ਬਾਣੀ ਹੈ। ਅਤੇ ਇੱਥੇ ਵਚਨ ਹੈ ਜਿਹੜਾ ਉਹਨੇ ਮੈਨੂੰ ਦਿੱਤਾ ਹੈ ਅਤੇ ਇਹਨੂੰ ਆਪਸ ਵਿੱਚ ਇੱਕ ਜਗ੍ਹਾ ਮਿਲਾਉਂਦਾ ਹੈ ਅਤੇ ਤੁਹਾਨੂੰ ਵਿਖਾ ਰਿਹਾ ਹੈ। ਇਸ ਲਈ ਤੁਸੀਂ ਅਪ ਜਾਣਦੇ ਹੋ ਕਿ ਇਹ *ਯਹੋਵਾਹ ਇੰਝ ਫਰਮਾਉਂਦਾ ਹੈ* ਵਾਲਾ ਵਚਨ ਹੈ। ਸਮਝੇ?

404 ਵਚਨ ਇੱਥੇ ਇੰਝ ਹੀ ਕਹਿੰਦਾ ਹੈ। ਅਤੇ ਤਦ ਉਹਨੇ ਮੈਨੂੰ ਜਿਹੜਾ ਪ੍ਰਕਾਸ਼ ਦਿੱਤਾ ਉਹ ਇਹਦੇ ਉਲਟ ਹੈ ਜੋ ਸਾਡੇ ਵਿੱਚੋਂ ਕਿਸੇ ਨੇ ਵੀ ਕਦੇ ਸੋਚਿਆ ਸੀ -ਇਹ ਉਹਦੇ ਉਲਟ ਹੈ ਜੋ ਮੈਂ ਕਦੇ ਸੋਚਿਆ ਸੀ ਕਿਉਂਕਿ ਮੈਂ ਵਚਨ ਵਿੱਚ ਉਸ ਤਰ੍ਹਾਂ ਕਦੇ ਵੀ ਨਹੀਂ ਗਿਆ ਸੀ। ਪ੍ਰੰਤੂ ਹੁਣ ਸਾਨੂੰ ਪਤਾ ਲੱਗਾ ਹੈ ਕਿ ਇਹ ਇੱਕ ਦੂਜੇ ਨਾਲ ਮੇਲ ਖਾਂਦਾ ਹੈ। ਅਤੇ ਇਹ ਕੀ ਹੈ? ਇਹ *ਯਹੋਵਾਹ ਇੰਝ ਫਰਮਾਉਂਦਾ ਹੈ* ਵਾਲੀ ਬਾਣੀ ਹੈ। ਸਮਝੇ? ਇਹ ਬਿਲਕੁੱਲ ਇਹੋ ਹੀ ਹੈ। ਤੁਸੀਂ ਜਾਣਦੇ ਹੋ ਕਿ ਇਹ ਵਚਨ ਹੀ ਹੈ। ਇਹ ਪ੍ਰਭੂ ਹੀ ਹੈ ਜੋ ਇਸ ਤਰ੍ਹਾਂ ਕਰਦਾ ਹੈ। ਔਹ, ਮੈਂ ਉਹਨੂੰ ਪਿਆਰ ਕਰਦਾ ਹਾਂ। ਮੈਂ ਆਪਣੇ ਪੂਰੇ ਦਿਲ ਨਾਲ ਉਸਨੂੰ ਪਿਆਰ ਕਰਦਾ ਹਾਂ।

405 ਹੁਣ, ਤੁਸੀਂ ਯਾਦ ਰੱਖੋ ....ਅਸੀਂ ਜਗਵੇਦੀ ਤੇ ਨਹੀਂ ਜਾ ਸੱਕਦੇ ਹਾਂ। ਬਹੁਤ ਸਾਰੇ ਲੋਕਾਂ ਨੇ ਆਪਣੇ ਹੱਥਾਂ ਨੂੰ ਉੱਪਰ ਚੁੱਕਿਆ ਹੈ। ਹੁਣ, ਇਹ ਤੁਹਾਡਾ ਤੁਹਾਡੇ ਨਾਲ ਨਿੱਜੀ ਮਾਮਲਾ ਹੈ। ਇਹ ਤਾਂ ਉਹ ਹੈ ਕਿ ਜੋ ਵੀ ਤੁਸੀਂ ਕਰਨਾ ਚਾਹੁੰਦੇ ਹੋ ਕਰੋ। ਸਮਝੇ?

406 ਅਰ ਸਮਾਂ ਬਹੁਤ ਨੇੜੇ ਹੈ ਤੁਸੀਂ ਜਿੰਨਾ ਵੀ ਵਧੇਰੇ ਕਰ ਸੱਕਦੇ ਹੋ ਕਰੋ ਕਿ ਪਿਛਾਂਹ ਨਾ ਖਿੱਚੇ ਜਾਓ। ਵੇਖੋ, ਬਸ ਅੰਦਰ ਜਾਣ ਦਾ ਯਤਨ ਕਰੋ, "ਪ੍ਰਭੂ ਮੈਨੂੰ ਬਾਹਰ ਨਾ ਰਹਿਣ ਦੇਵੀਂ, ਪ੍ਰਭੂ ਮੈਨੂੰ ਬਾਹਰ ਨਾ ਛੱਡੀਂ। ਦਰਵਾਜੇ ਬੰਦ ਹੋ ਰਹੇ ਹਨ ਜੇ ਮੈਂ ਅੰਦਰ ਪ੍ਰਵੇਸ਼ ਕਰ ਸਕਾਂ। " ਸਮਝੇ?

407 ਪ੍ਰਮੇਸ਼ੁਰ ਕਿਸੇ ਦਿਨ ਦਰਵਾਜ਼ਾ ਬੰਦ ਕਰ ਦੇਵੇਗਾ। ਉਸਨੇ ਇਸ ਤਰ੍ਹਾਂ ਨੂਹ ਦੇ ਦਿਨ ਵਿੱਚ ਕੀਤਾ ਸੀ ਅਤੇ ਲੋਕ ਦਰਵਾਜ਼ਾ ਖੜਕਾਉਂਦੇ ਰਹੇ। [ਭਾਈ ਬ੍ਰਾਨਹਾਮ ਪੁਲਪਿਟ ਨੂੰ ਕਈ ਵਾਰ ਖੜਕਾਉਂਦੇ ਹਨ। -ਸੰਪਾ]ਕੀ ਇਹ ਠੀਕ ਹੈ? [ਸਭਾ ਆਖਦੀ ਹੈ, "ਆਮੀਨ। "-ਸੰਪਾ]

408 ਹੁਣ ਯਾਦ ਰੱਖੋ ਕਿ ਬਾਈਬਲ ਵਿੱਚ ਕਿਹਾ ਗਿਆ ਹੈ, "ਸੱਤਵੀਂ ਘੜੀ ਵਿੱਚ।" ਕੀ ਇਹ ਠੀਕ ਹੈ? [ਸਭਾ ਆਖਦੀ ਹੈ, "ਆਮੀਨ। "-ਸੰਪਾ]ਕੁਝ ਪਹਿਲੀ ਘੜੀ, ਦੂਸਰੀ, ਤੀਸਰੀ, ਚੌਥੀ, ਪੰਜਵੀਂ, ਛੇਵੀਂ, ਸੱਤਵੀਂ ਘੜੀ ਵਿੱਚ ਸੌਂ ਗਏ। ਪਰ ਸੱਤਵੀਂ ਘੜੀ ਵਿੱਚ ਇੱਕ ਐਲਾਨ (ਘੋਸ਼ਣਾ) ਹੁੰਦਾ ਹੈ, ਇੱਕ ਪੁਕਾਰ ਹੋਈ ਕਿ, "ਲਾੜਾ ਆਉਂਦਾ ਹੈ। ਉਸਨੂੰ ਮਿਲਣ ਲਈ ਬਾਹਰ ਨਿੱਕਲੋ।"



54 ਅਤੇ ਇੱਕ ਹੀ ਹੈ ਜੋ ਇਹ ਕਰ ਸੱਕਦਾ ਹੈ, ਅਤੇ ਉਹ ਹੈ ਲੇਲਾ ਅਤੇ ਇਸੇ ਲਈ ਅਸੀਂ ਉਸਦੀ ਵੱਲ ਤੱਕ ਰਹੇ ਹਾਂ।

55 ਪ੍ਰੰਤੂ ਜਦ ਅਸੀਂ ਇਹ ਵੇਖਿਆ ਸੀ ਕਿ ਇਹ ਇੱਕ ਹੀ ਸਵਾਰ ਹੈ ਜਿਹੜਾ ਉਹਨਾਂ ਘੋੜਿਆਂ ਤੇ ਸਵਾਰ ਹੈ ਅਤੇ ਫਿਰ ਅਸੀਂ ਉਸਦਾ ਠੀਕ ਆਖੀਰ ਤੱਕ ਪਿੱਛਾ ਕੀਤਾ ਅਤੇ ਅਸੀਂ ਵੇਖਿਆ ਕਿ ਉਸਨੇ ਕੀ ਕੀਤਾ ਹੈ ਅਤੇ ਅਸੀਂ ਸੱਭ ਕੁਝ ਵੇਖਿਆ

ਅਤੇ ਇਹ ਲੱਭਿਆ ਕਿ ਬਿਲਕੁੱਲ ਇਹੋ ਹੀ ਉਸਨੇ ਕਲੀਸਿਯਾਈ ਯੁੱਗਾਂ ਵਿੱਚ ਕੀਤਾ ਹੈ।

56 ਅਸੀਂ ਵੇਖਿਆ ਕਿ ਤਦ ਉਹ ਇੱਕ ਖਾਸ ਜੰਤੂ ਤੇ ਸਵਾਰ ਹੋ ਕੇ ਬਾਹਰ ਨਿੱਕਲਿਆ ਅਤੇ ਇੱਕ ਖਾਸ ਕੰਮ ਕੀਤਾ ਤਾਂ ਇੱਕ ਜੰਤੂ ਨੂੰ ਉਸਦਾ ਮੁਕਾਬਲਾ ਕਰਨ ਲਈ ਭੇਜਿਆ ਗਿਆ ਤਾਂ ਉਸਨੇ ਕੀ ਕੀਤਾ ਸੀ।

57 ਜੋ ਪਹਿਲੇ ਕਲੀਸਿਯਾ ਦੇ ਯੁੱਗ ਲਈ ਜੰਤੂ ਭੇਜਿਆ ਗਿਆ ਉਹ ਲੇਲਾ ......ਸ਼ੇਰ ਸੀ। ਉਹ ਵਚਨ ਸੀ ਅਸਲ ਵਿੱਚ ਉਹ ਮਸੀਹ ਸੀ।

58 ਅਗਲਾ ਜੰਤੂ ਵਹਿੜਕਾ ਸੀ, ਇਹ ਹਨੇਰ ਯੁੱਗ ਦੇ ਵੇਲੇ ਤਦ ਭੇਜਿਆ ਗਿਆ ਜਦੋਂ ਕਲੀਸਿਯਾ ਜੱਥੇਬੰਦ ਹੋ ਗਈ ਸੀ ਅਤੇ ਉਸਨੇ ਵਚਨ ਨੂੰ ਕਬੂਲ ਕਰਨ ਦੀ ਬਜਾਏ ਸਿਧਾਂਤ ਅਤੇ ਅਕੀਦੇ ਕਬੂਲ ਕਰ ਲਏ ਸਨ।

59 ਅਤੇ ਯਾਦ ਰੱਖੋ, ਸਾਰੀ ਗੱਲ ਦੋ ਗੱਲਾਂ ਉੱਤੇ ਹੀ ਨਿਰਭਰ ਹੈ, ਇੱਕ ਤਾਂ ਮਸੀਹ ਵਿਰੋਧੀ ਹੈ, ਅਤੇ ਦੂਸਰਾ ਮਸੀਹ ਹੈ।

60 ਅੱਜ ਵੀ ਬਿਲਕੁੱਲ ਇਹ ਹੀ ਗੱਲ ਹੈ। ਇੰਝ ਨਹੀਂ ਹੈ ਕਿ ਕੋਈ ਅੱਧਾ -ਪਚੱਦਾ ਮਸੀਹੀ ਹੋਵੇ। ਇੱਕ ਹੀ ਸਮੇਂ ਤੇ ਕੋਈ ਸ਼ਰਾਬੀ ਅਤੇ ਸੋਂਫੀ ਨਹੀਂ ਹੁੰਦਾ ਹੈ, ਕਾਲੇ ਅਤੇ ਚਿੱਟੇ ਪੰਛੀ ਵੀ ਇੱਕ ਸਮੇਂ ਹੀ ਨਹੀਂ ਹੁੰਦੇ ਹਨ ; ਨਹੀਂ, ਨਹੀਂ, ਨਹੀਂ ; ਨਾ ਹੀ ਪਾਪੀ ਸੰਤ ਹੈ। ਜਾਂ ਤਾਂ ਤੁਸੀਂ ਪਾਪੀ ਹੋ ਜਾਂ ਫਿਰ ਸੰਤ ਹੋ। ਸਮਝੇ? ਅੱਧ ਵਿਚਕਾਏ ਵਾਲੀ ਕੋਈ ਚੀਜ਼ ਨਹੀਂ ਹੈ। ਜਾਂ ਤਾਂ ਤੁਸੀਂ ਨਵਾਂ ਜਨਮ ਪਾਏ ਹੋਏ ਹੋ ਜਾਂ ਫਿਰ ਤੁਸੀਂ ਨਵਾਂ ਜਨਮ ਪਾਏ ਹੋਏ ਨਹੀਂ ਹੋ। ਜਾਂ ਤਾਂ ਤੁਸੀਂ ਪਵਿੱਤਰ ਆਤਮਾ ਦੇ ਨਾਲ ਭਰੇ ਹੋਏ ਹੋ ਜਾਂ ਫਿਰ ਤੁਸੀਂ ਪਵਿੱਤਰ ਆਤਮਾ ਦੇ ਨਾਲ ਭਰੇ ਹੋਏ ਨਹੀਂ ਹੋ। ਸਮਝੇ?ਇਸਦਾ ਕੋਈ ਮਤਲਬ ਨਹੀਂ ਹੈ ਕਿ ਤੁਹਾਨੂੰ ਕਿੰਨੀਆਂ ਭਾਵਨਾਵਾਂ ਹੁੰਦੀਆਂ ਹਨ। ਅਤੇ ਜੇ ਤੁਸੀਂ ਪਵਿੱਤਰ ਆਤਮਾ ਦੇ ਨਾਲ ਭਰ ਚੁੱਕੇ ਹੋਏ ਹੋ ਤਾਂ ਤੁਹਾਡਾ ਜੀਵਨ ਹੀ ਇਹਨੂੰ ਵਿਖਾਉਂਦਾ ਹੈ ਅਤੇ ਉਹ ਇਸਦੇ ਨਾਲ-ਨਾਲ ਚੱਲਦਾ ਹੈ। ਸਮਝੇ? ਕਿਸੇ ਵੀ ਦੂਸਰੇ ਨੂੰ ਇਹਦੇ ਬਾਰੇ ਵਿੱਚ ਦੱਸਣਾ ਨਹੀਂ ਪੈਂਦਾ ਹੈ। ਵੇਖੋ, ਉਹ ਇਹਨੂੰ ਵੇਖਦੇ ਹਨ ਕਿਉਂਕਿ ਇਹ ਇੱਕ ਮੋਹਰ ਹੈ।

61 ਅਤੇ ਹੁਣ ਅਸੀਂ ਪਤਾ ਲਗਾਇਆ ਕਿ ਹਰ ਵਾਰ ਉਹ ਪਸ਼ੂ ਕਿਵੇਂ ਅਗਾਂਹ ਵੱਧਦੇ ਹਨ। ਇੱਕ ਨੂੰ ਉਸਦੀ ਸੇਵਕਾਈ ਲਈ ਰਾਜਨਿਤਕ ਸ਼ਕਤੀਆਂ ਲਈ ਘੱਲਿਆ ਜਾਂਦਾ ਹੈ ਅਤੇ ਉਹ ਰਾਜਨਿਤਕ ਅਤੇ ਧਾਰਮਿਕ ਸ਼ਕਤੀਆਂ ਨੂੰ ਇਕੱਠੇ ਜੋੜਦਾ ਹੈ। ਅਸੀਂ ਵੇਖਿਆ ਸੀ ਕਿ ਉਸਦਾ ਮੁਕਾਬਲਾ ਕਰਨ ਲਈ ਪ੍ਰਮੇਸ਼ੁਰ ਆਪਣੀ ਸ਼ਕਤੀ ਭੇਜਦਾ ਹੈ। ਅਸੀਂ ਪਿੱਛੇ ਤੱਕ ਗਏ ਸੀ ਅਤੇ ਅਸੀਂ

ਵੇਖਿਆ ਸੀ ਕਿ ਕਲੀਸਿਯਾਈ ਯੁੱਗ ਕੀ ਸੀ ਅਤੇ ਅਸੀਂ ਪੁਰਾਣੀਆਂ ਗੱਲਾਂ ਨੂੰ ਵੇਖਿਆ ਸੀ ਅਤੇ ਉੱਥੇ ਇਹ ਸੀ, ਬਿਲਕੁੱਲ ਉਸੇ ਹੀ ਢੰਗ ਨਾਲ ਸੀ।

62 ਇਸ ਤੋਂ ਬਾਦ ਅਸੀਂ ਵੇਖਿਆ ਕਿ ਇੱਕ ਹੋਰ ਯੁੱਗ ਆਉਂਦਾ ਹੈ ਅਤੇ ਵੈਰੀ ਨੇ ਮਸੀਹ ਵਿਰੋਧੀ ਨੂੰ ਧਰਮ ਦੇ ਨਾਮ ਉੱਤੇ ਮਸੀਹ ਦੇ ਨਾਮ ਉੱਤੇ, ਕਲੀਸਿਯਾ ਦੇ ਨਾਮ ਉੱਤੇ ਘੱਲ ਦਿੱਤਾ। ਜੀ ਹਾਂ ਸ਼੍ਰੀਮਾਨ। ਇੱਥੋਂ ਤੱਕ ਕਿ ਉਹ ਪ੍ਰਮੇਸ਼ੁਰ ਦੀ ਕਲੀਸਿਯਾ ਦੇ ਨਾਮ ਤੇ ਬਾਹਰ ਨਿੱਕਲ ਕੇ ਆਇਆ। ਉਸਨੇ ਕਿਹਾ, " ਇਹ ਪ੍ਰਮੇਸ਼ੁਰ ਦੀ ਸੱਚੀ ਕਲੀਸਿਯਾ ਸੀ। " ਸਮਝੇ? ਰੂਸ ਮਸੀਹ ਵਿਰੋਧੀ ਨਹੀਂ ਹੈ। ਉਹ ਮਸੀਹ ਵਿਰੋਧੀ ਨਹੀਂ ਹੈ।

63 ਮਸੀਹ ਵਿਰੋਧੀ ਤਾਂ ਅਸਲੀ ਮਸੀਹਤ ਵਾਂਗ ਐਨਾ ਨੇੜੇ ਹੈ ਕਿ ਬਾਈਬਲ ਨੇ ਆਖਿਆ ਹੈ ਕਿ "ਇਹ ਉਸ ਹਰੇਕ ਮਨੁੱਖ ਨੂੰ ਜਿਹੜਾ ਪਹਿਲਾਂ ਤੋਂ ਠਹਿਰਾਇਆ ਹੋਇਆ ਨਹੀਂ ਹੈ ਮੂਰਖ ਬਣਾ ਦੇਵੇਗਾ।" ਇਹ ਠੀਕ ਹੈ। ਬਾਈਬਲ ਇਹ ਕਹਿੰਦੀ ਹੈ ਕਿ " ਇਹ ਅੰਤ ਦੇ ਦਿਨਾਂ ਵਿੱਚ ਹਰੇਕ ਉਸ ਮਨੁੱਖ ਨੂੰ ਜੋ ਪਹਿਲਾਂ ਤੋਂ ਠਹਿਰਾਇਆ ਹੋਇਆ ਨਹੀਂ ਹੈ, ਜੋ ਅਗੇਤਰਾ ਹੀ ਚੁਣਿਆ ਹੋਇਆ ਨਹੀਂ ਹੈ -ਜਿਹਦਾ ਨਾਮ ਜਗਤ ਦੀ ਉਤਪਤੀ ਤੋਂ ਪਹਿਲਾਂ ਹੀ ਲੇਲੇ ਦੀ ਜੀਵਨ ਦੀ ਪੋਥੀ ਵਿੱਚ ਲਿਖਿਆ ਹੋਇਆ ਨਹੀਂ, ਮੂਰਖ ਬਣਾ ਦੇਵੇਗਾ, ਇੱਥੇ ਲਿਖਿਆ ਹੈ ਕਿ " ਚੁਣੇ ਹੋਏ। " ਤੁਸੀਂ ਬਾਈਬਲ ਵਾਲੇ ਹਾਸ਼ੀਏ ਵਿੱਚ ਇਸ ਸ਼ਬਦ ਨੂੰ ਵੇਖੋ ਅਤੇ ਵੇਖੋ ਕਿ ਇਸਦਾ ਕੀ ਅਰਥ ਹੈ।

64 ਜਦ ਲੇਲਾ ਕੋਹਿਆ ਗਿਆ ਸੀ ਤਾਂ ਉਹ ਨਾਮ ਪੋਥੀ ਵਿੱਚ ਲਿਖੇ ਗਏ ਸਨ। ਅੱਜ ਰਾਤ ਉਹ ਇੱਕ ਵਿਚੋਲੇ ਦੇ ਰੂਪ ਪਵਿੱਤਰ ਸਥਾਨ ਵਿੱਚ, ਮਹਿਮਾਂ ਵਿੱਚ ਖੜਾ ਉਹਨਾਂ ਹਰ ਇੱਕ ਲਈ ਵਿਚੋਲਗੀ ਕਰ ਰਿਹਾ ਹੈ ਜਿਹਨਾਂ ਦੇ ਨਾਮ ਉਸ ਪੋਥੀ ਵਿੱਚ ਹਨ। ਅਤੇ ਉਹਨਾਂ ਨਾਮਾਂ ਨੂੰ ਉਸ ਤੋਂ ਇਲਾਵਾ ਹੋਰ ਕੋਈ ਨਹੀਂ ਜਾਣਦਾ ਹੈ। ਸਿਰਫ ਉਹ ਹੀ ਹੈ ਜਿਹਦੇ ਹੱਥ ਵਿੱਚ ਉਹ ਪੋਥੀ ਹੈ ਅਤੇ ਉਹ ਉਹਨਾਂ ਨਾਮਾਂ ਨੂੰ ਜਾਣਦਾ ਹੈ। ਜਦ ਉਹ ਆਖਰੀ ਆਦਮੀਂ ਅੰਦਰ ਆ ਜਾਂਦਾ ਹੈ ਤਾਂ ਉਸਦੇ ਵਿਚੋਲਗੀ ਦੇ ਦਿਨ ਖਤਮ ਹੋ ਜਾਂਦੇ ਹਨ। ਫਿਰ ਉਹ ਅੱਗੇ ਆਉਂਦਾ ਹੈ ਅਤੇ ਉਹਨਾਂ ਦਾ ਦਾਅਵਾ ਕਰਦਾ ਹੈ ਜਿਹਨਾਂ ਲਈ ਉਸਨੇ ਵਿਚੋਲੇ ਦਾ ਕੰਮ ਕੀਤਾ ਹੈ। ਉਹ ਇਸ ਵੇਲੇ ਛੁਡਾਉਣ ਵਾਲੇ ਨੇੜੇ ਦੇ ਰਿਸ਼ਤੇਦਾਰ ਦਾ ਕੰਮ ਕਰ ਰਿਹਾ ਹੈ ਅਤੇ ਉਹ ਆਪਣੇ ਲੋਕਾਂ ਨੂੰ ਲੈਣ ਲਈ ਅੱਗੇ ਆਉਂਦਾ ਹੈ। ਹੇ, ਮੇਰੇ ਪ੍ਰਮੇਸ਼ੁਰ !

65 ਇਹ ਹਰ ਇੱਕ ਮਸੀਹੀ ਨੂੰ ਆਪਣੇ ਜੀਵਨ ਦੀ ਜਾਂਚ ਪੜਤਾਲ ਕਰਨ ਲਈ ਅਗਾਂਹ ਕਰਦੀ ਹੈ ਕਿ ਉਹ ਅਪਣੇ ਹੱਥਾਂ ਨੂੰ ਖੁਦਾ ਦੇ ਵੱਲ ਉਤਾਂਹ ਉਠਾਏ ਅਤੇ ਕਹੇ, " ਹੇ ਪ੍ਰਭੂ ,ਮੈਨੂੰ ਸ਼ੁੱਧ ਕਰ। ਮੇਰੇ ਜੀਵਨ ਵਿੱਚ ਝਾਤੀ ਮਾਰ ਕੇ ਵੇਖ ਅਤੇ ਮੈਨੂੰ ਵੇਖ ਕਿ ਮੇਰੇ ਵਿੱਚ ਬੁਰਾਈ ਕਿੱਥੇ ਹੈ। ਮੈਂ ਇਹਨੂੰ ਹੁਣੇ ਹੀ ਬਾਹਰ ਕੱਢ ਦਿਆਂ। " ਕਿਉਂਕਿ ਜੇ ਧਰਮੀਂ ਮਨੁੱਖ ਹੀ ਮੁਸ਼ਕਿਲ ਨਾਲ ਮੁਕਤੀ ਪਾਏਗਾ ਤਾਂ ਪਾਪੀਆਂ ਅਤੇ ਕੁਧਰਮੀਆਂ ਦਾ ਕੀ ਬਣੇਗਾ? ਇਹ ਸਮਾਂ ਅਪਣੇ ਆਪ ਦੀ ਜਾਂਚ ਕਰਨ ਦਾ ਸਮਾਂ ਹੈ।

66 ਅਤੇ ਜੇ ਤੁਸੀਂ ਲਓ ਅਤੇ ਚਾਹੁੰਦੇ ਹੋ ਕਿ ......ਇਸ ਵਚਨ ਨੂੰ ਦਿਓ। ਹੁਣ ਮੈਂ ਨਹੀਂ ਚਾਹੁੰਦਾ ਹਾਂ ਕਿ ਤੁਸੀਂ ਇਸਤੇ ਮੈਨੂੰ ਕੋਈ ਪ੍ਰਸ਼ਨ ਕਰੋ ਕਿਉਂਕਿ ਇਹ ਮੈਨੂੰ ਕਿਸੇ ਹੋਰ ਦੂਜੀ ਗੱਲ ਤੇ ਲੈ ਆਵੇਗਾ, ਮੇਰਾ ਮਤਲਬ ਤੁਹਾਡੇ ਪ੍ਰਸ਼ਨ ਉੱਤਰ ਲਿਖਣ ਦਾ ਹੈ। ਮੈਂ ਸੋਚਦਾ ਹਾਂ ਕਿ ਜੋ ਵੀ ਹੋਵੇ ਇਸ



394 ਪਿਤਾ, ਹੁਣ ਤੂੰ ਆਪਣੇ ਬੱਚਿਆਂ ਨੂੰ ਆਪਣੀਆਂ ਬਾਹਾਂ ਵਿੱਚ ਲੈ ਲੈਅ। ਆਪਣੇ ਛੋਟੇ ਲੇਲਿਆਂ ਨੂੰ ਆਪਣੇ ਵੱਲ ਖਿੱਚ ਲੈਅ। ਪ੍ਰਭੂ ਇਹ ਬਖਸ਼ ਦੇਹ। ਅਤੇ ਉਹਨਾਂ ਨੂੰ ਤਦ ਤੱਕ ਵਚਨ ਦਾ ਭੋਜਨ ਖੁਆ ਜਦ ਤੱਕ ਕਿ ਉਹ ਸੇਵਾ ਲਈ ਬਲ ਨਾ ਪਾ ਲੈਣ। ਪ੍ਰਭੂ ,ਹੁਣ ਅਸੀਂ ਇਹਨਾਂ ਨੂੰ ਤੇਰੇ ਹਵਾਲੇ ਕਰਦੇ ਹਾਂ। ਇਸ ਦੁਆ ਦਾ ਉੱਤਰ ਦੇ।

395 ਪਿਤਾ, ਤੂੰ ਮਰਕੁਸ 11ਬਾਬ ਵਿੱਚ ਕਿਹਾ ਸੀ, " ਜਦ ਤੁਸੀਂ ਦੁਆ ਕਰਨ ਲਈ ਖੜੇ ਹੋਵੋ ਤਾਂ ਵਿਸ਼ਵਾਸ਼ ਕਰੋ ਕਿ ਜੋ ਤੁਸਾਂ ਮੰਗਿਆ ਹੈ ਉਹ ਤੁਹਾਨੂੰ ਮਿਲ ਜਾਵੇਗਾ। "

396 ਅਤੇ ਹੁਣ ਮੈਂ ਆਪਣਾ ਸਾਰਾ ਦਿਲ ਉਹਨੂੰ ਦਿੰਦਾ ਹਾਂ ਜੋ ਕਿ ਸਾਲਾਂ ਤੋਂ ਇਨ੍ਹਾਂ ਗੱਲਾਂ ਨੂੰ ਪ੍ਰਗਟ ਕਰਦਾ ਆ ਰਿਹਾ ਹੈ। ਅਤੇ ਇਸ ਪਿਛਲੇ ਹਫਤੇ ਇਹਨਾਂ ਮੋਹਰਾਂ ਨੂੰ ,ਪ੍ਰਭੂ ਪ੍ਰਮੇਸ਼ੁਰ, ਮੈਂ ਵਿਸ਼ਵਾਸ਼ ਕਰਦਾ ਹਾਂ ਕਿ ਤੇਰੀ ਆਮਦ ਅਸਲ ਵਿੱਚ ਉਸ ਤੋਂ ਵੀ ਕਿਤੇ ਨੇੜੇ ਹੈ ਜਿੰਨਾ ਕਿ ਅਸੀਂ ਸੋਚਦੇ ਹਾਂ।

397 ਪ੍ਰਭੂ ਕਿਰਪਾ ਕਰਕੇ ਮੇਰੀ ਦੁਆ ਦਾ ਉੱਤਰ ਦੇ। ਅਤੇ ਹੋਣ ਦੇ ਕਿ ਪ੍ਰਮੇਸ਼ੁਰ ਦਾ ਬੁਲਾਇਆ ਹੋਇਆ ਹਰ ਇੱਕ ਬੱਚਾ ਜੋ ਕਿ ਸੁਣਨ ਭਰ ਦੀ ਦੂਰੀ ਤੇ ਹੈ ਜਾਂ ਉਹਨਾਂ ਨੂੰ ਟੇਪਾਂ ਢੂੰਹਦੀਆਂ ਹਨ ਤਾਂ ਉਸੇ ਵੇਲੇ .....ਮੈਂ ਇਹ ਜਾਨਣ ਦੇ ਅਧਾਰ ਤੇ ਕਿ ਇਹ ਪ੍ਰਮੇਸ਼ੁਰ ਦਾ ਵਚਨ ਹੈ ਜੋ ਪ੍ਰਗਟ ਹੋਇਆ ਹੈ, ਉਹਨਾਂ ਦਾ ਪ੍ਰਮੇਸ਼ੁਰ ਦੇ ਰਾਜ ਲਈ ਦਾਅਵਾ ਕਰਦਾ ਹਾਂ। ਪਿਤਾ ਹੋਣ ਦੇ ਕਿ ਸ਼ਾਮਾਂ ਦਾ ਉਜਿਆਲਾ ਪ੍ਰਗਟ ਹੋਵੇ। ਮੈਂ ਇਹਨਾਂ ਨੂੰ ਯਿਸੂ ਦੇ ਨਾਮ ਵਿੱਚ ਤੇਰੇ ਹਵਾਲੇ ਕਰਦਾ ਹਾਂ। ਆਮੀਨ।

398 ਅਤੇ ਹੁਣ ਉਹ ਸੱਭ ਜੋ ਇੱਥੇ ਅੰਦਰ ਹਨ ਜਾਂ ਬਾਹਰ ਹਨ ਅਤੇ ਨਿਹਚਾ ਕਰਦੇ ਹਨ ਅਤੇ ਉਹਨਾਂ ਨੇ ਇਸ ਗੱਲ ਦਾ ਕਦੇ ਖੁੱਲ੍ਹਮ-ਖੁੱਲ੍ਹਾ ਇਕਰਾਰ ਨਹੀਂ ਕੀਤਾ ਹੈ ਕਿ ਉਹ ਪਾਪ ਦੇ ਨਾਲ ਮਰ ਗਏ ਹਨ, ਅਤੇ ਉਹ ਪ੍ਰਮੇਸ਼ੁਰ ਦੀ ਕਿਰਪਾ ਚਾਹੁੰਦੇ ਹਨ ਤੇ ਤੂੰ ਉਹਨਾਂ ਨੂੰ ਯਿਸੂ ਮਸੀਹ ਦੇ ਵਿੱਚ ਕਬੂਲ ਕਰ ਲਿਆ ਹੈ। ਤਲਾ .....ਉਹ ਉਹਨਾਂ ਨੂੰ ਬਪਤਿਸਮਾ ਦੇਣ ਲਈ ਤਿਆਰ ਮਿਲਣਗੇ ਜੋ ਅੱਜ ਜਾਂ ਕੱਲ ਜਾਂ ਹੁਣੇ ਹੀ ਜਾਂ ਕਿਸੇ ਵੀ ਸਮੇਂ ਬਪਤਿਸਮਾ ਲੈਣਾ ਚਾਹੁੰਦੇ ਹਨ।

399 ਕੀ ਤੁਸੀਂ ਛੇਵੀਂ ਮੋਹਰ ਦਾ ਅਨੰਦ ਲਿਆ ਹੈ? [ਸਭਾ ਆਖਦੀ ਹੈ, "ਆਮੀਨ। "-ਸੰਪਾ]ਹੁਣ ਕੀ ਤੁਸੀਂ ਵੇਖਦੇ ਹੋ ਕਿ ਇਹ ਇੱਥੇ ਖੁੱਲ੍ਹੀ ਹੈ ["ਆਮੀਨ। "] ਕੀ ਤੁਸੀਂ ਇਹਦਾ ਵਿਸ਼ਵਾਸ਼ ਕੀਤਾ ਹੈ? ["ਆਮੀਨ। "]

400 ਇਹ ਕਿਹਾ ਗਿਆ ਹੈ, "ਸਾਡੇ ਪ੍ਰਚਾਰ ਦੀ ਕਿਹਨੇ ਪ੍ਰਤੀਤ ਕੀਤੀ? ਅਤੇ ਪ੍ਰਮੇਸ਼ੁਰ ਦੀ ਭੁਜਾ ਕਿਹਦੇ ਉੱਤੇ ਪ੍ਰਗਟ ਹੋਈ ?" ਸਮਝੇ? ਪ੍ਰਚਾਰ ਦਾ ਵਿਸ਼ਵਾਸ਼ ਕਰੋ। ਤਦ ਪ੍ਰਮੇਸ਼ੁਰ ਦੀ ਭੁਜਾ ਪ੍ਰਗਟ ਹੁੰਦੀ ਹੈ। ਪ੍ਰਮੇਸ਼ੁਰ ਦੀ ਭੁਜਾ -ਪਰਮੇਸ਼ੁਰ ਦਾ ਵਚਨ ਪ੍ਰਗਟ ਹੋਇਆ ਹੈ।

401 ਹੁਣ, ਕੱਲ ਸਵੇਰੇ ਜੇ ਪ੍ਰਭੂ ਦੀ ਮਰਜੀ ਹੋਈ ਤਾਂ ਮੈਂ ਉਹਨਾਂ ਪ੍ਰਸ਼ਨਾਂ ਦਾ ਉੱਤਰ ਦੇਣ ਲਈ ਆਪਣੀ ਪੂਰੀ ਕੋਸ਼ਿਸ਼ ਕਰਾਂਗਾ। ਮੈਂ ਸ਼ਾਇਦ ਅੱਜ ਦੀ ਰਾਤ ਉਹਨਾਂ ਉੱਤੇ ਦੁਆ ਕਰਨ ਵਿੱਚ ਗੁਜ਼ਾਰਾਂ। ਮੈਨੂੰ ਸਿਰਫ ਸਾਰੀ ਰਾਤ ਵਿੱਚੋਂ ਇੱਕ ਤੋਂ ਤਿੰਨ ਘੰਟੇ ਹੀ ਮਿਲਦੇ ਹਨ। ਕੱਲ ਰਾਤ ਮੈਂ ਨਹੀਂ ਸੁੱਤਾ ਅਤੇ ਇੱਕ ਵੱਜ ਗਿਆ ਸੀ ਤੇ ਤਿੰਨ ਵਜੇ ਮੈਂ ਆਪਣੇ ਅਧਿਐਨ ਵਿੱਚ ਬੈਠ ਗਿਆ ਸਾਂ। ਸਮਝੇ? ਵੇਖਿਆ?

386 ਅਤੇ ਅਸੀਂ ਜਾਣਦੇ ਹਾਂ ਕਿ ਜਿਸ ਅੱਗ ਦੇ ਖੰਭੇ ਨੇ ਉਜਾੜ ਵਿੱਚ ਮੂਸਾ ਦੀ ਅਗੁਵਾਈ ਕੀਤੀ ਸੀ, ਉਸੇ ਅੱਗ ਦੇ ਖੰਭੇ ਦੁਆਰਾ ਉਸਨੇ ਬਾਈਬਲ ਦੀਆਂ ਕਈ ਕਿਤਾਬਾਂ ਲਿਖੀਆਂ ਕਿਉਂਕਿ ਉਹ ਵਚਨ ਦੇ ਨਾਲ ਮੱਸ੍ਹਾ ਸੀ।

387 ਇਹੋ ਹੀ ਅੱਗ ਦਾ ਖੰਭਾ ਦੰਮਿਸ਼ਕ ਦੀ ਰਾਹ ਤੇ ਪੌਲੂਸ ਦੇ ਉੱਤੇ ਉੱਤਰਦਾ ਹੈ ਅਤੇ ਉਸਨੇ ਬਾਈਬਲ ਦੀਆਂ ਕਈ ਕਿਤਾਬਾਂ ਲਿਖੀਆਂ ਜੋ ਪ੍ਰਮੇਸ਼ੁਰ ਦਾ ਵਚਨ ਕਹਾਇਆ।

388 ਅਤੇ ਹੁਣ ਪ੍ਰਭੂ, ਅਸੀਂ ਓਸੇ ਅੱਗ ਦੇ ਖੰਭੇ ਨੂੰ ਵਚਨ ਦੇ ਪ੍ਰਮਾਣ ਅਤੇ ਵਿਗਿਆਨਕ ਖੋਜਾਂ ਦੇ ਦੁਆਰਾ,ਇੱਥੇ ਪ੍ਰਭੂ ਦੇ ਵਚਨ ਨੂੰ ਪ੍ਰਗਟ ਕਰਦੇ ਹੋਏ ਵੇਖਦੇ ਹਾਂ।

389 ਪ੍ਰਭੂ ਪ੍ਰਮੇਸ਼ੁਰ ਹੋਣ ਦੇ ਕਿ ਲੋਕ ਛੇਤੀ ਜਾਗ ਉੱਠਣ। ਹੋਣ ਦੇ ਕਿ ਜਿਹਨਾਂ ਦੇ ਨਾਮ ਲੇਲੇ ਦੇ ਜੀਵਨ ਦੀ ਪੋਥੀ ਵਿੱਚ ਲਿਖੇ ਗਏ ਹਨ ਜਦ ਇਹ ਉਹਨਾਂ ਦੇ ਮਾਰਗਾਂ ਵਿੱਚ ਪ੍ਰਕਾਸ਼ ਕਰਦਾ ਹੈ ਤਾਂ ਉਹ ਇਹਨੂੰ ਵੇਖ ਸਕਣ। ਜਿਵੇਂ ਖੂਹ ਤੇ ਉਸ ਛੋਟੀ ਅਤੇ ਬਦਨਾਮ ਇਸਤਰੀ ਨੇ ਉਸ ਦਿਨ ਤੁਰੰਤ ਉਹਨੂੰ ਪਛਾਣ ਲਿਆ ਸੀ ਅਤੇ ਉਹ ਜਾਣਦੀ ਸੀ ਕਿ ਉਹ ਵਚਨ ਹੈ।

390 ਅਤੇ ਹੁਣ, ਪਿਤਾ, ਮੈਂ ਤੇਰੇ ਅੱਗੇ ਦੁਅ ਕਰਦਾ ਹਾਂ ਕਿ ਠੀਕ ਇਸ ਵੇਲੇ ਜਿੰਨੇ ਲੋਕ ਤੈਨੂੰ ਆਪਣਿਆਂ ਦਿਲਾਂ ਵਿੱਚ ਕਬੂਲ ਕਰਦੇ ਹਨ ਉਹਨਾਂ ਦੇ ਦਿਲਾਂ ਵਿੱਚ ਇਸੇ ਸਮੇਂ ਇਹ ਗੱਲ ਹਮੇਸ਼ਾਂ ਲਈ ਬੈਠ ਜਾਵੇ ਕਿ ਉਹ ਪਾਪ ਦੇ ਨਾਲ ਮਰ ਗਏ ਹਨ ਅਤੇ ਹੁਣ ਉਹ ਆਪੋ ਆਪਣੇ ਪਾਪਾਂ ਦੀ ਮਾਫੀ ਲਈ ਅਤੇ ਸੰਗਤ ਵਿੱਚ ਇਕਰਾਰ ਕਰਨ ਦੀ ਤਿਆਰੀ ਕਰਨ ਲਈ ਅਤੇ ਇਹ ਵਿਖਾਉਣ ਲਈ ਕਿ ਉਹ ਇਹ ਵਿਸ਼ਵਾਸ਼ ਕਰਦੇ ਹਨ ਕਿ ਪ੍ਰਮੇਸ਼ੁਰ ਨੇ ਉਹਨਾਂ ਨੂੰ ਮਾਫ ਕਰ ਦਿੱਤਾ ਹੈ ਅਤੇ ਉਹਨਾਂ ਨੇ ਯਿਸੂ ਮਸੀਹ ਦਾ ਨਾਮ ਆਪਣੇ ਉੱਤੇ ਲੈ ਲਿਆ ਹੈ, ਉੱਠਣ ਅਤੇ ਯਿਸੂ ਮਸੀਹ ਦੇ ਨਾਮ ਵਿੱਚ ਬਪਤਿਸਮਾ ਲੈਣ।

391 ਫਿਰ ਪਿਤਾ ਤੂੰ ਇਹਨਾਂ ਦੇ ਸਿਰ ਤੇ ਪਵਿੱਤਰ ਆਤਮਾ ਦਾ ਤੇਲ ਉਡੇਲ ਤਾਂ ਕਿ ਇਹ ਖੁਦਾ ਦੀ ਸੇਵਾ ਵਿੱਚ ਲਾਏ ਜਾ ਸਕਣ ਤਾਂ ਕਿ ਇਸ ਆਖਰੀ ਅਤੇ ਬੁਰੇ ਸਮੇਂ ਵਿੱਚ ਉਹ ਤੇਰੇ ਕਾਮੇ ਹੋਣ, ਕਿਉਂਕਿ ਅਸੀਂ ਇਹ ਮਹਿਸੂਸ ਕਰਦੇ ਹਾਂ ਕਿ ਸਾਡੇ ਕੋਲ ਥੋੜਾ ਹੀ ਸਮਾਂ ਹੈ ਅਤੇ ਪ੍ਰਮੇਸ਼ੁਰ ਦੀ ਕਲੀਸਿਯਾ ਕਿਸੇ ਵੀ ਸਮੇਂ ਚਲੀ ਜਾਵੇਗੀ।

392 ਅਤੇ ਹੋ ਸੱਕਦਾ ਹੈ ਕਿ ਲੇਲਾ ਉੱਥੇ ਉੱਪਰ ਉਸ ਪਵਿੱਤਰ ਸਥਾਨ ਨੂੰ ਜਾਂ ਕੁਰਬਾਨੀ ਦੀ ਜਗ੍ਹਾ ਨੂੰ ਕਿਸੇ ਵੀ ਵਕਤ ਛੱਡ ਸੱਕਦਾ ਹੈ ਅਤੇ ਫਿਰ ਇਹ ਸਮਾਪਤ ਹੋ ਜਾਵੇਗਾ ਫਿਰ ਧਰਤੀ ਲਈ ਕੋਈ ਵੀ ਆਸ ਨਹੀਂ ਰਹੇਗੀ। ਫਿਰ ਇਹ ਖਤਮ ਹੈ। ਫਿਰ ਇਹ ਭੋਚਲੀਆਂ ਵਿੱਚ ਅਤੇ ਭੂਚਾਲਾਂ ਦੇ ਮਹਾਨ ਦੋਰਿਆਂ ਵਿੱਚ ਅਤੇ ਮਹਾਨ ਹਲੂਣੇ ਵੱਜਣਗੇ ਅਤੇ ਉਸੇ ਤਰ੍ਹਾਂ ਦੀ ਹਾਲਤ ਦੇ ਵਿੱਚ ਆਉਂਦੀ ਹੈ ਜਿਵੇਂ ਜੀਅ ਉੱਠਣ ਦੇ ਸਮੇਂ ਹੋਇਆ ਸੀ। ਅਤੇ-ਅਤੇ ਉਹ ....

393 ਜਿਵੇਂ ਜਦੋਂ ਮਸੀਹ ਕਬਰ ਵਿੱਚੋਂ ਜੀ ਉੱਠਿਆ ਸੀ ਤਾਂ ਪਵਿੱਤਰ ਸੰਤ ਜੀਅ ਉੱਠੇ ਸਨ, ਬਿਲਕੁੱਲ ਇਸੇ ਤਰ੍ਹਾਂ ਹੀ ਹੁਣ ਹੋਵੇਗਾ। ਪ੍ਰਭੂ, ਇਸ ਤਰ੍ਹਾਂ ਕਿਸੇ ਵੀ ਵੇਲੇ ਹੋ ਸੱਕਦਾ ਹੈ। ਅਸੀਂ ਉਸ ਖੁਸ਼ੀ ਵਾਲੇ ਦਿਨ ਦੇ ਆਉਣ ਦੀ ਉਡੀਕ ਕਰ ਰਹੇ ਹਾਂ।



ਤੇ ਪ੍ਰਸ਼ਨ ਲਿਖ ਕੇ ਦਿੱਤਾ ਜਾ ਚੁੱਕਾ ਹੈ। ਇਹ ਤਾਂ ਜਾਂਚ ਪੜਤਾਲ ਵਾਲੇ ਨਿਆਂ ਦਾ ਸਮਾਂ ਹੈ। ਇਹ ਸੱਚ ਹੈ। ਹੁਣ ਜਦ ਅਸੀਂ ਤੁਰ੍ਹੀਆਂ ਤੇ ਜਾਂ ਕਰੋਧ ਦੇ ਕਟੋਰਿਆਂ ਤੇ ਆਵਾਂਗੇ ਤਾਂ ਅਸੀਂ ਇਹਨੂੰ ਵੇਖਾਂਗੇ -ਜਦ ਕਦੇ ਖੁਦਾ ਸਾਨੂੰ ਇਹ ਬਖਸ਼ੇਗਾ। ਇਹ ਠੀਕ ਉਸ ਤੋਂ ਪਹਿਲਾਂ ਹੁੰਦਾ ਹੈ ਜਦ ਬਵਾਂ ਆਉਂਦੀਆਂ ਹਨ। ਅਤੇ ਅਸੀਂ ਵੇਖਦੇ ਹਾਂ ਕਿ ਇਹ ਸੱਚ ਹੈ। ਤੁਸੀਂ ਜਾਣਦੇ ਹੋ ਕਿ ਉਹ ਤਿੰਨ ਦੂਤ ਜਿਹੜੇ ਧਰਤੀ ਤੇ ਮਾਰਦੇ ਹਨ, ਪੁਕਾਰ ਕੇ ਆਖਦੇ ਹਨ, "ਹਾਏ। ਹਾਏ। ਧਰਤੀ ਉੱਤੇ ਰਹਿਣ ਵਾਲਿਆਂ ਤੇ ਹਾਏ।"

ਅਤੇ ਅਸੀਂ ਇੱਕ ਭਿਆਨਕ ਸਮੇਂ ਵਿੱਚ ਰਹਿ ਰਹੇ ਹਾਂ, ਉਹ ਸਮਾਂ .......

67 ਤੁਸੀਂ ਵੇਖਦੇ ਹੋ ਕਿ ਜਿਹਨਾਂ ਚੀਜ਼ਾਂ ਤੇ ਇਸ ਵੇਲੇ ਅਸੀਂ ਹਾਂ -ਇਸ ਸਮੇਂ ਜਿਹਨਾਂ ਗੱਲਾਂ ਦਾ ਅਸੀਂ ਵਿਖਿਆਨ ਕਰ ਰਹੇ ਹਾਂ, ਇਹ ਕਲੀਸਿਯਾ ਦੇ ਚਲੇ ਜਾਣ ਤੋਂ ਬਾਦ ਹੋਣਗੀਆਂ-ਇਹ ਘ ਟਨਾਵਾਂ ਮਹਾਂ ਕਲੇਸ਼ ਦੇ ਸਮੇਂ ਦੋਰਾਨ ਹੁੰਦੀਆਂ ਹਨ। ਮੈਂ ਸੋਚਦਾ ਹਾਂ ਕਿ ਇਹ ਸੱਭ ਕੁਝ ਹਰੇਕ ਨਿਹਚਾਵਾਨ ਦੇ ਦਿਲ ਦੇ ਅੰਦਰ ਸੱਚੇ ਤੋਰ ਤੇ ਬੈਠ ਜਾਣਾ ਚਾਹੀਦਾ ਹੈ ਕਿ ਸੱਚੀ ਕਲੀਸਿਯਾ ਹਰਗਿਜ਼ ਵੀ ਕਸ਼ਟ ਕਾਲ ਦੇ ਸਮੇਂ ਵਿੱਚ ਨਹੀਂ ਜਾਵੇਗੀ। ਤੁਸੀਂ ਕਲੀਸਿਯਾ ਨੂੰ ਕਿਤੇ ਵੀ ਮਹਾਂ ਕਲੇਸ਼ ਦੇ ਸਮੇਂ ਵਿੱਚ ਨਹੀਂ ਰੱਖ ਸੱਕਦੇ ਹੋ। ਤੁਸੀਂ ਕਲੀਸਿਯਾ ਅਥਵਾ ਚਰਚ ਨੂੰ ਉੱਥੇ ਰੱਖ ਸੱਕਦੇ ਹੋ ਪ੍ਰੰਤੂ ਲਾੜੀ ਨੂੰ ਨਹੀਂ ਰੱਖ ਸੱਕਦੇ ਹੋ। ਵੇਖਿਆ, ਸਮਝੇ? ਉਸ ਵੇਲੇ ਤਾਂ ਲਾੜੀ ਜਾ ਚੁੱਕੀ ਹੋਵੇਗੀ।

68 ਕਿਉਂਕਿ ਉਸਦੇ ਉੱਤੇ ਇੱਕ ਵੀ ਪਾਪ ਨਹੀਂ ਹੈ, ਉਸਦੇ ਵਿਰੁੱਧ ਇੱਕ ਵੀ ਗੱਲ ਨਹੀਂ ਹੈ। ਪ੍ਰਮੇਸ਼ੁਰ ਦੀ ਕਿਰਪਾ ਨੇ ਉਸਨੂੰ ਪੂਰੀ ਤਰ੍ਹਾਂ ਢੱਕਿਆ ਹੋਇਆ ਹੈ। ਅਤੇ ਰੰਗ ਕਾਟ ਨੇ ਉਸਦੇ ਹਰੇਕ ਪਾਪ ਨੂੰ ਬਹੁਤ ਹੀ ਦੂਰ ਕਰ ਦਿੱਤਾ ਹੈ, ਇੱਥੋਂ ਤੱਕ ਕਿ ਉਸਦੀ ਯਾਦ ਤੱਕ ਵੀ ਬਾਕੀ ਨਹੀਂ ਬਚੀ ਹੈ। ਕੋਈ ਵੀ ਚੀਜ਼ ਉਸਦੇ ਵਿਰੁੱਧ ਨਹੀਂ ਹੈ ਬਸ ਉਹ ਖੁਦਾ ਦੀ ਹਜੂਰੀ ਵਿੱਚ ਬਿਲਕੁੱਲ ਪਵਿੱਤਰ ਅਤੇ ਸ਼ੁੱਧ ਖੜੀ ਹੈ। ਔਹ, ਇਸ ਗੱਲ ਨੂੰ ਜਾਣ ਲੈਣ ਦੇ ਬਾਦ ਲਾੜੀ ਨੂੰ ਗੋਡੇ ਟੇਕ ਕੇ ਪ੍ਰਮੇਸ਼ੁਰ ਨੂੰ ਪੁਕਾਰਨਾ ਚਾਹੀਦਾ ਹੈ।

69 ਮੈਂ ਇੱਕ ਛੋਟੀ ਜਿਹੀ ਕਹਾਣੀ ਦੇ ਵਾਰੇ ਵਿੱਚ ਸੋਚਦਾ ਹਾਂ, ਜੇ ਹੁਣ ਮੈਂ ਤੁਹਾਡਾ ਇਹਨਾਂ ਅਰੰਭਿਕ ਗੱਲਾਂ ਤੇ ਬਹੁਤ ਸਮਾਂ ਨਹੀਂ ਲੈ ਰਿਹਾਂ ਹਾਂ। ਮੈਂ ਇਸ ਤਰ੍ਹਾਂ ਇੱਕ ਮਕਸਦ ਲਈ ਕਰਦਾ ਹਾਂ ਕਿ ਮਹਿਸੂਸ ਕਰਾਂ ......ਜਦ ਤੱਕ ਕਿ ਮੈਂ ਅਰੰਭ ਕਰਨ ਲਈ ਆਤਮਾ ਮਹਿਸੂਸ ਨਾ ਕਰਾਂ।

70 ਇਹ ਇੱਕ ਹੈ-ਇਹ ਇੱਕ ਪਵਿੱਤਰ ਗੱਲ ਹੈ। ਸਮਝੇ?ਉਹਨਾਂ ਗੱਲਾਂ ਨੂੰ ਕੋਣ ਜਾਣਦਾ ਹੈ? ਕੋਈ ਨਹੀਂ ਬਲਕਿ ਪ੍ਰਮੇਸ਼ੁਰ। ਅਤੇ ਉਨ੍ਹਾਂ ਨੇ ਪਹਿਲਾਂ ਪ੍ਰਗਟ ਨਹੀਂ ਸੀ ਹੋਣਾ, ਅਤੇ ਬਾਈਬਲ ਵਿੱਚ ਇਸਦਾ ਸਬੂਤ ਹੈ ਕਿ ਇਹ ਇਸ ਦਿਨ ਤੱਕ ਪ੍ਰਗਟ ਨਹੀਂ ਹੋਣਗੀਆਂ। ਇਹ ਬਿਲਕੁੱਲ ਠੀਕ ਹੈ। ਸਮਝੇ?ਲੋਕਾਂ ਨੇ ਇਹਦੇ ਅੰਦਾਜ਼ੇ ਲਗਾਏ ਪ੍ਰੰਤੂ ਹੁਣ ਸਾਨੂੰ ਇਸਦੀ ਠੀਕ-ਠੀਕ ਸੱਚਾਈ, ਪ੍ਰਮਾਣਿਤ ਕੀਤੀ ਹੋਈ ਸੱਚਾਈ ਮਿਲ ਜਾਣੀ ਚਾਹੀਦੀ ਹੈ। ਸਮਝੇ?

71 ਹੁਣ ਪੱਛਮ ਵਿੱਚ ਇੱਕ ਜਵਾਨ ਲੜਕੀ ਰਹਿੰਦੀ ਸੀ ਤੇ ਕਿੰਜ ਉਸਦਾ ਪਿਆਰ ਕਿਸੇ ਦੇ ਨਾਲ ਹੋ ਗਿਆ ਸੀ ....ਇੱਕ ਆਦਮੀਂ ਦਾ ਉਸਦਾ ਨਾਲ ਪਿਆਰ ਹੋ ਜਾਂਦਾ ਹੈ। ਅਤੇ ਉਹ ਆਦਮੀ ਆੱਰਮਰ ਕੰਪਨੀ ਲਈ ਪਸ਼ੂਆਂ ਨੂੰ ਖਰੀਦਣ ਲਈ ਉੱਥੇ ਆਉਂਦਾ ਹੈ। ਅਤੇ ਉਹਨਾਂ ਦੇ ਕੋਲ ਵੀ ਬਹੁਤ ਵੱਡੀ .......

72 ਇੱਕ ਦਿਨ ਕੰਪਨੀ ਦਾ ਮਾਲਕ ਆਉਂਦਾ ਹੈ, ਮਾਲਕ ਦਾ ਪੁੱਤਰ ਸ਼ਿਕਾਗੋ ਤੋਂ ਆਉਂਦਾ ਹੈ ਅਤੇ ਉਹ ਉਨ੍ਹਾਂ ਨੂੰ ਪੱਛਮੀਂ ਸੀਮਾ ਤੇ ਲਗਾ ਦਿੰਦੇ ਹਨ। ਉੱਥੇ ਦੀਆਂ ਕੁੜੀਆਂ ਨੇ ਵਸਤਰ ਪਹਿਨੇ ਅਤੇ ਤਿਆਰ ਹੋ ਗਈਆਂ ਅਤੇ ਹਰ ਇੱਕ ਲੜਕੀ ਇਸ ਮੁੰਡੇ ਨੂੰ ਪਾ ਲੈਣਾ ਚਾਹੁੰਦੀ ਸੀ ਕਿਉਂਕਿ ਉਹ ਮੁੱਖ ਆਦਮੀ ਦਾ ਪੁੱਤਰ ਸੀ। ਇਸ ਲਈ ਉਹਨਾਂ ਨੇ ਆਪਣੀਆਂ ਪੱਛਮੀਂ ਇਲਾਕੇ ਦੀਆਂ ਪੁਸ਼ਾਕਾਂ ਪਹਿਨ ਲਈਆਂ।

73 ਅਤੇ ਉਹ ਬਾਹਰ ਪੱਛਮ ਵਿੱਚ ਇਸ ਤਰ੍ਹਾਂ ਕਰਦੇ ਹਨ। ਅਤੇ ਉਹ ਕਹਾਣੀ ਦੇ ਇੱਕ ਭਾਗ ਵਿੱਚੋਂ ਲੰਘ ਚੁੱਕੀਆਂ ਸਨ, ਅਤੇ ਭਾਈ ਮੈਗਯੂਰੇ, ਮੈਂ ਸੋਚਦਾ ਹਾਂ ਕਿ ਇਹ ਭਾਈ ਹੁਣ ਇੱਥੇ ਹੀ ਹੈ ਅਤੇ ਉਹਨਾਂ ਨੇ ਉਸਨੂੰ ਸ਼ਹਿਰ ਦੇ ਅੰਦਰ ਉਹਨਾਂ ਦੇ ਪੱਛਮੀਂ ਵਸਤਰਾਂ ਤੋਂ ਬਿਨਾਂ ਫੜ ਲਿਆ ਅਤੇ ਉਹਨਾਂ ਉਹਨੂੰ ਜੇਲ ਵਿੱਚ ਬੰਦ ਕਰ ਦਿੱਤਾ ਅਤੇ ਉਸਨੂੰ ਕੰਗਾਰੂ ਕਚਹਿਰੀ ਵਿੱਚ ਪੇਸ਼ ਕੀਤਾ ਅਤੇ ਉਹਦੇ ਕੋਲੋਂ ਇਸਦਾ ਜੁਰਮਾਨਾ ਭਰਵਾਇਆ ਅਤੇ ਫਿਰ ਉਹਨਾਂ ਉਹਨੂੰ ਮਜਬੂਰ ਕੀਤਾ ਕਿ ਉਹ ਜਾ ਕੇ ਪੱਛਮੀਂ ਵਸਤਰ ਖਰੀਦੇ। ਅਤੇ ਮੈਂ ਬਾਕੀ ਦੇ ਲੋਕਾਂ ਨੂੰ ਲੱਗ-ਭੱਗ ਏਨੀਆਂ ਲੰਬੀਆਂ ਬੰਦੂਕਾਂ ਦੇ ਨਾਲ ਆਲੇ-ਦੁਆਲੇ ਫਿਰਦੇ ਵੇਖਿਆ ਹੈ। ਅਤੇ ਉਹ ਕੁਝ ਗੱਲਾਂ ਵਿੱਚ ਪਿਛਲੇ ਗੁਜਰੇ ਹੋਏ ਜਮਾਨੇ ਦੇ ਵਾਂਗ ਰਹਿਣ ਦਾ ਯਤਨ ਕਰਦੇ ਹਨ। ਸਮਝੇ?

74 ਅਤੇ ਫਿਰ ਕੰਟਕੀ ਵਿੱਚ, ਤੁਸੀਂ ਪੂਰਬ ਦੇ ਗੁਜਰੇ ਹੋਏ ਦਿਨਾਂ ਵਿੱਚ ਰਹਿਣ ਦੀ ਕੋਸ਼ਿਸ਼ ਕਰ ਰਹੇ ਹੋ। ਅਤੇ ਹਾਲੇ ਵੀ ਰੇਨਫਰੋ ਵੈਲੀ ਅਤੇ ਦੂਸਰੀਆਂ ਥਾਵਾਂ ਵਿੱਚ ਪੁਰਾਣੇ ਸਮੇਂ ਵਾਂਗ ਰਹਿ ਰਹੇ ਹਨ। ਤੁਹਾਨੂੰ ਦੁਬਾਰਾ ਪੁਰਾਣੇ ਦਿਨਾਂ ਵਿੱਚ ਜਾਣਾ ਚੰਗਾ ਲੱਗਦਾ ਹੈ। ਕੋਈ ਚੀਜ਼ ਹੈ ਜੋ ਇਸ ਤਰ੍ਹਾਂ ਕਰਵਾ ਰਹੀ ਹੈ।

75 ਪਰ ਜਦੋਂ ਇਹ ਗੱਲ ਖੁਸ਼ਖਬਰੀ ਦੇ ਅਸਲੀ ਦਿਨਾਂ ਵੱਲ ਜਾਣ ਦੀ ਆਉਂਦੀ ਹੈ ਤਾਂ ਤੁਸੀਂ ਇਸ ਤਰ੍ਹਾਂ ਕਰਨਾ ਨਹੀਂ ਚਾਹੁੰਦੇ ਹੋ। ਤੁਸੀਂ ਤਾਂ ਕੁਝ ਅਧੁਨਿਕ ਚਾਹੁੰਦੇ ਹੋ। ਵੇਖਿਆ?ਇਹ ਇਸ ਗੱਲ ਨੂੰ ਵਿਖਾਉਂਦਾ ਹੈ ਕਿ .......ਵੇਖੋ, ਤੁਸੀਂ-ਤੁਸੀਂ .......ਇਹ ਹੈ ਗੱਲ .......

76 ਅਤੇ ਉਹ ਕੀ ਹੈ ਜੋ ਕਿਸੇ ਮਨੁੱਖ ਕੋਲੋਂ ਗਲਤ ਕੰਮ ਕਰਵਾਉਂਦਾ ਹੈ? ਉਹ ਕੀ ਹੈ ਜੋ ਉਸ ਤੋਂ ਸ਼ਰਾਬ ਪਿਲਾਉਂਦਾ ਹੈ ਅਤੇ ਇਸੇ ਤਰ੍ਹਾਂ ਦੇ ਹੀ ਕੰਮਾਂ ਨੂੰ ਕਰਵਾਉਂਦਾ ਹੈ ਜਾਂ ਕਿਸੇ ਜਨਾਨੀ ਕੋਲੋਂ ਗਲਤ ਕੰਮ ਕਰਾਉਂਦਾ ਹੈ?ਇਸ ਤਰ੍ਹਾਂ ਇਸ ਲਈ ਹੈ ਕਿਉਂਕਿ ਉਹ ਪਿਆਸੀ ਹੈ ....ਉਸਦੇ ਅੰਦਰ ਕੁਝ ਹੈ, ਉਸਦੇ ਅੰਦਰ ਇੱਕ ਪਿਆਸ ਹੈ। ਉਸ ਆਦਮੀਂ ਦੇ ਅੰਦਰ ਕੁਝ ਹੈ ਉਸ ਆਦਮੀ ਅੰਦਰ ਇੱਕ ਪਿਆਸ ਹੈ। ਅਤੇ ਉਹ ਇਸ ਪਵਿੱਤਰ ਪਿਆਸ ਨੂੰ ਦੁਨੀਆਵੀ ਚੀਜ਼ਾਂ ਨਾਲ ਬੁਝਾਉਣ ਦੀ ਕੋਸ਼ਿਸ਼ ਕਰ ਰਹੇ ਹਨ। ਜਦਕਿ ਪ੍ਰਮੇਸ਼ੁਰ ਨੇ ਹੀ ਉਸ ਪਿਆਸ ਨੂੰ ਬੁਝਾਉਣਾ ਹੈ। ਖੁਦਾ ਨੇ ਤੁਹਾਨੂੰ ਇਸੇ ਢੰਗ ਦੇ ਨਾਲ ਹੀ ਬਣਾਇਆ ਹੈ ਕਿ ਤੁਹਾਡੇ ਵਿੱਚ ਪਿਆਸ ਹੋਵੇ। ਇਹ ਹੀ ਕਾਰਨ ਹੈ ਕਿ ਤੁਹਾਡੇ ਅੰਦਰ ਕਿਸੇ ਨਾ ਕਿਸੇ ਚੀਜ਼ ਲਈ ਪਿਆਸ ਰਹਿੰਦੀ ਹੈ। ਪ੍ਰਮੇਸ਼ੁਰ ਨੇ ਹੀ ਤੁਹਾਨੂੰ ਇਸ ਢੰਗ ਦਾ ਬਣਾਇਆ ਹੈ ਤਾਂ ਕਿ ਤੁਹਾਡੀ ਉਹ ਪਵਿੱਤਰ ਪਿਆਸ ਉਸਦੇ ਲਈ ਹੋਵੇ। ਸਮਝੇ? ਪ੍ਰੰਤੂ ਜਦ ਤੁਸੀਂ ਉਸ ਪਿਆਸ ਨੂੰ ਬੁਝਾਉਣ ਦਾ ਯਤਨ ਕਰਦੇ ਹੋ.......ਕਿਵੇਂ ਕੋਈ ਉਹਨੂੰ ਬੁਝਾਉਣ ਦੀ ਹਿੰਮਤ ਕਰ ਸੱਕਦਾ ਹੈ। ਤੁਹਾਡੇ ਕੋਲ ਇੰਝ ਕਰਨ ਦਾ ਕੋਈ ਹੱਕ ਨਹੀਂ ਹੈ ਕਿ ਤੁਸੀਂ ਉਸ ਪਵਿੱਤਰ ਪਿਆਸ ਨੂੰ ਕਿਸੇ ਹੋਰ ਚੀਜ਼ ਨਾਲ ਬੁਝਾਉਣ ਦਾ ਯਤਨ ਕਰੋ ਅਤੇ ਇਹਨੂੰ ਦੁਨੀਆ ਸੰਸਾਰ ਦੀ ਵੱਲ ਮੋੜ



ਹੁਣ ਆਓ ਅਸੀਂ ਦੁਆ ਕਰੀਏ।

382 ਪ੍ਰਭੂ ਯਿਸੂ ਇੱਥੇ ਮੇਰੇ ਅੱਗੇ ਰੁਮਾਲਾਂ ਦਾ ਇੱਕ ਬਕਸਾ ਰੱਖਿਆ ਹੋਇਆ ਹੈ ਜੋ ਬਿਮਾਰ ਲੋਕਾਂ ਨੂੰ ਦਰਸਾਉਂਦਾ ਹੈ। ਜਿਵੇਂ ਕਿ ਮੈਂ ਉਹਨਾਂ ਤੇ ਪ੍ਰਾਰਥਨਾ ਕਰ ਰਿਹਾ ਹਾਂ, ਆਪਣੇ ਹੱਥਾਂ ਨੂੰ ਉਹਨਾਂ ਦੇ ਉੱਪਰ ਰੱਖ ਰਿਹਾ ਹਾਂ, ਬਾਈਬਲ ਕਹਿੰਦੀ ਹੈ, " ਲੋਕ ਰੁਮਾਲ ਅਤੇ ਪਟਕੇ ਪੌਲੁਸ ਦੀ ਦੇਹ ਦੇ ਨਾਲ ਛੁਆ ਕੇ ਲੈ ਜਾਂਦੇ ਸਨ, ਭ੍ਰਿਸ਼ਟ ਆਤਮੇਂ ਲੋਕਾਂ ਦੇ ਵਿੱਚੋਂ ਨਿੱਕਲ ਜਾਂਦੇ ਸਨ, ਅਤੇ ਵੱਡੇ ਅਚੰਭੇ ਹੁੰਦੇ ਸਨ।

383 ਕਿਉਂਕਿ ਉਹਨਾਂ ਨੇ ਪੌਲੁਸ ਨੂੰ ਵੇਖਿਆ ਸੀ, ਉਹ ਜਾਣਦੇ ਸਨ ਕਿ ਪ੍ਰਮੇਸ਼ੁਰ ਦਾ ਆਤਮਾ ਉਹਦੇ ਵਿੱਚ ਹੈ। ਉਹ ਜਾਣਦੇ ਸਨ ਕਿ ਉਹ ਇੱਕ ਅਜੀਬ ਦੇ ਬਾਰੇ ਵਿੱਚ ਦੱਸਦਾ ਸੀ। ਉਹ ਜਾ ਕੇ ਇਬਰਾਨੀ ਕਲੀਸਿਯਾ ਦਾ ਇਬਰਾਨੀ ਸ਼ਬਦ ਲੈਂਦਾ ਸੀ ਤੇ ਇਹਨੂੰ ਜੀਵੰਤ ਬਣਾਉਂਦਾ ਸੀ ਅਤੇ ਉਹਨੂੰ ਮਸੀਹ ਵਿੱਚ ਬਿਠਾ ਦਿੰਦਾ ਸੀ। ਉਹ ਜਾਣਦੇ ਸਨ ਕਿ ਪ੍ਰਮੇਸ਼ੁਰ ਮਨੁੱਖ ਦੇ ਵਿੱਚ ਸੀ। ਫਿਰ ਉਹਨਾਂ ਨੇ ਪ੍ਰਮੇਸ਼ੁਰ ਨੂੰ ਉਸਦੇ ਵਿੱਚ ਅਚੰਭੇ ਅਤੇ ਅਜੀਬ ਕੰਮ ਕਰਦੇ ਵੇਖਿਆ ਉਹ ਆਉਣ ਵਾਲੀਆਂ ਗੱਲਾਂ ਦੇ ਬਾਰੇ ਵਿੱਚ ਪਹਿਲਾਂ ਹੀ ਦੱਸ ਦਿੰਦਾ ਅਤੇ ਉਹ ਉਸੇ ਤਰ੍ਹਾਂ ਹੀ ਹੁੰਦੀਆਂ ਸਨ ਅਤੇ ਉਹ ਜਾਣਦੇ ਸਨ ਕਿ ਉਹ ਪ੍ਰਮੇਸ਼ੁਰ ਦਾ ਸੇਵਕ ਹੈ।

384 ਪ੍ਰਭੂ ਮੈਂ ਦੁਆ ਕਰਦਾ ਹਾਂ ਕਿ ਤੂੰ ਇਹਨਾਂ ਲੋਕਾਂ ਨੂੰ ਵਚਨ ਪ੍ਰਤੀ ਜੋ ਉਹਨਾਂ ਦਾ ਸਤਿਕਾਰ ਹੈ ਉਹਦੇ ਬਦਲੇ ਬਰਕਤ ਦੇਵੇਂਗਾ। ਅਤੇ ਯਿਸੂ ਦੇ ਕਾਰਨ ਚੰਗਾ ਕਰੇਂਗਾ। ਪ੍ਰਭੂ ਇੱਥੇ ਬਾਹਰ ਸੁਣਨ ਵਾਲਿਆਂ ਵਿੱਚ ਉਸੇ ਤਰ੍ਹਾਂ ਦੇ ਹੀ ਲੋਕ ਬੈਠੇ ਹਨ ਜਿਵੇਂ ਪੰਤੇਕੁਸਤ ਦੇ ਦਿਨ ਉਹਨਾਂ ਲੋਕਾਂ ਨੇ ਪਤਰਸ ਦੀਆਂ ਗੱਲਾਂ ਵੱਲ ਕੰਨ ਲਗਾਇਆ ਸੀ। ਉਹ ਕਿਵੇਂ ਵਾਪਸ ਵਚਨ ਵਿੱਚ ਗਿਆ ਅਤੇ ਵਚਨ ਨੂੰ ਪ੍ਰਾਪਤ ਕੀਤਾ। ਅਤੇ ਉਸਨੇ ਕਿਹਾ," ਯੋਏਲ ਨੇ ਕਿਹਾ ਸੀ ਕਿ ਅੰਤ ਦੇ ਦਿਨਾਂ ਵਿੱਚ ਇਹ ਗੱਲਾਂ ਹੋਣਗੀਆਂ। ਅਤੇ ਇਹ ਉਹ ਹੀ ਹੈ। " ਅਤੇ ਤਿੰਨ ਹਜ਼ਾਰ ਲੋਕਾਂ ਨੇ ਉਸ ਵਚਨ ਤੇ ਵਿਸ਼ਵਾਸ਼ ਕੀਤਾ ਅਤੇ ਬਪਤਿਸਮਾ ਲਿਆ।

385 ਅਤੇ ਪਿਤਾ,ਅੱਜ ਅਸੀਂ ਇੱਥੇ ਤੇਰੀ ਕਿਰਪਾ ਦੇ ਨਾਲ ਖੜੇ ਹਾਂ। ਅਤੇ ਇਹ ਇਸ ਲਈ ਨਹੀਂ ਹੈ ਕਿ ਅਸੀਂ ਕਿਸੇ ਖਾਸ ਕਿਸਮ ਦੇ ਲੋਕ ਹਾਂ ਬਲਕਿ ਇਹ ਤਾਂ ਇਸ ਲਈ ਹੈ, ਕਿਉਂਕਿ (ਜਿਵੇਂ ਬਬਰ ਸ਼ੇਰ ਦੇ ਦਿਨਾਂ ਵਿੱਚ ਜਾਂ ਵਹਿੜਕੇ ਦੇ ਦਿਨਾਂ ਵਿੱਚ ਜਾਂ ਮਨੁੱਖ ਦੇ ਦਿਨਾਂ ਵਿੱਚ ਹੋਇਆ ਸੀ)ਇਹ ਉਕਾਬ ਦਾ ਸਮਾਂ ਹੈ। ਇਹ ਤਾਂ ਸਮੇਂ ਦਾ ਮਸ੍ਹਾ ਹੈ। ਇਹ ਤਾਂ ਉਹ ਸਮਾਂ ਹੈ ਜਿਹਦੇ ਵਿੱਚ ਅਸੀਂ ਰਹਿ ਰਹੇ ਹਾਂ। ਇਹ ਇਸ ਖਾਸ ਸਮੇਂ ਲਈ ਪਵਿੱਤਰ ਆਤਮਾ ਦਾ ਕੰਮ ਹੈ ਕਿ ਇਹ ਸਿੱਧ ਕਰੇ ਕਿ ਯਿਸੂ ਮਰਿਆ ਨਹੀਂ ਹੈ। ਉਹ ਗੱਲਾਂ ਜਿਹੜੀਆਂ ਉਸਨੇ ਕਹੀਆਂ ਸਨ ਕਿ ਉਹ ਕਰੇਗਾ। ਇਸ ਤੋਂ ਪਹਿਲਾਂ ਕਿ ਸ਼ਾਮ ਦੇ ਸਮੇਂ ਦਾ ਉਜਿਆਲਾ ਖਤਮ ਹੋ ਜਾਵੇ ਉਹ ਇਹਨਾਂ ਨੂੰ ਕਰੇਗਾ, ਅਤੇ ਅਸੀਂ ਠੀਕ ਇਸ ਸਮੇਂ ਉਸਨੂੰ ਉਹ ਕੰਮ ਕਰਦੇ ਹੋਏ ਵੇਖਦੇ ਹਾਂ। ਅਸੀਂ ਇਹਨੂੰ-ਉਸ ਮਹਾਨ ਅੱਗ ਦੇ ਖੰਭੇ ਨੂੰ ਜਿਹਨੇ ਇਸਰਾਏਲੀ ਬੱਚਿਆਂ ਦੀ ਅਗੁਵਾਈ ਕੀਤੀ ਸੀ ਅਤੇ ਜਿਹਨੇ ਪੌਲੁਸ ਨਾਲ ਰਸਤੇ ਵਿੱਚ ਮੁਲਾਕਾਤ ਕੀਤੀ ਸੀ ਨੂੰ ਵਿਗਿਆਨਕ ਖੋਜ ਦੇ ਨਾਲ ਹੇਠਾਂ ਆਉਂਦੇ ਵੇਖਿਆ ਹੈ ਅਤੇ ਉਸਦੀ ਤਸਵੀਰ ਲਈ ਗਈ ਹੈ।

ਜਦ ਤੁਸੀਂ ਆਪਣੇ ਹਿਰਦੇ ਤੋਂ ਸੱਸਮੁੱਚ ਵਿਸ਼ਵਾਸ਼ ਕਰਦੇ ਹੋ ਤਾਂ ਤੁਸੀਂ ਇਸੇ ਅਧਾਰ ਤੇ ਇਹ ਜਾਣਦੇ ਹੋ ਕਿ ਤੁਸੀਂ ਜਿੱਥੇ ਕਿਤੇ ਵੀ ਬੈਠੇ ਹੋ, ਤੁਸੀਂ ਉੱਥੇ ਹੀ ਉਸਨੂੰ ਆਪਣੇ ਪੂਰੇ ਹਿਰਦੇ ਦੇ ਨਾਲ ਕਬੂਲ ਕਰਦੇ ਹੋ ਤਾਂ ਫਿਰ ਉੱਥੇ ਕੁਛ ਨਾ ਕੁਛ ਹੋਣ ਜਾ ਰਿਹਾ ਹੁੰਦਾ ਹੈ। ਇਹ ਹੋਵੇਗਾ।

377 ਤਦ ਤੁਸੀਂ ਇਹਦੇ ਗਵਾਹ ਬਣ ਕੇ ਖੜੇ ਹੋ ਸੱਕਦੇ ਹੋ ਕਿ ਕੁਝ ਹੋਇਆ ਹੈ। ਫਿਰ ਤੁਸੀਂ ਪਾਣੀ ਤੱਕ ਤੁਰ ਕੇ ਆਉਂਦੇ ਹੋ ਅਤੇ ਕਹਿੰਦੇ ਹੋ, " ਮੈਂ ਸੰਗਤ ਨੂੰ ਵਿਖਾਉਣਾ ਚਾਹੁੰਦਾ ਹਾਂ, ਮੈਂ ਸਾਬਤ ਕਰਨਾ ਚਾਹੁੰਦਾ ਹਾਂ, ਮੈਂ ਆਪਣੀ ਗਵਾਹੀ ਉੱਤੇ ਖੜਾ ਹੋਣਾ ਚਾਹੁੰਦਾ ਹਾਂ ਕਿ ਮੈਂ ਆਪਣਾ ਸਥਾਨ ਲਾੜੀ ਦੇ ਨਾਲ ਲੈਣਾ ਚਾਹੁੰਦਾ ਹਾਂ। ਤੇ ਮੈਂ ਹੁਣ ਇੱਥੇ ਬਪਤਿਸਮਾ ਲੈਣ ਲਈ ਖੜਾ ਹਾਂ।

378 ਮੈਂ ਜਾਣਦਾ ਹਾਂ ਕਿ ਅੱਜ ਰਾਤ ਸੰਸਾਰ ਵਿੱਚ ਸੈਂਕੜੇ ਔਰਤਾਂ ਹਨ -ਬਹੁਤ ਭਲੀਆਂ ਔਰਤਾਂ ਹਨ, ਪਰ ਮੈਂ ਇੱਕ ਨੂੰ ਹੀ ਵੇਖਣ ਬੇਤਾਬੀ ਦੇ ਨਾਲ ਇਕੱਲਾ ਮਹਿਸੂਸ ਕਰ ਰਿਹਾ ਹਾਂ। ਅਤੇ ਉਹਨਾਂ ਵਿੱਚੋਂ ਇੱਕ ਹੀ ਹੈ ਜਿਹਨੂੰ ਵੇਖਣ ਲਈ ਮੈਂ ਇਕੱਲਾ ਹਾਂ ਅਤੇ ਉਹ ਮੇਰੀ ਪਤਨੀ ਹੈ। ਉਹ ਮੇਰੇ ਨਾਲ ਘਰ ਜਾਂਦੀ ਹੈ। ਸ਼ੁਰੂ ਵਿੱਚ ਉਹ ਮੇਰੀ ਪਤਨੀ ਨਹੀਂ ਸੀ, ਪ੍ਰੰਤੂ ਉਹ ਕਿਵੇਂ ਮੇਰੀ ਪਤਨੀ ਬਣੀ; ਮੇਰਾ ਨਾਮ ਆਪਣੇ ਤੇ ਲੈਣ ਦੇ ਰਾਹੀਂ ਉਹ ਮੇਰੀ ਪਤਨੀ ਬਣੀ।

379 ਉਹ ਆ ਰਿਹਾ ਹੈ। ਸੰਸਾਰ ਵਿੱਚ ਅਨੇਕਾਂ ਔਰਤਾਂ ਹਨ, ਅਨੇਕਾਂ ਮਿਸ਼ਨਾਂ ਹਨ, ਪਰ ਉਹ ਆਪਣੀ ਪਤਨੀ ਲਈ ਆ ਰਿਹਾ ਹੈ। ਉਹ ਉਸਦੇ ਨਾਮ ਤੋਂ ਸਦਾਈ ਜਾਂਦੀ ਹੈ। "ਉਹ ਜਿਹੜੇ ਮਸੀਹ ਵਿੱਚ ਹਨ ਪ੍ਰਮੇਸ਼ੁਰ ਉਹਨਾਂ ਨੂੰ ਮਸੀਹ ਦੇ ਨਾਲ ਲਿਆਵੇਗਾ। " ਕਿਵੇਂ ਅਸੀਂ ਉਹਦੇ ਵਿੱਚ ਆਉਂਦੇ ਹਾਂ? "ਅਸੀਂ ਇੱਕ ਹੀ ਆਤਮਾ ਦੇ ਰਾਹੀਂ ਇੱਕ ਹੀ ਦੇਹ ਵਿੱਚ ਬਪਤਿਸਮਾ ਲਿਆ ਹੈ। "

380 ਹੁਣ ਜਦ ਅਸੀਂ ਦੁਆ ਕਰ ਰਹੇ ਹਾਂ ਤੁਸੀਂ ਵੀ ਦੁਆ ਕਰੋ। ਜਿੱਥੇ ਚਾਹੇ ਤੁਸੀਂ ਅੰਦਰ ਹੋ ਜਾਂ ਬਾਹਰ ਹੋ ਜਾਂ ਬਾਹਰ ਗਲੀਆਂ ਵਿੱਚ ਆਲੇ-ਦੁਆਲੇ ਖੜੇ ਹੋ, ਤੁਸੀਂ ਵੀ ਦੁਆ ਕਰੋ। ਪਰ ਹੁਣ ਜਦ ਕਿ -ਹੁਣ ਜਦੋਂ ਕਿ ਤੁਸੀਂ .....ਅਸੀਂ ਤੁਹਾਨੂੰ ਇੱਥੇ ਜਗਵੇਦੀ ਤੇ ਨਹੀਂ ਬੁਲਾ ਸੱਕਦੇ ਹਾਂ। ਪਰ ਤੁਸੀਂ ਆਪਣੇ ਦਿਲ ਨੂੰ ਹੀ ਅਪਣੀ ਜਗਵੇਦੀ ਬਣਾਓ ਅਤੇ ਆਪਣੇ ਹਿਰਦੇ ਵਿੱਚ ਕਹੋ, "ਪ੍ਰਭੂ ਯਿਸੂ ਮੈਂ ਇਹਦਾ ਵਿਸ਼ਵਾਸ਼ ਕਰਦਾ ਹਾਂ ਮੈਂ ਅੱਜ ਰਾਤ ਇੱਥੇ ਬਾਹਰ ਇਸ ਰਾਤ ਦੀ ਹਵਾ ਵਿੱਚ ਖੜਾ ਹਾਂ। ਮੈਂ ਇੱਥੇ ਇਹਨਾਂ ਲੋਕਾਂ ਦੇ ਵਿੱਚ ਬੈਠਾ ਹੋਇਆ ਹਾਂ। ਮੈਂ-ਮੈਂ -ਮੈਂ-ਮੈਂ ਨਹੀਂ ਚਾਹੁੰਦਾ ਹਾਂ ਕਿ .....ਮੈਂ ਇਸਨੂੰ ਗਵਾ ਨਹੀਂ ਸੱਕਦਾ ਹਾਂ, ਮੈਂ ਇਹ ਨਹੀਂ ਕਰ ਸੱਕਦਾ ਹਾਂ।

381 ਜਿਵੇਂ ਕਿ ਮੈਂ ਤੁਹਾਨੂੰ ਕੱਲ ਰਾਤ ਦੱਸਿਆ ਸੀ, ਸਾਰੀਆਂ ਗੱਲਾਂ ਨੇ ਮੇਰੀ ਬਹੁਤ ਮੱਦਦ ਕੀਤੀ ਹੈ, ਅਤੇ ਪ੍ਰਭੂ ਜਾਣਦਾ ਹੈ ਕਿ ਸੱਚ ਕਹਿ ਰਿਹਾ ਹਾਂ ਜਿਵੇਂ ਕਿ ਪੌਲੂਸ ਨੇ ਕਿਹਾ ਸੀ, " ਮੈਂ ਝੂਠ ਨਹੀਂ ਬੋਲਦਾ ਹਾਂ। " ਉਹ ਦਰਸ਼ਣ ਜਾਂ ਉਹ ਜੋ ਕੁਝ ਵੀ ਸੀ, ਮੈਂ ਉੱਥੇ ਖੜਾ ਸੀ ਅਤੇ ਮੈਂ ਨਿਗਾਹ ਮਾਰੀ ਅਤੇ ਉਹਨਾਂ ਲੋਕਾਂ ਨੂੰ ਛੂਹਿਆ ਜਿਹੜੇ ਕਿ ਮਹਿਮਾਂ ਵਿੱਚ ਉਠਾਏ ਜਾ ਚੁੱਕੇ ਹਨ ਬਸ ਏਨਾ ਹੀ ਅਸਲੀ ਜਿਵੇਂ ਕਿ ਮੇਰਾ ਇੱਥੇ ਖੜੇ ਹੋਣਾ ਹੈ। ਮੇਰੇ ਨਿਮਾਣੇ ਭੈਣੋਂ, ਭਾਈਓ ਇਹਨੂੰ ਗੁਆ ਨਾ ਲੈਣਾ, ਏਦਾਂ ਨਾ ਕਰਨਾ। ਮੈਂ ਜਾਣਦਾ ਹਾਂ ਕਿ ਤੁਸਾਂ ਪ੍ਰਚਾਰ ਸੁਣਿਆ ਹੈ, ਤੁਸੀਂਂ, ਇਹ, ਉਹ ਜਾਂ ਕਥਾ ਕਹਾਣੀਆਂ ਅਰ ਬਾਕੀ ਕਈ ਕੁਝ ਸੁਣਿਆ ਹੈ। ਪਰੰਤੂ ਜਰਾ ....ਸੁਣੋ। ਮੇਰੇ ਲਈ ਤਾਂ ....ਮੈਂ ਜਾਣਦਾ ਹਾਂ ਕਿ ਇਹ ਸੱਚ ਹੈ। ਤੁਸੀਂ ਬਸ ...ਵੇਖੋ ਮੈਂ ਇਹਨੂੰ ਹੋਰ ਸਪੱਸ਼ਟ ਨਹੀਂ ਕਰ ਸੱਕਦਾ ਹਾਂ। ਤੁਸੀਂ ਇਹਨੂੰ ਨਾ ਗੁਆਉਣਾ। ਇਹ ਤਾਂ ਪੂਰੇ ਦਾ ਪੂਰਾ ਤੁਹਾਡਾ ਹੈ।



ਦਿਓ ਅਤੇ ਇਹਨੂੰ ਦੁਨੀਆ ਕੋਲੋਂ ਬੁਝਾਉਣ ਦੀ ਕੋਸ਼ਿਸ਼ ਕਰੋ। ਤੁਸੀਂ ਇਸ ਤਰ੍ਹਾਂ ਨਹੀਂ ਕਰ ਸੱਕਦੇ ਹੋ। ਸਿਰਫ ਇੱਕ ਹੀ ਚੀਜ਼ ਹੈ ਜਿਹੜੀ ਉਹਨੂੰ ਬੁਝਾ ਸੱਕਦੀ ਹੈ ਅਤੇ ਉਹ ਪ੍ਰਮੇਸ਼ੁਰ ਹੈ। ਅਤੇ ਉਸਨੇ ਹੀ ਤੁਹਾਨੂੰ ਇਸ ਤਰ੍ਹਾਂ ਦੇ ਬਣਾਇਆ ਹੈ।

77 ਇਸ ਲਈ ....ਇਹਨਾਂ ਜਵਾਨ ਕੁੜੀਆਂ ਨੇ ਉਸ ਮੁੰਡੇ ਲਈ ਹਰ ਰੋਜ ਪਾਉਣ ਵਾਲਾ ਪੱਛਮੀਂ ਪਹਿਰਾਵਾ ਪਾ ਲਿਆ ਅਤੇ ਉਹਨਾਂ ਵਿੱਚੋਂ ਹਰ ਇੱਕ ਨੂੰ ਇਹ ਯਕੀਨ ਸੀ ਕਿ ਉਹ ਉਸ ਮੁੰਡੇ ਨੂੰ ਪਾ ਲਵੇਗੀ।

78 ਉੱਥੇ ਹੀ ਇੱਕ ਖੇਤ ਵਿੱਚ ਉਹਨਾਂ ਕੁੜੀਆਂ ਦੀ ਇੱਕ ਛੋਟੀ ਚਚੇਰੀ ਭੈਣ ਵੀ ਰਹਿੰਦੀ ਸੀ ਅਤੇ ਉਹ ਅਨਾਥ ਸੀ ਅਤੇ ਇਸ ਲਈ ਉਹਨੇ ਇਹਨਾਂ ਕੁੜੀਆਂ ਲਈ ਸਾਰਾ ਕੰਮ ਕੀਤਾ, ਕਿਉਂਕਿ ਤੁਹਾਨੂੰ ਪਤਾ ਹੈ ਕਿ ਉਹਨਾਂ ਨੇ ਆਪਣੀਆਂ ਉਂਗਲਾਂ ਦੇ ਨਹੁੰ ਪਾਲਸ਼ ਲਗਾਉਣੀ ਸੀ ਇਸ ਲਈ ਉਹ ਆਪਣੇ ਹੱਥਾਂ ਨਾਲ ਭਾਂਡੇ ਨਹੀਂ ਧੋ ਸੱਕਦੀਆਂ ਸਨ। ਅਤੇ ਉਹ ਸਾਰੇ ਦਾ ਸਾਰਾ ਕਠਿਨ ਕੰਮ ਕਰਦੀ ਹੁੰਦੀ ਸੀ।

79 ਅਤੇ ਜਦ ਅਖੀਰ ਵਿੱਚ ਉਹ ਮੁੰਡਾ ਆਇਆ ਤਾਂ ਉਹ ਬਾਹਰ ਗਈਆਂ ਅਤੇ ਉਸਨੂੰ ਪੱਛਮੀ ਢੰਗ ਦੇ ਰਿਵਾਜ ਅਨੁਸਾਰ ਅੰਦਰ ਲੈ ਕੇ ਆਈਆਂ ਅਤੇ ਉਹ ਉਹ ਅੰਦਰ ਆਏ ਅਤੇ ਉਹ ਆਪਣੀਆਂ ਬੰਦੂਕਾਂ ਚਲਾ ਰਹੇ ਸਨ ਅਤੇ ਇਸੇ ਤਰ੍ਹਾਂ ਦੇ ਕੰਮ ਕਰ ਰਹੇ ਸਨ। ਅਤੇ ਉਸ ਰਾਤ ਉਹਨਾਂ ਨੇ ਉੱਥੇ ਬਾਹਰ ਪੁਰਾਣੇ ਢੰਗ ਦਾ ਬਹੁਤ ਵੱਡਾ ਨਾਚ ਰੰਗ ਕੀਤਾ ਅਤੇ ਹੋਰ ਵੀ ਖੇਤੀ ਵਾਲੇ ਆਪਣੇ-ਆਪਣੇ ਵਸਤਰ ਪਾ ਕੇ ਆਪਣਾ ਨਾਚ ਕਰਦੇ ਹੋਏ ਅੰਦਰ ਆਏ ਅਤੇ ਹੋਰ ਹੋਰ ਕਰ ਰਹੇ ਸਨ। ਅਤੇ ਪਹਿਲੀ ਗੱਲ ਦਾ ਤੁਹਾਨੂੰ ਪਤਾ ਹੈ ਕਿ ਇਹ ਨਾਚ ਦਾ ਪ੍ਰੋਗਰਾਮ ਦੋ ਜਾਂ ਤਿੰਨ ਦਿਨਾਂ ਲਈ ਉਹਨਾਂ ਲਈ ਜੁਬਲੀ ਦਾ ਜਸ਼ਨ ਸੀ।

80 ਅਤੇ ਫਿਰ ਇੱਕ ਦਿਨ ਇਹ ਲੜਕਾ ਉਸ ਥਾਂ ਤੋਂ ਬਾਹਰ ਨਿੱਕਲਿਆ ਤਾਂ ਕਿ ਉਸ ਨਾਚ-ਰੰਗ ਤੋਂ ਥੋੜਾ ਅਰਾਮ ਕਰੇ ਅਤੇ ਕੁੜੀਆਂ ਤੋਂ ਦੂਰ ਰਹਿ ਸਕੇ। ਅਤੇ ਅਜਿਹਾ ਹੋਇਆ ਕਿ ਜਦ ਉਹ ਹੇਠਾਂ ਵਾੜੇ ਦੇ ਵੱਲ ਜਾ ਰਿਹਾ ਸੀ। ਉਸਨੇ ਵੇਖਿਆ ਕਿ ਉੱਥੋਂ ਇੱਕ ਛੋਟੀ ਕੁੜੀ ਲੰਘੀਂ ਜੋ ਬੜੀ ਹੀ ਗਰੀਬੜੀ ਜਿਹੀ ਜਾਪਦੀ ਸੀ। ਅਤੇ ਉਸ ਕੁੜੀ ਦੇ ਕੋਲ ਪਾਣੀ ਨਾਲ ਭਰਿਆ ਹੋਇਆ ਬਰਤਨ ਸੀ, ਉਸਨੇ ਬਰਤਨ ਧੋਤੇ ਸਨ। ਅਤੇ ਉਸ ਮੁੰਡੇ ਨੇ ਸੋਚਿਆ, "ਮੈਂ ਇਹਨੂੰ ਪਹਿਲਾਂ ਕਦੇ ਨਹੀਂ ਵੇਖਿਆ। ਮੈਨੂੰ ਹੈਰਾਨੀ ਹੁੰਦੀ ਹੈ ਕਿ ਇਹ ਕਿੱਥੋਂ ਆਉਂਦੀ ਹੈ?" ਉਸਨੇ ਸੋਚਆ ਕਿ ਉਹ ਅਰਾਮ-ਘਰ ਜਾਣ ਦੀ ਬਜਾਏ ਉੱਧਰ ਜਾਵੇਗਾ ਅਤੇ ਉੱਥੇ ਪਸ਼ੂਆਂ ਦੇ ਵਾੜੇ ਵੱਲ ਜਾ ਕੇ ਵਾਪਿਸ ਆਵੇਗਾ ਅਤੇ ਉਸ ਕੁੜੀ ਨੂੰ ਮਿਲੇਗਾ।

81 ਉਹ ਕੁੜੀ ਨੰਗੇ ਪੈਰੀਂ ਸੀ। ਉਹ ਰੁਕ ਗਈ। ਉਸਨੇ ਆਪਣਾ ਸਿਰ ਹੇਠਾਂ ਕੀਤਾ ਹੋਇਆ ਸੀ। ਉਹਨੇ ਵੇਖ ਲਿਆ ਸੀ ਕਿ ਇਹ ਮੁੰਡਾ ਕੌਣ ਹੈ, ਅਤੇ ਉਹ ਬਹੁਤ ਸ਼ਰਮੀਲੀ ਸੀ। ਉਹ ਇਸ ਮਹਾਨ ਆਦਮੀ ਨੂੰ ਜਾਣਦੀ ਸੀ। ਅਤੇ ਉਹ ਤਾਂ ਬਸ ਉਹਨਾਂ ਕੁੜੀਆਂ ਦੀ ਚਚੇਰੀ ਭੈਣ ਸੀ। ਉਹਨਾਂ ਦਾ ਪਿਤਾ ਆੱਰਮਰ ਕੰਪਨੀ ਵਿੱਚ ਮੁੱਖ ਕਰਮਚਾਰੀ ਸੀ, ਸੋ ਉਹ ਹੇਠਾਂ ਵੇਖਦੀ ਰਹੀ। ਅਤੇ ਪੈਰਾਂ ਤੋਂ ਨੰਗੀ ਹੋਣ ਕਾਰਨ ਉਹਨੂੰ ਬੜੀ ਸ਼ਰਮ ਆ ਰਹੀ ਸੀ।

82 ਮੁੰਡੇ ਨੇ ਆਖਿਆ, " ਤੇਰਾ ਨਾਮ ਕੀ ਹੈ?" ਉਸ ਕੁੜੀ ਨੇ ਉਹਨੂੰ ਆਪਣਾ ਨਾਮ ਦੱਸਿਆ। ਉਸ ਮੁੰਡੇ ਨੇ ਕਿਹਾ, " ਕਿਉਂ ਤੂੰ ਉੱਥੇ ਬਾਹਰ ਨਹੀਂ ਆਈ ਜਿੱਥੇ ਉਹ ਹੋਰ ਦੂਸਰੀਆਂ ਕੁੜੀਆਂ ਸਨ?" ਅਤੇ ਉਸਨੇ ਇਹਦੇ ਲਈ ਇੱਕ ਤਰ੍ਹਾਂ ਦੇ ਬਹਾਨੇ ਬਣਾਏ।

83 ਸੋ ਅਗਲੀ ਰਾਤ ਉਹਨੇ ਫਿਰ ਉਹਦੀ ਤਾਕ ਰੱਖੀ। ਅੰਤ ਵਿੱਚ ......ਉਹ ਉੱਥੇ ਬਾਹਰ ਬੈਠਾ ਸੀ। ਅਤੇ ਉਹ ਸੱਭ ਤਾਂ ਕਈ ਕੁਝ ਕਰ ਰਹੀਆਂ ਸਨ। ਅਤੇ ਉਹ ਪਸ਼ੂਆਂ ਨੂੰ ਰੱਖਣ ਵਾਲੀ ਕੰਧ ਦੇ ਉੱਤੇ ਬੈਠ ਜਾਂਦਾ ਹੈ ਅਤੇ ਉਸ ਕੁੜੀ ਵੱਲ ਵੇਖਦਾ ਰਹਿੰਦਾ ਹੈ ਕਿ ਉਹ ਭਾਂਡਿਆਂ ਵਾਲਾ ਪਾਣੀ ਬਾਹਰ ਸੁੱਟਣ ਆਏ। ਅਤੇ ਉਸਨੇ ਉਹਨੂੰ ਵੇਖਿਆ। ਅਤੇ ਉਸਨੇ ਉਹਨੂੰ ਕਿਹਾ, "ਕੀ ਤੂੰ ਮੇਰੇ ਇੱਥੇ ਆਉਣ ਦਾ ਅਸਲੀ ਕਾਰਨ ਜਾਣਦੀਂ ਹੈਂ ?"ਉਸ ਕੁੜੀ ਨੇ ਕਿਹਾ, "ਨਹੀਂ ਜੀ ਸ਼੍ਰੀਮਾਨ, ਮੈਂ ਨਹੀਂ ਜਾਣਦੀ ਹਾਂ। "

84 ਉਸਨੇ ਕਿਹਾ, " ਮੇਰਾ ਇੱਥੇ ਆਉਣ ਦਾ ਮਕਸਦ ਇਹ ਹੈ ਕਿ ਮੈਂ ਇੱਕ ਪਤਨੀ ਭਾਲ ਸਕਾਂ।" ਉਸਨੇ ਕਿਹਾ, "ਅਤੇ ਮੈਨੂੰ ਤੇਰੇ ਵਿੱਚ ਉਹ ਚਰਿੱਤਰ ਮਿਲਿਆ ਹੈ ਜੋ ਉਹਨਾਂ ਦੇ ਅੰਦਰ ਨਹੀਂ ਹੈ। (ਅਤੇ ਤੁਸੀਂ ਵੇਖੋ, ਮੈਂ ਕਲੀਸਿਯਾ ਦੇ ਵਾਰੇ ਸੋਚ ਰਿਹਾ ਸੀ। )ਉਸਨੇ ਕਿਹਾ, "ਕੀ ਤੂੰ ਮੇਰੇ ਨਾਲ ਵਿਆਹ ਕਰੇਂਗੀ?"

ਉਹਨੇ ਕਿਹਾ, ਮੈਂ ?ਮੈਂ? ਮੈਂ ਤਾਂ ਇਸ ਤਰ੍ਹਾਂ ਦੀ ਗੱਲ ਸੋਚ ਵੀ ਨਹੀਂ ਸੱਕਦੀ ਹਾਂ। "

85 ਵੇਖੋ, ਉਹ ਮੁੰਡਾ ਮੁੱਖ ਮਾਲਕ ਦਾ ਪੁੱਤਰ ਸੀ। ਉਹ ਦੇਸ਼ ਦੀਆਂ ਸਾਰੀਆਂ ਕੰਪਨੀਆਂ ਅਤੇ ਖੇਤਾਂ ਦਾ ਮਾਲਕ ਸੀ। ਅਤੇ ਉਸ ਲੜਕੇ ਨੇ ਕਿਹਾ, "ਹਾਂ ਮੈਨੂੰ ਸ਼ਿਕਾਗੋ ਵਿੱਚ ਵੀ ਪਤਨੀ ਨਹੀਂ ਲੱਭੀ। ਮੈਂ ਇੱਕ ਸੱਚੀ ਪਤਨੀ ਚਾਹੁੰਦਾ ਹਾਂ। ਮੈਂ ਇੱਕ ਚਰਿੱਤਰ ਵਾਲੀ ਪਤਨੀ ਚਾਹੁੰਦਾ ਹਾਂ। ਅਤੇ ਜਿਸ ਚੀਜ਼ ਨੂੰ ਲੱਭ ਰਿਹਾ ਸੀ ਉਹ ਮੈਂ ਤੇਰੇ ਵਿੱਚ ਵੇਖੀ ਹੈ-ਕੀ ਤੂੰ ਮੇਰੇ ਨਾਲ ਵਿਆਹ ਕਰੇਂਗੀ?" ਉਸ ਕੁੜੀ ਨੇ ਕਿਹਾ, " ਚੰਗਾ ...." ਇਸ ਗੱਲ ਨੇ ਕੁੜੀ ਨੂੰ ਹੈਰਾਨ ਕਰ ਦਿੱਤਾ। ਅਤੇ ਉਸਨੇ ਕਿਹਾ, "ਹਾਂ।"

86 ਅਤੇ ਉਸ ਮੁੰਡੇ ਨੇ ਕਿਹਾ, " ਅੱਛਾ ..." ਉਸਨੇ ਉਸ ਕੁੜੀ ਨੂੰ ਕਿਹਾ ਕਿ ਉਹ ਵਾਪਿਸ ਆਵੇਗਾ। ਉਸਨੇ ਕਿਹਾ, " ਹੁਣ ਤੂੰ ਬਸ ਆਪਣੇ ਆਪ ਨੂੰ ਤਿਆਰ ਕਰ ਅਤੇ ਅੱਜ ਤੋਂ ਇੱਕ ਸਾਲ ਬਾਦ ਮੈਂ ਵਾਪਿਸ ਮੁੜ ਕੇ ਆਵਾਂਗਾ। ਠੀਕ ਹੈ .....ਅਤੇ ਮੈਂ ਤੈਨੂੰ ਲੈ ਜਾਵਾਂਗਾ, ਅਤੇ ਮੈਂ ਤੈਨੂੰ ਇੱਥੋਂ ਦੂਰ ਲੈ ਜਾਵਾਂਗਾ। ਅਤੇ ਮੈਂ ਸ਼ਿਕਾਗੋ ਜਾਵਾਂਗਾ ਅਤੇ ਤੇਰੇ ਲਈ ਇੱਕ ਅਜਿਹਾ ਘਰ ਬਣਾਵਾਂਗਾ ਜਿਹਾ ਤੂੰ ਕਦੇ ਵੇਖਿਆ ਨਹੀਂ ਹੋਵੇਗਾ। "

87 ਉਸ ਕੁੜੀ ਨੇ ਕਿਹਾ, " ਮੇਰਾ ਕੋਈ ਘਰ ਨਹੀਂ ਹੈ-ਮੇਰਾ ਕਦੇ ਵੀ ਕੋਈ ਘਰ ਨਹੀਂ ਰਿਹਾ ਹੈ। ਮੈਂ ਯਤੀਮ ਹਾਂ। " ਉਹਨੇ ਕਿਹਾ।

88 ਉਸਨੇ ਕਿਹਾ, "ਮੈਂ ਤੇਰੇ ਲਈ ਇੱਕ ਬਹੁਤ ਵਧੀਆ ਘਰ ਬਣਾਵਾਂਗਾ। ਮੈਂ ਵਾਪਿਸ ਆਵਾਂਗਾ। "

89 ਉਸ ਸਾਲ ਦੇ ਦੋਰਾਨ ਸਾਰਾ ਸਮਾਂ ਉਸ ਮੁੰਡੇ ਨੇ ਉਸ ਕੁੜੀ ਨਾਲ ਸੰਪਰਕ ਬਣਾਈ ਰੱਖਿਆ। ਅਤੇ ਉਹ ਜਿੰਨਾ ਵੀ ਕੰਮ ਕਰ ਸੱਕਦੀ ਸੀ ਉਸਨੇ ਕੀਤਾ ਉਸਦੇ ਕੋਲ ਜੋ ਕੁਝ ਵੀ ਸੀ



370 ਕੀ ਇੱਥੇ ਅਜਿਹੇ ਲੋਕ ਹਨ ਜਿਹਨਾਂ ਨੇ ਹਾਲੇ ਤੀਕਰ ਇਹ ਨਹੀਂ ਕੀਤਾ ਹੈ? ਜੇ ਇਸ ਤਰ੍ਹਾਂ ਹੈ ਤਾਂ ਕੀ ਤੁਸੀਂ ਆਪਣੇ ਹੱਥ ਨੂੰ ਉੱਪਰ ਉਠਾਓਗੇ ਅਤੇ ਕਹੋਗੇ, " ਭਾਈ ਬ੍ਰਾਨਹਾਮ ਮੇਰੇ ਲਈ ਦੁਆ ਕੀਤੀ ਜਾਵੇ। ਹੁਣ ਮੈਂ ਇਹਨੂੰ ਕਰਨਾ ਚਾਹੁੰਦਾ ਹਾਂ। ਮੈਂ ਨਹੀਂ ਚਾਹੁੰਦਾ ਹਾਂ ਕਿ ਇਹ ਮੇਰੇ ਉੱਤੇ ਆਵੇ। " ਹੁਣ ਦੋਸਤੋ, ਯਾਦ ਰਹੇ ....ਪ੍ਰਮੇਸ਼ੁਰ ਤੁਹਾਨੂੰ ਬਰਕਤ ਦੇਵੇ। ਇਹ ਚੰਗੀ ਗੱਲ ਹੈ।

371 ਇਹਦੇ ਤੇ ਇਹ ਮੇਰੇ ਵਿਚਾਰ ਨਹੀਂ ਹਨ। ਇਹ ਉਹ ਨਹੀਂ ਹੈ ਜੋ ਮੈਂ ਸੋਚ ਰਿਹਾ ਹਾਂ,ਇਹ ਸੱਭ ਬਿਲਕੁੱਲ ਵੀ ਮੇਰੀ ਵੱਲੋਂ ਨਹੀਂ ਹੈ। ਪਾਕ ਰੂਹ ਇਹ ਜਾਣਦਾ ਹੈ ਇਸ ਲਈ ਉਹ ਮੇਰੀ ਸਹਾਇਤਾ ਕਰੇ। ਅਤੇ ਤੁਸੀਂ ਇੰਤਜ਼ਾਰ ਕਰੋ, ਜੇ ਪ੍ਰਭੂ ਦੀ ਮਰਜ਼ੀ ਹੋਈ ਤਾਂ ਮੈਂ ਕੱਲ੍ਹ ਰਾਤ ਇੱਥੇ ਇਸ ਸੰਗਤ ਵਿੱਚ ਉਸ ਭੇਤ ਨੂੰ ਵਿਖਾਵਾਂਗਾ ਜਿਹੜਾ ਹਰ ਸਮੇਂ ਹੀ ਚੱਲਦਾ ਰਿਹਾ ਹੈ। ਮੈਨੂੰ ਬਹੁਤ ਸ਼ੱਕ ਹੁੰਦਾ ਹੈ ਕਿ ਤੁਸੀਂ ਇਹਨੂੰ ਵੇਖਿਆ ਹੈ ਜਾਂ ਨਹੀਂ ਜੋ ਘਟਿਆ ਹੈ। ਇੱਥੇ ਬਿਲਕੁੱਲ ਤੁਹਾਡੇ ਸਾਹਮਣੇ ਕੋਈ ਚੀਜ਼ ਰੱਖੀ ਗਈ ਹੈ। ਅਤੇ ਮੈਂ ਹਰ ਰਾਤ ਇਸ ਗੱਲ ਤੇ ਨਿਗਾਹ ਲਗਾਈ ਰੱਖੀ ਕਿ ਕੋਈ ਉੱਠੇ ਅਤੇ ਕਹੇ, "ਮੈਂ ਇਹਨੂੰ ਵੇਖਦਾ ਹਾਂ। " ਸਮਝੇ?

372 ਮੈਂ ਤੁਹਾਨੂੰ ਕਹਿੰਦਾ ਹਾਂ ਕਿ ਕਿਰਪਾ ਕਰਕੇ ਇਹਨੂੰ ਰੱਦ ਨਾ ਦਿਓ, ਜੇ ਤੁਸੀਂ ਇੱਕ ਮਸੀਹੀ ਨਹੀਂ ਹੋ, ਜੇ ਤੁਸੀਂ ਲੇਲੇ ਦੇ ਲਹੂ ਦੇ ਥੱਲੇ ਨਹੀਂ ਹੋ, ਜੇ ਤੁਸੀਂ ਨਵਾਂ ਜਨਮ ਨਹੀਂ ਪਾਇਆ ਹੈ ਅਤੇ ਜੇ ਤੁਸੀਂ ਪਵਿੱਤਰ ਆਤਮਾ ਨਾਲ ਨਹੀਂ ਭਰੇ ਹੋ।

373 ਜੇ ਤੁਸੀਂ ਯਿਸੂ ਮਸੀਹ ਦੇ ਨਾਮ ਵਿੱਚ ਬਪਤਿਸਮਾ ਲੈਣ ਦੇ ਰਾਹੀਂ ਕਿ ਤੁਸੀਂ ਉਸਦੀ ਮੋਤ, ਦੱਬੇ ਜਾਣ ਅਤੇ ਜੀ ਉੱਠਣ ਦੇ ਗਵਾਹ ਹੋਣ ਦੇ ਲਈ, ਉਸ ਨੂੰ ਖੁੱਲ੍ਹੇਆਮ ਕਬੂਲ ਨਹੀਂ ਕੀਤਾ ਤਾਂ ਤੁਹਾਡੇ ਲਈ ਪਾਣੀ ਤਿਆਰ ਹੈ ਕਿ ਤੁਸੀਂ ਉਹਨੂੰ ਕਬੂਲ ਕਰੋ। ਉਹ ਉਡੀਕ ਕਰ ਰਹੇ ਹਨ। ਇੱਥੇ ਵਸਤਰ ਤਿਆਰ ਹਨ ਅਤੇ ਸੱਭ ਕੁਝ ਤਿਆਰ ਹੈ।

374 ਮਸੀਹ ਤੁਹਾਨੂੰ ਕਬੂਲ ਕਰਨ ਲਈ ਆਪਣੀਆਂ ਬਾਹਾਂ ਨੂੰ ਫੈਲਾ ਕੇ ਖੜਾ ਹੈ। ਹੋ ਸੱਕਦਾ ਹੈ ਕਿ ਹੁਣ ਤੋਂ ਇੱਕ ਘੰਟੇ ਬਾਦ ਉਹ ਕਿਰਪਾ ਤੁਹਾਡੇ ਲਈ ਪ੍ਰਾਪਤ ਨਾ ਹੋਵੇ। ਹੋ ਸੱਕਦਾ ਹੈ ਤੁਸੀਂ ਉਹਨੂੰ ਆਖਰੀ ਵਾਰ ਰੱਦ ਦਿਓ, ਇਹ ਫਿਰ ਕਦੇ ਤੁਹਾਡੇ ਦਿਲ ਨੂੰ ਨਹੀਂ ਛੂਹੇਗੀ। ਜਦ ਤੁਸੀਂ ਕਰ ਸੱਕਦੇ ਹੋ, ਜਦਕਿ ਤੁਸੀਂ ਇਹ ਕਰ ਸੱਕਦੇ ਹੋ ਤਾਂ ਤੁਸੀਂ ਇਹ ਕਿਉਂ ਨਹੀਂ ਕਰਦੇ?ਹੁਣ ਜਦ....

375 ਮੈਂ ਜਾਣਦਾ ਹਾਂ ਕਿ ਆਮ ਤੋਰ ਤੇ ਜਿਹੜਾ ਰਿਵਾਜ ਹੈ ਉਹ ਹੈ ਕਿ ਲੋਕਾਂ ਨੂੰ ਜਗਵੇਦੀ ਦੇ ਕੋਲ ਲਿਆਉਣਾ। ਅਸੀਂ ਇਹ ਜਾਣਦੇ ਹਾਂ ਅਤੇ ਇਹ ਤਰੀਕਾ ਬਿਲਕੁੱਲ ਠੀਕ ਹੈ। ਪ੍ਰੰਤੂ ਇਸ ਵੇਲੇ ਜਗਵੇਦੀ ਦੇ ਦੁਆਲੇ ਏਨੀ ਭੀੜ ਹੈ ਕਿ ਅਸੀਂ ਅਜਿਹਾ ਨਹੀਂ ਕਰ ਸੱਕਦੇ ਹਾਂ।

376 ਪਰ ਮੈਂ ਇਹ ਕਹਿਣਾ ਚਾਹਾਂਗਾ ਕਿ ਰਸੂਲਾਂ ਦੇ ਦਿਨਾਂ ਵਿੱਚ, ਉਹ ਕਹਿੰਦੇ ਹਨ ਕਿ, "ਜਿੰਨਿਆਂ ਨੇ ਵਿਸ਼ਵਾਸ਼ ਕੀਤਾ ਉਹਨਾਂ ਨੇ ਬਪਤਿਸਮਾ ਲਿਆ। " ਸਮਝੇ? ਜੇ ਤੁਸੀਂ ਬਸ ਇਹ ਕਹਿ ਸਕੋ ਕਿ ਤੁਸੀਂ ਆਪਣੇ ਦਿਲ ਦੀ ਗਹਿਰਾਈ ਦੇ ਨਾਲ ਇਹ ਕਰ ਸੱਕਦੇ ਹੋ। ਇੱਥੇ ਇਹ ਹੀ ਕਰਨਾ ਹੈ। ਇਹ ਕੋਈ ਭਾਵਨਾਵਾਂ ਨਹੀਂ ਹਨ ਭਾਵੇਂ ਭਾਵਨਾਵਾਂ ਇਸਦੇ ਨਾਲ ਹੁੰਦੀਆਂ ਹਨ। ਠੀਕ ਜਿਵੇਂ ਕਿ ਮੈਂ ਕਿਹਾ ਸੀ, ਸਿਗਰਟ ਪੀਣਾ ਅਤੇ ਸ਼ਰਾਬ ਪੀਣਾ ਪਾਪ ਨਹੀਂ ਹੈ ਬਲਕਣ ਇਹ ਤਾਂ ਪਾਪ ਦੇ ਫਲ ਹਨ, ਇਹ ਤਾਂ ਇਹ ਦਰਸਾਉਂਦੇ ਹਨ ਕਿ ਤੁਸੀਂ ਵਿਸ਼ਵਾਸ਼ ਨਹੀਂ ਕਰਦੇ ਹੋ। ਸਮਝੇ? ਪਰ

ਚੀਕ ਕੇ --ਉਹਨਾਂ ਨੇ ਪਹਾੜਾਂ ਅਤੇ ਚੱਟਾਨਾਂ ਨੂੰ ਕਿਹਾ ਕਿ ਉਹ ਉਹਨਾਂ ਨੂੰ ਲੇਲੇ ਸਾਹਮਣਿਓਂ, ਉਸਦੇ ਕ੍ਰੋਧ ਤੋਂ ਸਾਨੂੰ ਲੁਕਾ ਲਓ। " ਝਉਹ ਤੋਬਾ ਕਰਨ ਦੀ ਕੋਸ਼ਿਸ਼ ਕਰਦੇ ਹਨ ਪ੍ਰੰਤੂ ਲੇਲਾ ਤਾਂ ਆਪਣਿਆਂ ਦਾ ਦਾਅਵਾ ਕਰਨ ਲਈ ਆ ਚੁੱਕਾ ਹੁੰਦਾ ਹੈ। ਅਤੇ ਉਹਨਾਂ ਨੇ ਪਹਾੜਾਂ ਅਤੇ ਚੱਟਾਨਾਂ ਨੂੰ ਉੱਚੀ ਪੁਕਾਰਿਆ। ਦੁਆ ਕੀਤੀ ;ਪਰ ਦੁਆਵਾਂ ਲਈ ਬਹੁਤ ਦੇਰ ਹੋ ਚੁੱਕੀ ਸੀ।

364 ਮੇਰੇ ਭਾਈਓ, ਭੈਣੋ ਪ੍ਰਮੇਸ਼ੁਰ ਦੀ ਕਿਰਪਾ ਅੰਜ ਲੋਕਾਂ ਵੱਲ ਵੱਧਾਈ ਗਈ ਹੈ। ਜਦਕਿ ਇਸਰਾਏਲ ਇਹਦੇ ਲਈ ਦੋ ਹਜਾਰ ਸਾਲਾਂ ਤੋਂ ਅੰਨ੍ਹਾ ਕੀਤਾ ਗਿਆ ਹੈ, ਤਾਂ ਕਿ ਸਾਨੂੰ ਤੋਬਾ ਦਾ ਮੋਕਾ ਦਿੱਤਾ ਜਾ ਸਕੇ। ਕੀ ਤੁਸੀਂ ਉਹਨੂੰ ਰੱਦ ਦਿੱਤਾ ਹੈ? ਕੀ ਤੁਸੀਂ ਉਸ ਠੁਕਰਾ ਦਿੱਤਾ ਹੈ?

365 ਜਿਦਾਂ ਵੀ ਹੋਵੇ, ਤੁਸੀਂ ਕੋਣ ਹੋ? ਤੁਸੀਂ ਕਿੱਥੋਂ ਆਏ ਹੋ? ਤੁਸੀਂ ਕਿੱਥੇ ਜਾ ਰਹੇ ਹੋ? ਤੁਸੀਂ ਇਹ ਡਾਕਟਰ ਨੂੰ ਨਹੀਂ ਪੁੱਛ ਸੱਕਦੇ ਹੋ, ਤੁਸੀਂ ਦੁਨੀਆਂ ਵਿੱਚ ਕਿਸੇ ਨੂੰ ਇਹ ਨਹੀਂ ਪੁੱਛ ਸੱਕਦੇ ਹੋ ਅਤੇ ਨਾ ਹੀ ਕੋਈ ਅਜ੍ਹੀ ਕਿਤਾਬ ਹੀ ਹੈ ਜਿਹਦੇ ਵਿੱਚ ਤੁਸੀਂ ਇਹ ਪੜ੍ਹ ਸੱਕਦੇ ਹੋ ਜਾਂ ਤੁਹਾਨੂੰ ਦੱਸ ਸਕੇ ਕਿ ਤੁਸੀਂ ਕੋਣ ਹੋ, ਤੁਸੀਂ ਕਿੱਥੋਂ ਆਏ ਹੋ, ਅਤੇ ਤੁਸੀਂ ਕਿੱਥੇ ਜਾ ਰਹੇ ਹੋ, ਪਰੰਤੂ ਇਹ ਪੁਸਤਕ ਬਾਈਬਲ ਤੁਹਾਨੂੰ ਇਹ ਦੱਸ ਸੱਕਦੀ ਹੈ।

366 ਹੁਣ ਤੁਸੀਂ ਇਹ ਜਾਣ ਲਓ ਕਿ ਲੇਲੇ ਦੇ ਲਹੂ ਤੋਂ ਬਿਨਾਂ ਆਪਣੇ ਥਾਂ ਤੇ ਕੰਮਾਂ ਨੂੰ ਕਰਨਾ; ਤੁਹਾਨੂੰ ਕਿਸ ਪਾਸੇ ਲਿਜਾਂਦਾ ਹੈ। ਇਸ ਲਈ ਜੇ ਖੁਦਾ ਨੇ ਤੁਹਾਡੇ ਲਈ ਉਹ ਕੀਤਾ ਹੈ ਤਾਂ ਤੁਸੀਂ ਹੁਣ ਏਨਾ ਛੋਟਾ ਜਿਹਾ ਕੰਮ ਕਰ ਸੱਕਦੇ ਹੋ ਕਿ ਤੁਸੀਂ ਝਹਨੂੰ ਕਬੂਲ ਕਰ ਲਓ ਜੋ ਖੁਦਾ ਨੇ ਤੁਹਾਡੇ ਲਈ ਕੀਤਾ ਹੈ। ਅਤੇ ਇਹੋ ਸੱਭ ਹੀ ਉਹ ਸਾਨੂੰ ਕਰਨ ਲਈ ਕਹਿੰਦਾ ਹੈ।

367 ਜੇ ਇਸੇ ਅਧਾਰ ਤੇ ਹੀ ਮੈਂ ਹੋਰ ਅਗਾਂਹ ਚਲਾ ਜਾਂਦਾ ਹਾਂ, ਤਾਂ ਮੈਨੂੰ ਕੱਲ ਰਾਤ ਦੀ ਬੰਦਗੀ ਲਈ, ਠੀਕ ਉਸ ਬਵਾ ਵਿੱਚ ਆਉਣਾ ਪਵੇਗਾ। ਅਤੇ ਹੁਣ ਮੈਂ ਇਸ ਤਰ੍ਹਾਂ ਨਹੀਂ ਕਰ ਸੱਕਦਾ ਹਾਂ। ਮੈਂ ਹੁਣ ਹੋਰ ਅੱਗੇ ਨਹੀਂ ਜਾ ਸੱਕਦਾ ਹਾਂ। ਮੈਂ ਇੱਥੇ ਆਪਣੇ ਲੇਖਾਂ ਤੇ ਕਾਂਟਾ (ਕਰਾਸ)ਮਾਰਿਆ ਹੋਇਆ ਹੈ ਜਿਹਦਾ ਅਰਥ ਹੈ ਕਿ ਇੱਥੇ ਰੁਕਣਾ ਹੈ। ਇਸ ਲਈ ਹੁਣ ਮੈਨੂੰ ਕੱਲ ਤੱਕ ਉਡੀਕ ਕਰਨੀ ਹੋਵੇਗੀ।

ਹੁਣ ਆਓ ਇੱਕ ਪਲ ਲਈ ਆਪਣੇ ਸਿਰਾਂ ਨੂੰ ਝੁਕਾਈਏ।

368 ਮੇਰੇ ਬੇਸ਼ਕੀਮਤ ਦੋਸਤ, ਜੇ ਤੁਸੀਂ ਇਸ ਪ੍ਰਮੇਸ਼ੁਰ ਦੇ ਪਿਆਰ ਨੂੰ ਜਿਹਦੇ ਵਾਰੇ ਵਿੱਚ ਮੈਂ ਬੋਲ ਰਿਹਾ ਹਾਂ ਕਬੂਲ ਨਹੀਂ ਕੀਤਾ ਹੈ। ਜੇ ਤੁਸੀਂ ਨਹੀਂ ਕੀਤਾ ਹੈ। ਹੁਣ ਤੁਸੀਂ ਇਹ ਧਿਆਨ ਨਾਲ ਸੁਣੋ। ਜੇ ਤੁਸੀਂ ਝਸਦੀ ਕਿਰਪਾ ਅਤੇ ਪਿਆਰ ਨੂੰ ਕਬੂਲ ਨਹੀਂ ਕੀਤਾ ਹੈ। ਜੇ ਤੁਸੀਂ ਨਹੀਂ ਕੀਤਾ ਹੈ। ਤਾਂ ਤੁਹਾਨੂੰ ਨਿਆਂ ਅਤੇ ਕ੍ਰੋਧ ਦਾ ਸਾਹਮਣਾ ਕਰਨਾ ਪਵੇਗਾ।

369 ਹੁਣ ਅੱਜ ਰਾਤ ਤੁਸੀਂ ਠੀਕ ਉਸੇ ਹਾਲਤ ਵਿੱਚ ਹੋ ਜਿਸ ਹਾਲਤ ਵਿੱਚ ਆਦਮ ਅਤੇ ਹੱਵਾਹ ਅਦਨ ਦੇ ਬਾਗ ਵਿੱਚਸਨ। ਤੁਹਾਡੇ ਕੋਲ ਇੱਕ ਹੱਕ ਹੈ। ਤੁਸੀਂ ਅਜਾਦ ਮਰਜ਼ੀ ਦੇ ਹੋ। ਤੁਸੀਂ ਜੀਵਨ ਦੇ ਬ੍ਰਿਛ ਦੇ ਕੋਲ ਜਾ ਸੱਕਦੇ ਹੋ ਜਾਂ ਤੁਸੀਂ ਨਿਆਂ ਦੀ ਯੋਜਨਾ ਲੈ ਸੱਕਦੇ ਹੋ। ਪਰ ਅੱਜ, ਜਦਕਿ ਤੁਸੀਂ ਸਮਝਦਾਰ ਹੋ ਅਤੇ ਆਪਣੀ ਠੀਕ ਮਾਨਸਿਕ ਹਾਲਤ ਵਿੱਚ ਹੋ ਅਤੇ ਤੁਸੀਂ ਇਹਨੂੰ ਕਬੂਲ ਕਰਨ ਅਤੇ ਖੜੇ ਹੋਣ ਵਿੱਚ ਸਿਹਤਮੰਦ ਹੋ ਤਾਂ ਤੁਸੀਂ ਇਹ ਕਿਉਂ ਨਹੀਂ ਕਰਦੇ।



ਉਸਨੇ ਉਸਦੇ ਨਾਲ ਇੱਕ ਡੱਲਰ ਹਰ ਰੋਜ ਬਚਾਇਆ ਤਾਂ ਕਿ ਉਹ ਵਿਆਹ ਦੇ ਵਸਤਰ ਖਰੀਦ ਸਕੇ। ਇਹ ਕਲੀਸਿਯਾ ਦੀ ਕੇਡੀ ਵਧੀਆ ਤਸਵੀਰ ਹੈ। ਸਮਝੇ? ਵੇਖਿਆ? ਉਸਨੇ ਆਪਣੇ ਵਸਤਰ ਤਿਆਰ ਕੀਤੇ।

90 ਅਤੇ ਤੁਹਾਨੂੰ ਪਤਾ ਹੈ ਕਿ ਜਦ ਉਹਨੇ ਵਿਆਹ ਦੀ ਇਸ ਪੁਸ਼ਾਕ ਦਾ ਪ੍ਰਦਰਸ਼ਨ ਅਥਵਾ ਪ੍ਰਗਟਾਵਾ ਕੀਤਾ ਤਾਂ ਉਹ ਦੀਆਂ ਚਚੇਰੀਆਂ ਭੈਣਾਂ ਨੇ ਕਿਹਾ, "ਕਿਉਂ ਤੂੰ ਬੇਚਾਰੀ ਮੂਰਖ ਕੁੜੀ, ਕੀ ਤੂੰ ਇਹ ਸੋਚਦੀ ਹੈਂ ਕਿ ਉਸ ਵਰਗਾ ਆਦਮੀ ਤੇਰੇ ਨਾਲ ਕੋਈ ਮਤਲਬ ਰੱਖੇਗਾ?"

91 ਉਸਨੇ ਕਿਹਾ, " ਪ੍ਰੰਤੂ ਉਸਨੇ ਮੇਰੇ ਨਾਲ ਵਾਇਦਾ ਕੀਤਾ ਹੈ। " ਆਮੀਨ। ਉਸਨੇ ਕਿਹਾ, "ਉਸਨੇ ਮੇਰੇ ਨਾਲ ਵਾਇਦਾ ਕੀਤਾ ਹੈ। ਅਤੇ ਮੈਂ ਉਸਦੇ ਵਚਨ ਦਾ ਵਿਸ਼ਵਾਸ਼ ਕਰਦੀ ਹਾਂ। "

92 ਉਨ੍ਹਾਂ ਨੇ ਕਿਹਾ, " ਔਹ, ਤਾਂ ਬਸ ਤੈਨੂੰ ਮੂਰਖ ਬਣਾ ਰਿਹਾ ਹੈ, ਜੇ ਉਹਨੇ ਕਿਸੇ ਨੂੰ ਲੈਣਾ ਹੈ ਤਾਂ ਉਹ ਸਾਡੇ ਵਿੱਚੋਂ ਕਿਸੇ ਨੂੰ ਲਵੇਗਾ। "

93 ਉਸਨੇ ਕਿਹਾ, " ਪ੍ਰੰਤੂ, ਹਾਂ ਉਸਨੇ ਮੇਰੇ ਨਾਲ ਵਚਨ ਕੀਤਾ ਹੈ। ਮੈਂ ਉਹਦੀ ਉਡੀਕ ਕਰ ਰਹੀ ਹਾਂ। " ਆਮੀਨ। ਤੇ ਮੈਂ ਵੀ ਆਪਣੇ ਲਾੜੇ ਦੀ ਉਡੀਕ ਕਰ ਰਿਹਾ ਹਾਂ।

94 ਇਸ ਤਰ੍ਹਾਂ ਦਿਨ ਬੀਤਦੇ ਗਏ ਅਤੇ ਅੰਤ ਵਿੱਚ ਉਹ ਦਿਨ ਆਇਆ ਜਦ ਉਸ ਮੁੰਡੇ ਨੇ ਕਿਸੇ ਖਾਸ ਸਮੇਂ ਉੱਥੇ ਹੋਣਾ ਸੀ ਸੋ ਉਹਨੇ ਆਪਣੇ ਵਿਆਹ ਵਾਲੇ ਕੱਪੜੇ ਪਾ ਲਏ। ਅਤੇ ਉਸ ਕੁੜੀ ਨੇ ਉਹਦੇ ਆਉਣ ਦੀ ਕੋਈ ਖਬਰ ਨਹੀਂ ਸੁਣੀ ਸੀ। ਪਰ ਉਹ ਜਾਣਦੀ ਸੀ ਕਿ ਉਹ ਉੱਥੇ ਆਵੇਗਾ ਇਸ ਲਈ ਉਹਨੇ ਵਿਆਹ ਵਾਲੇ ਵਸਤਰ ਪਹਿਨ ਲਏ ਅਤੇ ਸੱਭ ਕੁਝ ਤਿਆਰ ਕੀਤਾ।

95 ਠੀਕ ਹੈ, ਤਦ ਉਹ ਉਸਦੇ ਉੱਤੇ ਬਹੁਤ ਹੱਸਦੀਆਂ ਹਨ। ਕਿਉਂਕਿ ਮਾਲਕ ਨੂੰ ਮੁੱਖ ਕਰਮਚਾਰੀ ਨੂੰ ਸੁਨੇਹਾ ਭੇਜਣਾ ਚਾਹੀਦਾ ਸੀ .....ਉਹਨਾਂ ਕੁੜੀਆਂ ਨੇ ਇਹਦੇ ਵਾਰੇ ਵਿੱਚ ਕੁਝ ਵੀ ਨਹੀਂ ਸੁਣਿਆ ਸੀ। ਇਹ ਗੱਲ ਉਹਨਾਂ ਲਈ ਇੱਕ ਭੇਤ ਦੀ ਗੱਲ ਸੀ। ਇਹ ਵੀ ਇੱਕ ਭੇਤ ਹੀ ਹੈ। ਅਤੇ ਯਕੀਨਨ ਇਹ ਭੇਤ ਹੀ ਹੈ।

96 ਪ੍ਰੰਤੂ ਇਹਨਾਂ ਸੱਭ ਗੱਲਾਂ ਦੇ ਬਾਵਜੂਦ ਇਹ ਕੁੜੀ ਇਸ ਵਚਨ ਦੇ ਅਧਾਰ ਤੇ ਕਿ ਉਹ ਉਹਦੇ ਲਈ ਵਾਪਸ ਆਵੇਗਾ ,ਤਿਆਰੀ ਕਰਦੀ ਰਹੀ।

97 ਸੋ ਉਹਨਾਂ ਨੇ ਹੱਸਣਾ ਸ਼ੁਰੂ ਕਰ ਦਿੱਤਾ। ਅਤੇ ਆਪਣੇ ਹੱਥ ਇੱਕ ਦੂਜੀ ਦੇ ਦੁਆਲੇ ਪਾ ਕੇ ਇਸ ਕੁੜੀ ਦੇ ਦੁਆਲੇ ਨੱਚਣਾ ਸ਼ੁਰੂ ਕਰ ਦਿੱਤਾ ਅਤੇ ਕਿਹਾ, " ਹਾਂ, ਬੇਚਾਰੀ, ਮੂਰਖ ਕੁੜੀ। " ਅਤੇ ਉਹ ਇਸ ਤਰ੍ਹਾਂ ਉਸ ਤੇ ਹੱਸ ਰਹੀਆਂ ਸਨ।

98 ਉਹ ਬਸ ਉੱਥੇ ਹੀ ਖੜੀ ਰਹੀ, ਉਸਦੇ ਮੂੰਹ ਉੱਤੇ ਸ਼ਰਮ ਵਾਲੀ ਕੋਈ ਵੀ ਗੱਲ ਨਹੀਂ ਸੀ। ਉਹ ਤਾਂ ਆਪਣੇ ਫੁੱਲਾਂ ਨੂੰ ਫੜ ਕੇ ਖਲੋਤੀ ਹੋਈ ਸੀ। ਅਤੇ ਉਸਦੇ ਵਿਆਹ ਵਾਲੇ ਸਾਰੇ ਵਸਤਰ ਉਸਦੇ ਸ਼ਰੀਰ ਤੇ ਸਨ, ਤੁਸੀਂ ਜਾਣਦੇ ਹੋ ਕਿ ਉਸਨੇ ਬੜਾ ਸੰਘਰਸ਼ ਕੀਤਾ ਸੀ। (ਉਹਦੀ ਲਾੜੀ ਨੇ ਆਪਣੇ ਆਪ ਨੂੰ ਤਿਆਰ ਕਰ ਲਿਆ ਹੈ। )ਸਮਝੇ? ਉਹ ਆਪਣੇ ਫੁੱਲਾਂ ਨੂੰ ਫੜ ਕੇ ਉਹਦੀ ਉਡੀਕ ਕਰ ਰਹੀ ਸੀ।

99 ਉਸਨੇ ਕਿਹਾ, " ਹੁਣ, ਮੈਂ ਤੁਹਾਨੂੰ ਦੱਸਦੀ ਹਾਂ ਕਿ ਇਹ ਝੂਠ ਸੀ। ਵੇਖ, ਉਹ ਨਹੀਂ ਆ ਰਿਹਾ ਹੈ। "

ਉਸਨੇ ਕਿਹਾ, "ਮੇਰੇ ਕੋਲ ਪੰਜ ਮਿੰਟ ਹੋਰ ਹਨ, ਅਤੇ ਉਹ ਇਥੇ ਹੋਵੇਗਾ। "

ਅਤੇ ਉਹ ਬਸ ਉਸ ਤੇ ਹੱਸੀਆਂ।

100 ਅਤੇ ਬਿਲਕੁੱਲ ਠੀਕ ਸਮੇਂ ਸਿਰ ਉਸ ਪੁਰਾਣੀ ਘੜੀ ਨੇ ਟਿਕ-ਟਿਕ ਕਰਦੇ ਪੰਜ ਮਿੰਟ ਪੂਰੇ ਕੀਤੇ ਤਾਂ ਉਹਨਾਂ ਨੇ ਘੋੜਿਆਂ ਦੇ ਪੈਰਾਂ ਦੀ ਅਵਾਜ਼ ਸੁਣੀ ਅਤੇ ਰੇਤ ਪਹੀਆਂ ਦੇ ਥੱਲੇ ਘੁੰਮ ਰਹੀ ਸੀ। ਅਤੇ ਇੱਕ ਪੁਰਾਣੀ ਬੱਘੀ ਰੁਕਦੀ ਹੈ।

101 ਉਸਨੇ ਉਹਨਾਂ ਵਿੱਚੋਂ ਛਾਲ ਮਾਰੀ ਅਤੇ ਬਾਹਰ ਬੂਹੇ ਤੇ ਜਾ ਖਲੋਤੀ। ਅਤੇ ਉਹਨੇ ਬੱਘੀ ਵਿੱਚੋਂ ਛਾਲ ਮਾਰੀ ਅਤੇ ਉਹ ਉਸ ਦੀਆਂ ਬਾਹਾਂ ਵਿੱਚ ਜਾ ਪਈ। ਉਸਨੇ ਕਿਹਾ, " ਪਿਆਰੀ ਹੁਣ ਇਹ ਪੂਰਾ ਹੋ ਗਿਆ ਹੈ। " ਉਹ ਅਪਣੀਆਂ ਪੁਰਾਣੀਆਂ ਚਚੇਰੀਆਂ ਭੈਣਾਂ -ਜੱਥੇਬੰਦੀਆਂ ਨੂੰ ਛੱਡ ਕੇ ਚਲੀ ਜਾਂਦੀ ਹੈ ਅਤੇ ਉਹ ਉਹਨੂੰ ਵੇਖਦੀਆਂ ਹੀ ਰਹਿ ਜਾਂਦੀਆਂ ਹਨ। ਉਹ ਆਪਣੇ ਘ ਰ ਸ਼ਿਕਾਗੋ ਚਲੀ ਜਾਂਦੀ ਹੈ।

102 ਮੈਂ ਵੀ ਉਸੇ ਤਰ੍ਹਾਂ ਦੇ ਇੱਕ ਹੋਰ ਮਹਾਨ ਵਾਇਦੇ ਨੂੰ ਜਾਣਦਾ ਹਾਂ। ਇਹ ....." ਮੈਂ ਤੁਹਾਡੇ ਲਈ ਜਗ੍ਹਾ ਤਿਆਰ ਕਰਨ ਜਾਂਦਾ ਹਾਂ ਅਤੇ ਆਣ ਕੇ ਫਿਰ ਤੁਹਾਨੂੰ ਲੈ ਜਾਵਾਂਗਾ। " ਹੋ ਸੱਕਦਾ ਹੈ ਕਿ ਉਹ ਆਖਦੇ ਹੋਣ ਕਿ ਅਸੀਂ ਤਾਂ ਸ਼ੁਦਾਈ ਹੋ ਚੁੱਕੇ ਹਾਂ। ਪ੍ਰੰਤੂ ਭਾਈ ਜੀ ਮੇਰੇ ਲਈ ਤਾਂ ਇਹ ਹੈ ਕਿ ਜਿਵੇਂ-ਜਿਵੇਂ ਉਹ ਸਮੇਂ ਦੀ ਘੜੀ ਟਿਕ-ਟਿਕ ਕਰਦੇ ਹੋਏ ਸਦੀਪਕਤਾ ਵੱਲ ਵੱਧ ਰਹੀ ਹੈ, ਮੈਂ ਇਸ ਵੇਲੇ ਮੋਹਰਾਂ ਦੇ ਖੁੱਲ੍ਹਣ ਅਤੇ ਇਸ ਅਲੋਕਿਕ ਚੀਜ਼ ਦੇ ਹੇਠ ਤਕਰੀਬਨ-ਤਕਰੀਬਨ ਉਸ ਅਵਾਜ਼ ਨੂੰ ਸੁਣ ਸੱਕਦਾ ਹਾਂ। ਮੈਂ ਤਾਂ ਲੱਗ-ਭੱਗ ਉਸ ਸੁਰਗੀ ਦੂਤ ਨੂੰ ਉੱਥੇ ਖੜੇ ਹੋਏ ਵੇਖ ਸੱਕਦਾ ਹਾਂ ਜੋ ਇਹ ਕਹਿ ਰਿਹਾ ਹੈ, ਸੱਤਵੇਂ ਦੂਤ ਦੇ ਸੰਦੇਸ਼ ਤੇ, " ਸਮਾਂ ਹੋਰ ਨਹੀਂ ਹੋਵੇਗਾ। " ਇਹਨਾਂ ਹੀ ਦਿਨਾਂ ਵਿੱਚੋਂ ਕਿਸੇ ਦਿਨ ਉਹ ਛੋਟੀ ਵਫਾਦਾਰ ਲਾੜੀ ਉੱਡ ਕੇ ਯਿਸੂ ਦੀਆਂ ਬਾਹਾਂ ਵਿੱਚ ਚਲੀ ਜਾਵੇਗੀ, ਇਹਨਾਂ ਹੀ ਦਿਨਾਂ ਵਿੱਚੋਂ ਕਿਸੇ ਦਿਨ ਉਸਨੂੰ ਪਿਤਾ ਦੇ ਘਰ ਲਿਜਾਇਆ ਜਾਵੇਗਾ। ਹੁਣ ਜਿਉਂ-ਜਿਉਂ ਅਸੀਂ ਅੱਗੇ ਵੱਧਦੇ ਹਾਂ ਆਓ ਅਸੀਂ ਇਹਨਾਂ ਗੱਲਾਂ ਦੇ ਵਾਰੇ ਵਿੱਚ ਸੋਚੀਏ।

103 ਤੁਸੀਂ ਸ਼ੇਰ ਦੀ, ਵਚਨ ਦੀ ਸੇਵਕਾਈ ਤੇ ; ਵਹਿੜਕੇ ਦੀ ਮਿਹਨਤ ਅਤੇ ਬਲੀਦਾਨ ਤੇ ; ਸੁਧਾਰਕਾਂ ਦੀ ਹੁਸ਼ਿਆਰੀ ਤੇ ਧਿਆਨ ਦਿਓ। ਅਤੇ ਉਕਾਬ ਦਾ ਯੁੱਗ ਆ ਰਿਹਾ ਹੈ ਜੋ ਕਿ ਇਹਨਾਂ ਗੱਲਾਂ ਨੂੰ ਲੈ ਕੇ ਪ੍ਰਗਟ ਅਤੇ ਵਿਖਾਉਣ ਲਈ ਹੈ।

104 ਹੁਣ, ਪਿਛਲੀ ਰਾਤ ਦੀ ਸਭਾ ਵਿੱਚ ਅਸੀਂ ਇਹ ਪਤਾ ਲਾਇਆ ਕਿ ਇਸ ਮੋਹਰ ਦੇ ਨਾਲ ਇੱਕ ਮਹਾਨ ਭੇਤ ਪ੍ਰਗਟ ਹੋਇਆ ਜੋ ਕਿ ਮੇਰੀ ਪਹਿਲੀ ਸਮਝ ਦੇ ਬਿਲਕੁੱਕਲ ਉਲਟ ਸੀ। ਮੈਂ ਤਾਂ ਬਸ ਅੰਦਾਜਾ ਲਗਾ ਰਿਹਾ ਸੀ ਕਿ ਇਹ ਠੀਕ ਹੈ। ਪ੍ਰੰਤੂ ਮੈਂ ਹਮੇਸ਼ਾਂ ਹੀ ਇਹ ਮੰਨਿਆ ਸੀ ਕਿ ਉਹ ਜਾਨਾਂ ਜਿਹੜੀਆਂ ਜਗਵੇਦੀ ਦੇ ਹੇਠਾਂ ਹਨ ਉਹ ਸ਼ੁਰੂ ਦੇ ਮਸੀਹੀ ਸ਼ਹੀਦਾਂ ਦੀਆਂ ਹਨ। ਪਰ ਜਦ ਪਿਛਲੀ ਰਾਤ ਪ੍ਰਭੂ ਪ੍ਰਮੇਸ਼ੁਰ ਨੇ ਉਸ ਮੋਹਰ ਨੂੰ ਸਾਡੇ ਲਈ ਤੋੜਿਆ ਤਾਂ ਸਾਨੂੰ ਪਤਾ ਲੱਗਾ ਕਿ ਇਹ ਤਾਂ ਬਿਲਕੁੱਲ ਹੀ ਅਸੰਭਵ ਹੈ। ਉਹ ਤਾਂ ਮਹਿਮਾਂ ਵਿੱਚ ਜਾ ਚੁੱਕੇ ਸਨ, ਉਹ ਤਾਂ ਦੂਸਰੇ ਪਾਸੇ



ਦੂਸਰਿਆਂ ਦਿਨਾਂ ਤੱਕ ਸਾਡੇ ਇੱਥੇ ਦੇਸ਼ ਦੇ ਇਸ ਹਿੱਸੇ ਵਿੱਚ ਕੋਈ ਭੁਚਾਲ ਨਹੀਂ ਆਉਂਦੇ ਸਨ। ਪ੍ਰੰਤੂ ਸੰਤ ਲੁਈਸ ਅਤੇ ਹੋਰ ਦੂਸਰਿਆਂ ਖੇਤਰਾਂ ਵਿੱਚ ਧਰਤੀ ਬਹੁਤ ਹੀ ਪਤਲੀ ਹੁੰਦੀ ਜਾ ਰਹੀ ਹੈ। ਉਹਨਾਂ ਨੇ ਇਹਦੇ ਵਿੱਚੋਂ ਸੱਭ ਕੁਝ ਕੱਢ ਲਿਆ ਹੈ। ਸਮਝੇ?

358 ਇਸਦੀ ਰਾਜਨਿਤਕ ਪ੍ਰਣਾਲੀ ਇੰਨੀ ਪਲੀਤ ਹੋ ਚੁੱਕੀ ਹੈ ਕਿ ਮੁਸ਼ਕਿਲ ਦੇ ਨਾਲ ਹੀ ਕੋਈ ਇਮਾਨਦਾਰ ਉੱਥੇ ਪਾਇਆ ਜਾਂਦਾ ਹੋਵੇਗਾ। ਇਹਦੀ ਨੈਤਿਕਤਾ ਬਹੁਤ ਹੀ ਢੱਠ ਚੁੱਕੀ ਹੈ, ਇਹਨਾਂ ਵਿੱਚ ਨੈਤਿਕਤਾ ਤਾਂ ਰਹੀ ਹੀ ਨਹੀਂ। ਇਹਦੇ ਬਾਰੇ ਵਿੱਚ ਬਸ ਇਹ ਹੀ ਹੈ। ਸਮਝੇ?ਯਕੀਨਨ ਹੀ ਇਹਦਾ ਧਰਮ ਭ੍ਰਿਸ਼ਟ ਹੋ ਗਿਆ ਹੈ। ਹਾਂ ਸ਼੍ਰੀਮਾਨ ਜੀ।

359 ਇਹ ਹੀ ਛੇਵੀਂ ਮੋਹਰ ਦਾ ਸਮਾਂ ਹੈ ਕਿ ਉਹ ਬਹੁਤ ਛੇਤੀ ਖੁੱਲ੍ਹ ਜਾਵੇ। ਅਤੇ ਜਦੋਂ ਉਹ ਖੁੱਲ੍ਹਦੀ ਹੈ ਤਾਂ ਉਹ ਸਮਾਪਤ ਹੋ ਜਾਂਦੀ ਹੈ। ਹੇ, ਮੇਰੇ ਖੁਦਾ!ਪਰ ਉਸ ਵੇਲੇ ਲਾੜੀ ਜਾ ਚੁੱਕੀ ਹੁੰਦੀ ਹੈ .....ਰਾਣੀ ਆਪਣੀ ਥਾਂ ਲੈਣ ਲਈ ਜਾ ਚੁੱਕੀ ਹੁੰਦੀ ਹੈ। ਜਦਕਿ ਇਹ ਚੱਲ ਰਿਹਾ ਹੋਵੇਗਾ ਉਹਦਾ ਵਿਆਹ ਰਾਜੇ ਦੇ ਨਾਲ ਹੋ ਚੁੱਕਾ ਹੁੰਦਾ ਹੈ। ਅਤੇ ਇਸਰਾਏਲ ਦੇ ਬਾਕੀ ਬਚੇ ਹੋਏ ਲੋਕ ਮੋਹਰਬੰਦ ਹੋ ਜਾਂਦੇ ਹਨ ਅਤੇ ਫਿਰ ਸਰਿਸ਼ਟੀ ਦਾ ਵਿਨਾਸ਼ ਹੁੰਦਾ ਹੈ। ਔਹ, ਕਿਹਾ ਸਮਾਂ ਹੈ!

360 ਜਦੋਂ ਛੇਵੀਂ ਮੋਹਰ ਖੁੱਲਦੀ ਹੈ ਤਾਂ ਉਸਦੀ ਆਖਰੀ ਆਇਤ ਤੇ ਧਿਆਨ ਦਿਓ। ਜਿਹੜੇ ਵਚਨ ਦੇ ਪ੍ਰਚਾਰ ਤੇ, ਪ੍ਰਮਾਣਿਤ ਕੀਤੇ ਹੋਏ ਵਚਨ ਦੇ ਪ੍ਰਚਾਰ ਤੇ ਹੱਸੇ ਸਨ, ਜਦਕਿ ਉਹ ਉੱਥੇ ਖੜੇ ਹੈਰਾਨ ਹੋ ਰਹੇ ਸਨ ਅਤੇ ਸੂਰਜ ਨੂੰ ਹਨ੍ਹੇਰਾ ਕਰ ਰਹੇ ਸਨ ਅਤੇ ਉਸ ਯੁੱਗ ਵਿੱਚ ਬਾਕੀ ਸੱਭ ਕੁਝ ਰਹੇ ਸਨ, " ਉਹ ਚੱਟਾਨਾਂ ਅਤੇ ਪਹਾੜਾਂ ਨੂੰ ਚੀਕ-ਚੀਕ ਕੇ ਆਖਣਗੇ ਕਿ ਸਾਡੇ ਉੱਤੇ ਡਿੱਗ ਕੇ ਸਾਨੂੰ ਲੁਕਾ ਲਓ ", ਕਿ ਉਹ ਉਹਨਾਂ ਨੂੰ ਉਸ ਵਚਨ ਕੋਲੋਂ ਲੁਕਾ ਲੈਣ ਜਿਹਦੇ ਤੇ ਉਹ ਹੱਸੇ ਸਨ, ਕਿਉਂਕਿ ਉਹ ਉਹਨੂੰ ਆਉਂਦੇ ਹੋਏ ਨੂੰ ਵੇਖਦੇ ਹਨ। " ਸਾਨੂੰ ਲੇਲੇ ਦੇ ਕ੍ਰੋਧ ਤੋਂ ਲੁਕਾ ਲਓ। " ਉਹ ਵਚਨ ਹੈ। ਸਮਝੇ? ਉਹ ਵਚਨ ਤੇ ਹੱਸੇ ਸਨ। ਅਤੇ ਇੱਥੇ ਵਚਨ ਪ੍ਰਗਟ ਰੂਪ ਵਿੱਚ ਸੀ। ਅਤੇ ਉਹਨਾਂ ਨੇ ਉਹਦਾ ਮਜ਼ਾਕ ਉਡਾਇਅ ਸੀ ਅਤੇ ਉਹ ਉਸ ਤੇ ਹੱਸੇ ਸਨ। ਅਤੇ ਦੇਹਧਾਰੀ ਵਚਨ ਨਿੱਕਲ ਆਇਆ ਸੀ।

361 ਉਹਨਾਂ ਨੇ ਕਿਉਂ ਤੋਬਾ ਨਹੀਂ ਕੀਤੀ ਸੀ? ਉਹ ਤੋਬਾ ਕਰ ਹੀ ਨਹੀਂ ਸੱਕਦੇ ਸਨ। ਉਸ ਵੇਲੇ ਤੱਕ ਬਹੁਤ ਜਿਆਦਾ ਦੇਰ ਹੋ ਚੁੱਕੀ ਸੀ। ਇਸ ਲਈ ਉਹ ਉਸ ਸਜ਼ਾ ਨੂੰ ਜਾਣਦੇ ਸਨ। ਉਹਨਾਂ ਨੇ ਉਸਨੂੰ ਸੁਣਿਆ ਸੀ। ਉਹ ਇਸ ਤਰ੍ਹਾਂ ਦੀਆਂ ਸੰਗਤਾਂ ਵਿੱਚ ਬੈਠੇ ਸਨ ਅਤੇ ਉਹਨਾਂ ਨੇ ਇਹਦੇ ਵਾਰੇ ਵਿੱਚ ਜਾਣਿਆ ਸੀ। ਅਤੇ ਉਹ ਇਹਨਾਂ ਨਬੀਆਂ ਦੇ ਕੰਮਾਂ ਬਾਰੇ ਜਾਣਦੇ ਸਨ ਜਿਹਨਾਂ ਦੇ ਬਾਰੇ ਵਿੱਚ ਭਵਿੱਖਬਾਣੀ ਕੀਤੀ ਜਾ ਚੁੱਕੀ ਸੀ। ਅਤੇ ਉਹ ਉਨ੍ਹਾਂ ਕੰਮਾਂ ਨੂੰ ਠੀਕ ਆਪਣੇ ਵਿਚਕਾਰ ਹੁੰਦੇ ਹੋਏ ਵੇਖ ਰਹੇ ਸਨ ਅਤੇ ਫਿਰ ਵੀ ਉਹਨਾਂ ਨੇ ਉਸਨੂੰ ਰੱਦ ਦਿੱਤਾ ਸੀ। ਉਹਨਾਂ ਨੇ ਆਖਰੀ ਵਾਰ ਦਯਾ ਨੂੰ ਰੱਦ ਦਿੱਤਾ ਸੀ।

362 ਅਤੇ ਜਦੋਂ ਤੁਸੀਂ ਦਯਾ ਨੂੰ ਰੋਂਦ ਦਿੰਦੇ ਹੋ ਫਿਰ ਨਿਆਂ ਤੋਂ ਇਲਾਵਾ ਹੋਰ ਕੁਝ ਨਹੀਂ ਬੱਚਦਾ। ਜਦੋਂ ਤੁਸੀਂ ਕਿਰਪਾ ਨੂੰ ਰੱਦ ਦਿੰਦੇ ਹੋ ਤਾਂ ਜਰਾ ਇਸਦੇ ਬਾਰੇ ਵਿੱਚ ਸੋਚੋ।

363 ਅਤੇ ਉੱਥੇ ਉਹ ਸਨ। ਉਹਨਾਂ ਦੇ ਕੋਲ ਕਿਤੇ ਵੀ ਜਾਣ ਲਈ ਕੋਈ ਥਾਂ ਨਹੀਂ ਸੀ ; ਉਹਨਾਂ ਦੇ ਲਈ ਕੋਈ ਸ਼ਾਂਤੀ ਦੀ ਜਗ੍ਹਾ ਨਹੀਂ ਸੀ ਅਤੇ ਬਾਈਬਲ ਇੱਥੇ ਆਖਦੀ ਹੈ ਕਿ, ਉਹਨਾਂ ਨੇ ਚੀਕ-

ਨਾਲ ਪਲੀਤ ਹੋ ਚੁੱਕੇ ਹਨ। ਉਹ ਨਹੀਂ ਕਰ ਸੱਕਦੇ ਹਨ ...ਕਿਉਂ, ਤੁਹਾਡੇ ਲਈ ਇਹ ਹੀ ਚੰਗਾ ਹੋਵੇਗਾ ਕਿ ਤੁਸੀਂ ਪੀਣ ਲਈ ਪਾਣੀ ਉਸ ਥਾਂ ਤੋਂ ਨਾ ਲਓ, ਉਸ ਪਾਣੀ ਦੇ ਨਾਲ ਤੁਹਾਨੂੰ ਕੁਝ ਵੀ ਹੋ ਸੱਕਦਾ ਹੈ। ਸਮਝੇ?ਤੁਸੀਂ ਉਸ ਤੇ ਧਿਆਨ ਕਰੋ। ਨਾ ਸਿਰਫ ਇਹ ਹੀ ਬਲਕਿ ਦੁਨੀਆਂ ਵਿੱਚ ਸੱਭ ਕੁਝ ਪਲੀਤ ਹੋ ਚੁੱਕਾ ਹੈ।

352 ਸੰਸਾਰ, ਸਰਿਸ਼ਟੀ(ਪ੍ਰਮੇਸ਼ੁਰ ਦਯਾ ਕਰੇ !)ਸਾਰਾ ਸੰਸਾਰ ਹੀ ......ਜਣੇਪੇ ਦੀਆਂ ਪੀੜਾਂ ਵਿੱਚ ਹੈ। ਯਸਾਯਾਹ ਨੇ ਕਿਹਾ ਸੀ ਨੇ ਕਿਹਾ, ਸਰਿਸ਼ਟੀ ਯਤਨ ਕਰ ਰਹੀ ਹੈ ਉਹ ਜਣਨ ਦੀਆਂ ਪੀੜਾਂ ਦੇ ਨਾਲ ਹਾਉਕੇ ਭਰ ਰਹੀ ਹੈ। ਕੀ ਗੱਲ ਹੈ?ਉਹ ਉਸ ਵਿੱਚ ....ਉਹ ਹਜਾਰ ਸਾਲ ਦੇ ਰਾਜ ਲਈ ਨਵੀਂ ਧਰਤੀ ਨੂੰ ਜਨਮ ਦੇਣ ਲਈ ਹਾਉਕੇ ਭਰ ਰਹੀ ਹੈ ਜਿੱਥੇ ਸੱਭ .....ਉਹ ਉਹਨਾਂ ਲੋਕਾਂ ਲਈ ਜਿਹੜੇ ਪਾਪ ਨਹੀਂ ਕਰਨਗੇ ਨਵੀਂ ਧਰਤੀ ਨੂੰ ਜਨਮ ਦੇਣ ਲਈ ਯਤਨ ਕਰ ਰਹੀ ਹੈ। ਇਹ ਸੱਚ ਹੈ। ਉਹ ਜਣਨ ਦੀਆਂ ਪੀੜਾਵਾਂ ਨਾਲ ਤੜਫ ਰਹੀ ਹੈ। ਇਹੋ ਹੀ ਕਾਰਨ ਹੈ ਕਿ .......ਅਸੀਂ ਮਸੀਹ ਦੀ ਲਾੜੀ ਨੂੰ ਜਨਮ ਦੇਣ ਲਈ ਜਣਨ ਦੀਆਂ ਪੀੜਾਂ ਵਿੱਚ ਹਾਂ। ਹਰ ਇੱਕ ਚੀਜ਼ ਹਾਉਕੇ ਭਰ ਰਹੀ ਹੈ ਅਤੇ ਤੜਪ ਰਹੀ ਹੈ। ਵੇਖੋ, ਕੁਝ ਹੋਣ ਵਾਲਾ ਹੈ।

353 ਅਤੇ ਇਹ ਛੇਵੀਂ ਬਵਾ ਇਹਨੂੰ ਜਾ ਲੈਣ ਦੇਵੇਗੀ। ਭਾਈ ਜੀ, ਭੁਚਾਲ ਆ ਜਾਣਗੇ, ਤਾਰੇ ਹਿੱਲ ਜਾਣਗੇ, ਲਾਵੇ ਫੁੱਟ ਨਿੱਕਲਣਗੇ ਅਤੇ ਧਰਤੀ ਅਪਣੇ ਆਪ ਨੂੰ ਨਵਾਂ ਬਣਾਵੇਗੀ। ਧਰਤੀ ਦੇ ਕੇਂਦਰ ਵਿੱਚੋਂ ਨਵਾਂ ਲਾਵਾ ਫੁੱਟ ਪਵੇਗਾ।

354 ਅਤੇ ਮੈਂ ਤੁਹਾਨੂੰ ਦੱਸਦਾ ਹਾਂ ਕਿ ਇੱਕ ਸਵੇਰ ਜਦ ਮਸੀਹ ਅਤੇ ਉਸਦੀ ਲਾੜੀ ਧਰਤੀ ਤੇ ਵਾਪਸ ਆਉਣਗੇ ਤਾਂ ਇੱਥੇ ਪ੍ਰਮੇਸ਼ੁਰ ਦਾ ਫਿਰਦੋਸ ਹੋਵੇਗਾ ....ਹੇ ਮੇਰੇ ਪ੍ਰਭੂ। ਯੁੱਧ ਦੇ ਉਹ ਪੁਰਾਣੇ ਯੋਧੇ, ਉੱਥੇ ਆਪਣੇ ਮਿੱਤਰਾਂ ਅਤੇ ਪਿਆਰਿਆਂ ਦੇ ਨਾਲ ਘੁੰਮਣਗੇ। ਅਤੇ ਸਵਰਗ ਦੂਤਾਂ ਦੀਆਂ ਸੈਨਾਂ ਦੇ ਗਾਉਣ ਦੇ ਨਾਲ ਵਾਤਾਵਰਨ ਭਰ ਜਾਵੇਗਾ। ਹੇ ਮੇਰੇ, ਚੰਗੇ ਅਤੇ ਵਫਾਦਾਰ ਸੇਵਕ ਤੂੰ ਵਧੀਆ ਕੀਤਾ ਹੈ। ਪ੍ਰਭੂ ਦੀਆਂ ਖੁਸ਼ੀਆਂ ਵਿੱਚ ਜੋ ਤੇਰੇ ਲਈ ਤਿਆਰ ਕੀਤੀਆਂ ਗਈਆਂ ਹਨ ਦਾਖਲ ਹੋ, ਜਿਵੇਂ ਕਿ ਤੇਰੇ ਕੋਲ ਇਹ ਖੁਸ਼ੀਆਂ ਹੱਵਾਹ ਦੇ ਪਾਪ ਵਿੱਚ ਡਿੱਗਣ ਤੋਂ ਪਹਿਲਾਂ ਸਨ। ਆਮੀਨ!ਵਾਹ!ਹਾਂ।

355 ਛੇਵੀਂ ਮੋਹਰ ਕੁਝ ਕਰਨ ਜਾ ਰਹੀ ਹੈ। ਜੀ ਹਾਂ, ਸ਼੍ਰੀਮਾਨ। ਸੱਚ ਵਿੱਚ ਸਾਰਾ ਹੀ ਸੰਸਾਰ ਹਜਾਰ ਸਾਲ ਦੇ ਰਾਜ ਲਈ ਹਾਉਕੇ ਭਰ ਰਿਹਾ ਅਤੇ ਪੀੜ ਵਿੱਚ ਹੈ।

356 ਹੁਣ, ਇਸ ਵੇਲੇ ਇਹ ਸੰਸਾਰ ਗੰਦ-ਮੰਦ ਦੇ ਨਾਲ ਭਰਿਆ ਹੋਇਆ ਹੈ। ਮੇਰਾ ਵਿਸ਼ਵਾਸ਼ ਹੈ ਕਿ ਜਿਆਦਾ ਦੇਰ ਨਹੀਂ ਹੋਈ ਕਿ ਜਦੋਂ ਮੈਂ ਇੱਥੇ ਇਸ ਤੇ ਪ੍ਰਚਾਰ ਕੀਤਾ ਸੀ-ਜਦ ਮੈਂ ਇੱਥੇ ਭਵਨ ਵਿੱਚ "ਸੰਸਾਰ ਟੁੱਟ ਕੇ ਖਿਲਰ ਰਿਹਾ ਹੈ " ਵਿਸ਼ੇ ਤੇ ਪ੍ਰਚਾਰ ਕੀਤਾ ਸੀ। ਇਹ ਬਿਲਕੁੱਲ ਠੀਕ ਗੱਲ ਹੈ। ਹਾਂ ਜੀ, ਸ਼੍ਰੀਮਾਨ।

357 ਧਿਆਨ ਦਿਓ, ਇਹ ਤਾਂ ਇੱਕ ਢਾਂਚਾ ਹੈ। ਆਓ ਮੈਂ ਤੁਹਾਨੂੰ ਇੱਥੇ ਕਾਰਨ ਦੱਸਦਾ ਹਾਂ ਜਿਹਦਾ ਕਰਕੇ ਧਰਤੀ ਨੇ ਇਸ ਤਰ੍ਹਾਂ ਕਰਨਾ ਹੈ। ਸਿਰਫ ਧਰਤੀ ਦਾ ਢਾਂਚਾ, ਇਸ ਧਰਤੀ ਦਾ ਲੋਹਾ, ਅਤੇ ਪਿੱਤਲ ਅਤੇ ਬਾਕੀ ਸਾਰਾ ਸਮਾਨ ਇਹਦੇ ਵਿੱਚੋਂ ਖਿੱਚ ਲਿਆ ਗਿਆ ਹੈ, ਇਹਦੇ ਢਾਂਚੇ ਦਾ ਸਮਾਨ .ਉਦਯੋਗਾਂ ਆਦਿ ਲਈ ਕੱਢ ਲਿਆ ਹੈ ਕਿ ਇਹ ਲੱਗ-ਭੱਗ ਤਿਆਰ ਹੈ ਕਿ .....ਚੰਗਾ, ਅਤੇ



ਟੱਪ ਕੇ ਜਾ ਚੁੱਕੇ ਸਨ, ਅਤੇ ਉੱਥੇ ਹੀ ਉਹ ਸਨ। ਅਸੀਂ ਇਹ ਵੇਖਿਆ ਸੀ ਕਿ ਉਹ ਯਹੂਦੀ ਸਨ ਜੋ ਕਿ ਉਸ ਸਮੇਂ ਦੇ ਦੌਰਾਨ ਆਉਣਗੇ। ਇੱਥੇ .....

105 ਹੁਣ ਇੱਕ ਲੱਖ ਚੁਤਾਲੀ ਹਜਾਰ ਦਾ ਬੁਲਾਇਆ ਜਾਣਾ ਜਿਹਦੇ ਬਾਰੇ ਵਿੱਚ ਅਸੀਂ ਅੱਜ ਰਾਤ ਅਤੇ ਕੱਲ ਰਾਤ ਵੇਖਾਂਗੇ। ਅਤੇ ਛੇਵੀਂ ਅਤੇ ਸੱਤਵੀਂ ਮੋਹਰ ਦੇ ਵਿੱਚਕਾਰ ਇੱਕ ਲੱਖ ਚੁਤਾਲੀ ਹਜਾਰ ਨੂੰ ਬੁਲਾਇਆ ਜਾਂਦਾ ਹੈ।

106 ਅਤੇ ਫਿਰ ਅਸੀਂ ਇਹ ਵੇਖਿਆ ਸੀ ਕਿ ਇਹ ਉਹ ਸ਼ਹੀਦ ਹਨ ਜਿਹੜੇ ਮਾਰੇ ਗਏ ਸਨ ਅਤੇ ਜੋ ਹਾਲੇ ਤੀਕ ਨਹੀਂ ਹੋਏ ਹਨ ......ਉਹਨਾਂ ਨੇ ਚਿੱਟੇ ਵਸਤਰ ਪਾਏ ਹੋਏ ਹਨ, ਪ੍ਰੰਤੂ ਉਹਨਾਂ ਦੇ ਨਾਮ ਲੇਲੇ ਦੇ ਜੀਵਨ ਦੀ ਪੋਥੀ ਵਿੱਚ ਲਿਖੇ ਹੋਏ ਸਨ। ਅਤੇ ਉਨ੍ਹਾਂ ਵਿੱਚ ਹਰੇਕ ਨੂੰ ਇੱਕ ਚਿੱਟਾ ਵਸਤਰ ਦਿੱਤਾ ਗਿਆ ਸੀ। ਅਤੇ ਅਸੀਂ ਇਹਨੂੰ ਵੀ ਲਿਆ ਸੀ। ਮੈਂ ਇਹ ਵਿਸ਼ਵਾਸ਼ ਨਹੀਂ ਕਰਦਾ ਕਿ ਇਹ ਜਗਤ ਵਿੱਚ ਕੁਝ ਹੋਰ ਨਹੀਂ ਹੈ ਬਲਕਿ ਇਹ ਯਹੂਦੀਆਂ ਦਾ ਉਹ ਝੁੰਡ ਹੈ ਜਿਹੜਾ ਮਹਾਂ ਕਸ਼ਟ ਕਾਲ ਥਾਣੀ ਪਹਿਲਾਂ ਹੀ ਲੰਘ ਗਿਆ ਹੈ। ਇਹਨਾਂ ਪਿਛਲੇ ਯੁੱਧਾਂ ਦੇ ਸਮੇਂ ਜਦ ਇਹ ਹੋਏ ਸਨ ਹਰ ਇੱਕ ਨੇ ਉਹਨਾਂ ਦੇ ਨਾਲ ਘ੍ਰਿਣਾ ਕੀਤੀ ਸੀ। ਅਤੇ ਆਇਕਮੈਨ ਨੇ ਉਹਨਾਂ ਵਿੱਚੋਂ ਕਰੋੜਾਂ ਨੂੰ ਜਰਮਨੀ ਵਿੱਚ ਮਾਰ ਦਿੱਤਾ ਸੀ। ਤੁਸੀਂ ਬਸ ਇਹਨਾਂ ਦੇ ਕਸ਼ਟ ਨੂੰ ਸੁਣਿਆ ਹੈ। ਲੱਖਾਂ ਯਹੂਦੀਆਂ ਨੂੰ ਸਿਰਫ ਇਸ ਲਈ ਮਾਰ ਦਿੱਤਾ ਗਿਆ ਕਿਉਂਕਿ ਯਹੂਦੀ ਸਨ, ਉਹਨਾਂ ਨੂੰ ਮਾਰਨ ਦਾ ਕੋਈ ਹੋਰ ਕਾਰਨ ਨਹੀਂ ਸੀ।

107 ਬਾਈਬਲ ਇੱਥੇ ਆਖਦੀ ਹੈ ਕਿ, "ਉਹ ਪ੍ਰਮੇਸ਼ੁਰ ਦੀ ਸਾਖੀ ਅਤੇ ਪ੍ਰਮੇਸ਼ੁਰ ਦੇ ਵਚਨ ਦੇ ਲਈ ਅਤੇ ਆਪਣੀ ਉਸ ਗਵਾਹੀ ਦੇ ਕਾਰਨ ਜਿਹੜੀ ਉਹਨਾਂ ਭਰੀ ਸੀ ਘਾਤ ਕੀਤੇ ਗਏ ਸਨ।" ਹੁਣ ਅਸੀਂ ਇਹ ਵੇਖ ਲਿਆ ਹੈ ਕਿ ਲਾੜੀ ਦੇ ਕੋਲ ਪ੍ਰਮੇਸ਼ੁਰ ਦਾ ਵਚਨ ਸੀ ਅਤੇ ਯਿਸੂ ਮਸੀਹ ਦੀ ਗਵਾਹੀ ਸੀ। ਪ੍ਰੰਤੂ ਯਹੂਦੀਆਂ ਦੇ ਕੋਲ ਯਿਸੂ ਮਸੀਹ ਦੀ ਕੋਈ ਗਵਾਹੀ ਨਹੀਂ ਸੀ।

108 ਅਤੇ ਅਸੀਂ ਇਹ ਵੇਖਦੇ ਹਾਂ ਕਿ ਬਾਈਬਲ ਕਹਿੰਦੀ ਹੈ, " ਸਾਰਾ ਇਸਰਾਈਲ, ਪਹਿਲਾਂ ਤੋਂ ਠਹਿਰਾਇਆ ਹੋਇਆ ਇਸਰਾਈਲ ਬਚਾਇਆ ਜਾਵੇਗਾ। " ਰੋਮੀਆਂ 11ਬਾਬ। ਹੁਣ ਸਾਨੂੰ ਇਹਦਾ ਪਤਾ ਹੈ। ਅਤੇ ਉੱਥੇ ਅਸੀਂ ਉਹਨਾਂ ਜਾਨਾਂ ਨੂੰ ਵੇਖਿਆ ਸੀ .....

109 ਹੁਣ ਵੇਖੋ ਕਿ ਅਸੀਂ ਕਿੰਨਾ ਨੇੜੇ ਹਾਂ। ਇਸ ਤਰਾਂ ਪਹਿਲਾਂ ਕਿਉਂ ਨਹੀਂ ਹੋ ਸੱਕਦਾ ਸੀ? ਕਿਉਂਕਿ ਪਹਿਲਾਂ ਇਸ ਤਰ੍ਹਾਂ ਨਹੀਂ ਹੋਇਆ ਸੀ। ਹੁਣ ਤੁਸੀਂ ਇਹਨੂੰ ਵੇਖ ਸੱਕਦੇ ਹੋ, ਕੀ ਹੁਣ ਤੁਸੀਂ ਇਹਨੂੰ ਵੇਖਦੇ ਹੋ?ਵੇਖੋ ਮਹਾਨ ਪਵਿੱਤਰ ਆਤਮਾ ਉਹਨਾਂ ਯੁੱਗਾਂ ਅਤੇ ਸਮਿਆਂ ਦੇ ਰਾਹੀਂ ਥੱਲੇ ਆ ਕੇ ਉਹਨਾਂ ਗੱਲਾਂ ਨੂੰ ਵੇਖ ਰਿਹਾ ਹੈ। ਅਤੇ ਹੁਣ ਪ੍ਰਗਟ ਕੀਤਾ ਜਾ ਰਿਹਾ ਹੈ ਅਤੇ ਫਿਰ ਤੁਸੀਂ ਇਹਦੇ 'ਤੇ ਨਿਗਾਹ ਮਾਰਦੇ ਹੋ ਅਤੇ ਵੇਖਦੇ ਹੋ ਕਿ ਇਹ ਸੱਚ ਹੈ। ਇਹ ਹੀ ਹੈ ਜਿੱਥੇ ਕਿ ਉਹ ਹੈ।

110 ਹੁਣ ਇਹ ਉਹ ਸ਼ਹੀਦ ਸਨ ਜਿਹੜੇ ਕਸ਼ਟ, ਪੂਰਵ ਕਸ਼ਟ ਕਾਲ ਦੇ ਸਮੇਂ ਵਿੱਚ ਆਇਕਮੈਨ ਦੇ ਸਮੇਂ ਸ਼ਹੀਦ ਹੋਏ ਸਨ। ਹੁਣ ਇਹ ਇੱਕ ਲੱਖ ਚੁਤਾਲੀ ਹਜਾਰ ਉਹਨਾਂ ਸ਼ਹੀਦਾਂ ਦਾ ਨਮੂਨਾ ਹਨ ਜਿਹੜੇ ਛੇਵੀਂ ਅਤੇ ਸੱਤਵੀਂ ਮੋਹਰ ਦੇ ਵਿੱਚ ਸ਼ਹੀਦ ਕੀਤੇ ਜਾਂਦੇ ਹਨ ਜਿਹਦੇ ਅੰਦਰ ਅਸੀਂ ਪ੍ਰਵੇਸ਼ ਕਰ ਰਹੇ ਹਾਂ। ਸਮਝੇ?

111 ਅਤੇ ਸੱਤਵੀਂ ਮੋਹਰ ਤਾਂ ਸਿਰਫ ਇੱਕ ਹੀ ਗੱਲ ਹੈ ਅਤੇ ਉਹ ਇਹ ਹੈ ਕਿ, " ਸੁਰਗ ਵਿੱਚ ਅੱਧੇ ਕੁ ਘੰਟੇ ਦੀ ਚੁੱਪਚਾਣ ਸੀ। " ਅਤੇ ਹੁਣ ਸਿਰਫ ਪ੍ਰਮੇਸ਼ੁਰ ਹੀ ਇਹਨੂੰ ਪ੍ਰਗਟ ਕਰ ਸੱਕਦਾ ਹੈ। ਇੱਥੋਂ ਤੱਕ ਕਿ ਇਹਦਾ ਕਿਤੇ ਵੀ ਸੰਕੇਤ ਵਿੱਚ ਵੀ ਵਰਣਨ ਨਹੀਂ ਦਿੱਤਾ ਗਿਆ ਹੈ। ਕੱਲ ਰਾਤ ਅਸੀਂ ਇਹਦਾ ਅਧਿਐਨ ਕਰਾਂਗੇ। ਇਸ ਲਈ ਤੁਸੀਂ ਮੇਰੇ ਲਈ ਦੁਆ ਕਰਨਾ। ਸਮਝੇ?

112 ਹੁਣ, ਅਸੀਂ ਵੇਖਦੇ ਹਾਂ ਕਿ ਜਦ ਅਸੀਂ ਛੇਵੀਂ ਮੋਹਰ ਵਿੱਚ ਜਾਂਦੇ ਹਾਂ ......ਹੁਣ, ਕਾਸ਼ ਕਿ ਸੁਰਗੀ ਪਿਤਾ ਸਾਡੀ ਮੱਦਦ ਕਰੇ ਜਦਕਿ ਅਸੀਂ ਛੇਵੀਂ ਮੋਹਰ ਦੇ ਲਈ ਤਿਆਰ ਹੋਏ ਹਾਂ। ਹੁਣ ਤੁਸੀਂ ਪ੍ਰਕਾਸ਼ ਦੀ ਪੋਥੀ 6ਬਾਬ ਦੀ 12ਆਇਤ ਨੂੰ ਵੇਖੋ .....

*ਜਾਂ ਉਹਨੇ ਛੇਵੀਂ ਮੋਹਰ ਤੋੜੀ ਤਾਂ ਮੈਂ ਡਿੱਠਾ ਅਤੇ ਵੱਡਾ ਭੂਚਾਲ ਆਇਆ ਅਤੇ ਸੂਰਜ ਵਾਲਾਂ ਦੇ ਭੂਰੇ ਵਰਗਾ ਕਾਲਾ ਹੋ ਗਿਆ ਅਤੇ ਸਾਰਾ ਚੰਦਰਮਾ ਲਹੂ ਜਿਹਾ ਬਣ ਗਿਆ।*

*ਅਤੇ ਅਕਾਸ਼ ਦੇ ਤਾਰੇ ਧਰਤੀ ਉੱਤੇ ਡਿੱਗ ਪਏ ਜਿਸ ਪ੍ਰਕਾਰ ਹੰਜੀਰ ਦੇ ਬੂਟੇ ਤੋਂ ਜਾਂ ਵੱਡੀ ਹਨੇਰੀ ਨਾਲ ਝੋਕੇ ਖਾਂਦਾ ਹੈ ਤਾਂ ਉਹਦੇ ਕੱਚੇ ਫਲ ਝੜ ਜਾਂਦੇ ਹਨ।*

*ਅਤੇ ਅਕਾਸ਼ ਵਲੇਟਵੀਂ ਪੋਥੀ ਵਾਂਗੂੰ ਸਰਕ ਗਿਆ ਅਤੇ ਹਰੇਕ ਪਹਾੜ ਅਤੇ ਟਾਪੂ ਆਪੋ-ਆਪਣੇ ਠਿਕਾਣਿਉਂ ਹਿੱਲ ਗਿਆ।*

*ਅਤੇ ਧਰਤੀ ਦੇ ਰਾਜਿਆਂ, ਅਮੀਰਾਂ, ਫੌਜ ਦੇ ਸਰਦਾਰਾਂ, ਧਨਵਾਨਾਂ, ਬਲਵੰਤਾਂ ਅਤੇ ਹਰੇਕ ਗੁਲਾਮ ਅਤੇ ਅਜ਼ਾਦ ਨੇ ਆਪਣੇ ਆਪ ਨੂੰ ਗੁਫਾਂ ਵਿੱਚ ਅਤੇ ਪਹਾੜਾਂ ਅਤੇ ਚਟਾਨਾਂ ਵਿੱਚ ਲੁਕੋ ਲਿਆ।*

113 ਕੀ ਤੁਸੀਂ ਉੱਥੇ ਧਿਆਨ ਦਿੱਤਾ? ਉਹਨਾਂ ਬਲਵੰਤ ਲੋਕਾਂ ਵੱਲ ਧਿਆਨ ਦਿਓ। ਉਹਨਾਂ ਨੇ ਕੀ ਕੀਤਾ ਸੀ?ਉਹਨਾਂ ਨੇ ਬਸ ਕੰਜਰੀ ਦੀ ਹਰਾਮਕਾਰੀ ਦੇ ਕ੍ਰੋਧ ਦੀ ਮੈ ਦਾ ਪਿਆਲਾ ਪੀਤਾ ਸੀ। ਸਮਝੇ? ਇਹ ਬਿਲਕੁੱਲ ਉਸੇ ਹੀ ਸ਼੍ਰੇਣੀ ਦੇ ਲੋਕ ਹਨ ਜਿਹਨਾਂ ਉਹਦੀ ਮੈ ਪੀਤੀ ਸੀ। ਸਮਝੇ?

*ਅਤੇ ਉਹ ਪਹਾੜਾਂ ਅਤੇ ਚਟਾਨਾਂ ਨੂੰ ਕਹਿਣ ਲੱਗੇ ਭਈ ਸਾਡੇ ਉੱਤੇ ਡਿੱਗ ਪਉ। ਅਤੇ ਜਿਹੜਾ ਸਿੰਘਾਸਣ ਉੱਤੇ ਬਿਰਾਜਮਾਨ ਹੈ ਉਹਦੇ ਸਾਹਮਣਿਓ ਅਤੇ ਲੇਲੇ ਦੇ ਕ੍ਰੋਧ ਤੋਂ ਸਾਨੂੰ ਲੁਕਾ ਲਉ। ਕਿਉਂ ਜੋ ਉਸਦੇ ਕ੍ਰੋਧ ਦਾ ਵੱਡਾ ਦਿਹਾੜਾ ਆ ਪਹੁੰਚਿਆ ਹੈ। ਹੁਣ ਕੌਣ ਖਲੋ ਸੱਕਦਾ ਹੈ?*

114 ਕਿਹੋ ਜਿਹੀ ਜਾਣ ਪਛਾਣ ਹੈ --ਵੇਖੋ ਹੁਣ ਸਵਾਰ, ਸਵਾਰੀ ਵਾਲੇ ਪਸ਼ੂ ਅਤੇ ਜਵਾਬ ਦੇਣ ਵਾਲੇ ਜੰਤੂ ਖਤਮ ਹੋ ਚੁੱਕੇ ਹਨ। ਫਿਰ ਅਸੀਂ ਲਿਆ ਸੀ। ਇਸ ਤੋਂ ਬਾਦ ਅਸੀਂ ਸਿੰਘਾਸਣ ਦੇ ਹੇਠਾਂ ਸ਼ਹੀਦਾਂ ਨੂੰ ਵੇਖਿਆ ਸੀ। ਹੁਣ ਇਹ .....ਹੈ ਕਿ ਸਮੇਂ ਦੇ ਅਨੁਸਾਰ .....ਇਹ ਸ਼ਹੀਦ ਉਹ ਸੱਚੇ ਰੂੜੀਵਾਦੀ ਯਹੂਦੀ ਹਨ ਜਿਹੜੇ ਮਸੀਹੀ ਵਿਸ਼ਵਾਸ਼ ਵਿੱਚ ਮਰੇ ਸਨ .....ਜਾਂ ਆਪਣੇ ਧਾਰਮਿਕ ਵਿਸ਼ਵਾਸ਼ ਵਿੱਚ ਮਰੇ ਸਨ ਕਿਉਂਕਿ ਉਹ ਮਸੀਹੀ ਤਾਂ ਹੋ ਹੀ ਨਹੀਂ ਸੱਕਦੇ ਸਨ।

115 ਯਾਦ ਰੱਖੋ .ਪ੍ਰਮੇਸ਼ੁਰ ਨੇ ਹੀ ਉਹਨਾਂ ਦੀਆਂ ਅੱਖਾਂ ਨੂੰ ਅੰਨ੍ਹੇ ਕੀਤਾ ਸੀ। ਅਤੇ ਉਹ ਉਸ ਲੰਮੇ ਸਮੇਂ ਤੱਕ ਅੰਨ੍ਹੇ ਹੀ ਰਹਿਣਗੇ ਜਦ ਤੱਕ ਕਿ ਗੈਰ ਜਾਤੀਆਂ ਦੀ ਕਲੀਸਿਯਾ ਵਿੱਚੋਂ ਚੁੱਕ ਨਹੀਂ ਲਈ



345 ਮੈਂ ਉੱਥੇ ਉੱਪਰ ਅਲਾਸਕਾ ਵਿੱਚ ਗਾਈਡਾਂ ਵਿੱਚੋਂ ਇੱਕ ਗਾਈਡ ਦੇ ਨਾਲ ਸੀ। ਉਸਨੇ ਕਿਹਾ, "ਮੈਂ ਉੱਪਰ ਉਠਾਇਆ .....ਹੁਣ ਮੈਂ ਉਥੇ ਉੱਪਰ ਜਾਵਾਂਗਾ ਅਤੇ ਅਸੀਂ ਵੱਡੇ-ਵੱਡੇ ਬਾਰਾਂ ਸਿੰਗਿਆਂ ਦਾ ਇੱਕ ਝੁੰਢ ਵੇਖਾਂਗੇ ....ਜਾਂ ...ਉਹ ਬਾਰਾਂ ਸਿੰਘੇ ਨਹੀਂ ਹਨ ਬਲਕਿ ਉੱਥੇ ਤਾਂ ਅਮਰੀਕੀ ਬਾਰਾਂ ਸਿੰਗੇ ਪਏ ਹੋਏ ਹਨ, ਜਿਹਨਾਂ ਦੇ ਸਿੰਗਾਂ ਵਿੱਚ ਦੀ ਪੰਜਾਹ ਕੈਲੀਬਰ ਗੱਨ ਦੀਆਂ ਗੋਲੀਆਂ ਚਲਾਈਆਂ ਗਈਆਂ ਹਨ-ਇਹ ਉਹ ਹੈ ਜਿਥੇ ਅਲਾਸਕਾ ਵਿੱਚ ਇਹਨਾਂ ਅਮਰੀਕੀ ਹਵਾਈ ਜਹਾਜ਼ ਦੇ ਚਾਲਕਾਂ ਨੇ ਉਸ ਜਹਾਜ ਵਿੱਚੋਂ ਬਾਰਾਂ ਸਿੰਗਿਆਂ ਦੇ ਝੁੰਢ ਤੇ ਮਸ਼ੀਨ ਗਨ ਨਾਲ ਗੋਲੀਆਂ ਬਰਸਾਈਆਂ ਸਨ। " ਇਹ ਤਾਂ ਨਿਰੋਲ ਹੱਤਿਆ ਹੈ।

346 ਉਹ ਜਾਣਦੇ ਸਨ ਕਿ ਉਹ ਜਦ ਕਦੇ ਮੱਝ ਨੂੰ ਮਾਰ ਲੈਣਗੇ, ਉਹ ਇੰਡੀਅਨ ਨੂੰ ਗੁਲਾਮ ਬਣਾ ਸੱਕਦੇ ਹਨ। ਉਹ ਭੁੱਖੇ ਮਰ ਜਾਣਗੇ। ਇਹੀ ਕਾਰਨ ਸੀ ਕਿ ਚਰੋਇਸ ਜਾਤੀ ਨੂੰ, ਉਸਦੇ ਸੱਭ ਸਰਦਾਰਾਂ ਨੂੰ .ਉਹਨਾਂ ਦੇ ਬੱਚਿਆਂ ਨੂੰ ਅਤੇ ਉਹਨਾਂ ਦੇ ਲੋਕਾਂ ਨੂੰ ਆਤਮ ਸਮਰਪਣ ਕਰਨਾ ਪਿਆ ਸੀ ਕਿਉਂਕਿ ਉਹ ਭੁੱਖੇ ਮਰ ਰਹੇ ਸਨ। ਉਹ ਉੱਥੇ ਬਹੁਤ ਵੱਡੇ-ਵੱਡੇ ਟਰੱਕ ਭਰ ਕੇ ਮੈਦਾਨਾਂ ਦੇ ਨਿਵਾਸੀ ਮੱਝਾਂ ਮਾਰਨ ਵਾਲਿਆਂ ਨੂੰ ਲੈ ਕੇ ਗਏ ਅਤੇ ਉਹਨਾਂ ਨੇ ਦੁਪਹਿਰ ਨੂੰ ਉਹਨਾਂ ਦੀਆਂ ਸਾਰੀਆਂ ਮੱਝਾਂ ਨੂੰ, ਚਾਲੀ -ਪੰਜਾਹ ਮੱਝਾਂ ਨੂੰ ਮਾਰ ਦਿੱਤਾ। ਉਹ ਜਾਣਦੇ ਹਨ ਜਦ-ਜਦ ਉਹ ਉਹਨਾਂ ਨੂੰ ਗੋਲੀ ਮਾਰ ਲੈਣਗੇ, ਉਹ ਰੈੱਡ ਇੰਡੀਅਨ ਤੋਂ ਛੁਟਕਾਰਾ ਪਾ ਲੈਣਗੇ। ਔਹ, ਮੇਰੇ ਖੁਦਾ। ਜਿਸ ਢੰਗ ਦੇ ਨਾਲ ਉਹਨਾਂ ਨੇ ਰੈੱਡ ਇੰਡੀਅਨਾਂ ਦੇ ਨਾਲ ਦੁਰਵਿਵਹਾਰ ਕੀਤਾ ਹੈ, ਇਹ ਤਾਂ ਝੰਢੇ ਵਿੱਚ ਇੱਕ ਦਾਗ ਹੈ। ਤੁਹਾਡਾ ਇਹੋ ਹੀ ਹਾਲ ਹੈ।

347 ਪਰ ਯਾਦ ਰੱਖੋ ਕਿ ਬਾਈਬਲ ਵਿੱਚ ਆਖਿਆ ਗਿਆ ਹੈ, "ਉਹ ਸਮਾਂ ਆਉਂਦਾ ਹੈ ਜਦ ਪ੍ਰਮੇਸ਼ੁਰ ਉਹਨਾਂ ਦਾ ਨਾਸ਼ ਕਰੇਗਾ ਜਿਹੜੇ ਧਰਤੀ ਦਾ ਨਾਸ਼ ਕਰਦੇ ਹਨ। " ਅਤੇ ਸਾਰੀ ਦੁਨੀਆਂ....

348 ਉਹਨਾਂ ਵਾਦੀਆਂ ਤੇ ਨਿਗਾਹ ਮਾਰੋ। ਮੈਂ ਉਸ ਦਿਨ ਉੱਥੇ ਖੜ੍ਹਾ ਸੀ ਅਤੇ ਹੇਠਾਂ ਫਿਨਿਕਸ ਦੀ ਵਾਦੀ ਵੱਲ ਵੇਖ ਰਿਹਾ ਸਾਂ। ਮੈਂ ਉੱਤੇ ਦੱਖਣ ਦੇ ਪਹਾੜ ਉੱਤੇ ਪਹੁੰਚਿਆ, ਮੈਂ ਅਤੇ ਮੇਰੀ ਪਤਨੀ ਉੱਥੇ ਉੱਪਰ ਬੈਠੇ ਹੋਏ ਸਨ ਅਤੇ ਮੈਂ ਹੇਠਾਂ ਫਿਨੀਕਸ ਤੇ ਝਾਤੀ ਮਾਰੀ। ਅਤੇ ਮੈਂ ਕਿਹਾ, " ਕੀ ਇਹ ਭਿਆਨਕ ਨਹੀਂ ਹੈ?"

ਉਸਨੇ ਕਿਹਾ, " ਕੀ ਭਿਆਨਕ?ਤੁਹਾਡਾ ਕੀ ਮਤਲਬ ਹੈ?"

349 ਮੈਂ ਕਿਹਾ, "ਉੱਥੇ ਉਸ ਵਾਦੀ ਵਿੱਚ ਜਿੱਥੇ ਡੇਢ ਲੱਖ ਜਾਂ ਇੱਕ ਲੱਖ ਚਾਲੀ ਹਜਾਰ ਲੋਕ ਹਨ, ਅਰ ਹੋ ਸੱਕਦਾ ਹੈ ਕਿ ਦੋ ਲੱਖ ਲੋਕ ਹੋਣ। ਉੱਥੇ ਕਿੰਨਾ ਵੱਧ ਪਾਪ ਵਿਭਚਾਰ ਅਤੇ ਸ਼ਰਾਬ ਪੀਣਾ ਅਤੇ ਸ਼ਰਾਪ ਦੇਣਾ ਹੈ ਅਤੇ ਪ੍ਰਭੂ ਦਾ ਨਾਮ ਵਿਅਰਥ ਵਿੱਚ ਲਿਆ ਜਾ ਰਿਹਾ ਹੈ।

350 ਮੈਂ ਕਿਹਾ, "ਉੱਥੇ ਪੰਜ ਸੌ ਜਾਂ ਇੱਕ ਹਜਾਰ ਸਾਲ ਪਹਿਲਾਂ ਹੋਰ ਕੁਝ ਨਹੀਂ ਬਲਕਿ ਥੋਹਰ, ਜੰਗਲੀ ਫੁੱਲ ਬੂਟੇ ਸਨ ਅਤੇ ਛੋਡੇ ਬਘਿਆੜ ਨਦੀ ਦੀ ਰੇਤ ਅਰੇ ਝੱਗ ਵਿੱਚ ਉੱਪਰ-ਹੇਠਾਂ ਕੁੱਦਦੇ ਫਿਰਦੇ ਸਨ। " ਅਤੇ ਮੈਂ ਕਿਹਾ, " ਪਰਮੇਸ਼ੁਰ ਨੇ ਇਹਨੂੰ ਇਸੇ ਢੰਗ ਦੇ ਨਾਲ ਹੀ ਬਣਾਇਆ ਸੀ।

351 ਪਰ ਮਨੁੱਖ ਅੰਦਰ ਆਉਂਦਾ ਹੈ। ਉਸਨੇ ਕੀ ਕੀਤਾ? ਉਸਨੇ ਧਰਤੀ ਨੂੰ ਗੰਦ-ਮੰਦ ਦੇ ਨਾਲ ਭਰ ਦਿੱਤਾ। ਗਲ੍ਹੀਆਂ ਗੰਦਗੀ ਨਾਲ ਭਰੀਆਂ ਹੋਈਆਂ ਹਨ। ਨਾਲੀਆਂ ਅਤੇ ਦਰਿਆ ਗੰਦਗੀ ਦੇ

ਰਹੇ ਸਨ ਜਿਵੇਂ ਕਿ ਕੋਈ ਵੀ ਕਰੇਗਾ। ਉਹ ਆਪਣੇ ਦੇਸ਼ ਵਿੱਚ ਪ੍ਰਦੂਸ਼ਣ ਨਹੀਂ ਚਾਹੁੰਦਾ ਸੀ। ਅਤੇ ਹੁਣ ਵੇਖੋ ਕਿ ਉਹ ਕੀ ਹੈ, ਉਹਨਾਂ ਦੇ ਬੱਚੇ, ਉਹਨਾਂ ਦੀਆਂ ਧੀਆਂ ਵੇਸ਼ਵਾਂ ਅਤੇ ਬਾਕੀ ਸੱਭ ਕੁਝ ਬਣ ਰਹੀਆਂ ਹਨ। ਅਤੇ ਗੋਰੇ ਲੋਕ ਉੱਥੇ ਅੰਦਰ ਆਏ। ਗੋਰੇ ਲੋਕ ਦੁਸ਼ਟ ਹਨ।

339 ਇੰਡੀਅਨ ਤਾਂ ਪ੍ਰੀਵਰਤਨਾਂ ਦੇ ਵਿਰੋਧੀ ਅਥਵਾ ਪੁਰਾਤਨਪੰਥੀ ਸਨ। ਉਹ ਤਾਂ ਪੁਰਾਤਨਪੰਥੀ ਸਨ। ਉਹ ਤਾਂ ਬਾਹਰ ਜਾਂਦਾ ਅਤੇ ਮੱਝ ਨੂੰ ਮਾਰਦਾ ਅਤੇ ਜੋ ਕੁਝ ਵੀ ਮੱਝ ਦਾ ਬਾਕੀ ਬਚਦਾ ਸਾਰਾ ਕਬੀਲਾ ਖਾਂਦੇ ਸਨ। ਉਹ ਉਸ ਦੀ ਖੱਲ ਨੂੰ ਕੱਪੜੇ ਬਣਾਉਣ ਵਿੱਚ ਅਤੇ ਤੰਬੂ ਬਣਾਉਣ ਆਦਿ ਵਿੱਚ ਇਸਤੇਮਾਲ ਕਰਦੇ ਸਨ। ਪਰ ਗੋਰੇ ਲੋਕ ਉਸਨੂੰ ਸਿਰਫ ਨਿਸ਼ਾਨੇਬਾਜ਼ੀ ਲਈ ਹੀ ਗੋਲੀ ਮਾਰਦੇ ਸਨ, ਕਿਉਂ, ਕੀ ਇਹ ਬੜੀ ਨਿੰਦਾ ਵਾਲੀ ਗੱਲ ਨਹੀਂ ਹੈ।

340 ਮੈਂ ਅਖਬਾਰ ਵਿੱਚ ਇੱਕ ਲੇਖ ਪੜ੍ਹਿਆ ਸੀ ਜਿਸ ਦੇ ਵਿੱਚ ਦੱਸਿਆ ਗਿਆ ਸੀ ਕਿ ਅਫਰੀਕਾ ਵਿੱਚ ਸ਼ਿਕਾਰ ਕਰਨ ਲਈ ਇੱਕ ਮਹਾਨ ਜਗ੍ਹਾ ਹੈ। ਉਹਨਾਂ ਨੇ ਇਹਨਾਂ ਮਨੁੱਖਾਂ ਨੂੰ ;ਆਰਥਰ ਗਾੱਡਫਰਾਏ ਅਤੇ ਹੋਰ ਦੂਸਰੇ ਲੋਕਾਂ ਨੂੰ ਇਹਨਾਂ ਹਾਥੀਆਂ ਅਤੇ ਹੋਰ ਜੰਗਲੀ ਜਾਨਵਰਾਂ ਦਾ ਸ਼ਿਕਾਰ ਕਰਨ ਲਈ ਲਿਆ, ਅਤੇ ਉਹ ਹੈਲੀਕਾਪਟਰਾਂ ਅਤੇ ਇਸੇ ਤਰ੍ਹਾਂ ਦੀਆਂ ਚੀਜ਼ਾਂ ਥਾਣੀਂ ਉਹਨਾਂ ਜੰਗਲੀ ਜਾਨਵਰਾਂ ਦੇ ਗੋਲੀਆਂ ਮਾਰ ਰਹੇ ਹਨ। ਉਸ ਲੇਖ ਵਿੱਚ ਇੱਕ ਬੁੱਢੀ ਹਥਨੀ ਦੀ ਤਸਵੀਰ ਸੀ ਜੋ ਮਰਨ ਦਾ ਯਤਨ ਕਰ ਰਹੀ ਸੀ ਅਤੇ ਹੰਝੂ ਉਸਦੇ ਮੂੰਹ ਤੋਂ ਹੇਠਾਂ ਡਿੱਗ ਰਹੇ ਸਨ। ਅਤੇ ਦੋ ਵੱਡੇ ਹਾਥੀ ਉਹਨੂੰ ਉਤਾਂਹ ਚੁੱਕਣ ਦਾ ਯਤਨ ਕਰ ਰਹੇ ਸਨ ਤਾਂ ਕਿ ਉਹਨੂੰ ਬਚਾ ਸਕਣ ......ਕਿਉਂ, ਇਹ ਪਾਪ ਹੈ। ਇਹ ਕੋਈ ਖੇਡ ਨਹੀਂ ਹੈ।

341 ਜਦੋਂ ਮੈਂ ਉੱਥੇ ਬਾਹਰ ਮੈਦਾਨ ਵਿੱਚ ਖੜ੍ਹਾ ਹੁੰਦਾ ਹਾਂ ਜਿੱਥੇ ਕਿ ਮੈਂ ਸ਼ਿਕਾਰ ਖੇਡਦਾ ਅਤੇ ਹੋਰ ਏਦਾਂ ਦੀਆਂ ਚੀਜ਼ਾਂ ਕਰਦਾ ਹਾਂ ਅਰ ਉੱਥੇ ਵੇਖਦਾ ਹਾਂ ਕਿ ਕਿੰਝ ਉਹ ਗੋਰੇ ਲੋਕ ਉੱਥੇ ਸ਼ਿਕਾਰ ਲਈ ਆਉਂਦੇ ਹਨ। ਅਤੇ ਉਨ੍ਹਾਂ ਹਿਰਨਾਂ ਨੂੰ ਗੋਲੀਆਂ ਨਾਲ ਮਾਰਦੇ ਹਨ ਅਤੇ ਹਿਰਨੀਆਂ ਨੂੰ ਉਹਨਾਂ ਵਿੱਚੋਂ ਖਤਮ ਕਰ ਦਿੰਦੇ ਹਨ। ਅਤੇ ਕਦੇ-ਕਦੇ ਉਹ ਅੱਠ ਜਾਂ ਦਸ ਛੋਟੀਆਂ -ਛੋਟੀਆਂ ਹਿਰਨੀਆਂ ਨੂੰ ਮਾਰ ਕੇ ਉੱਥੇ ਹੀ ਛੱਡ ਦਿੰਦੇ ਅਤੇ ਪਈਆਂ ਰਹਿਣ ਦਿੰਦੇ ਹਨ। ਅਤੇ ਹਿਰਨ ਦੇ ਬੱਚੇ ਆਲੇ-ਦੁਆਲੇ ਭੱਜੇ ਫਿਰਦੇ ਹਨ ਅਤੇ ਆਪਣੀ ਮਾਂ ਨੂੰ ਲੱਭਣ ਦਾ ਯਤਨ ਕਰਦੇ ਹਨ। ਕੀ ਤੁਸੀਂ ਸੋਚਦੇ ਹੋ ਕਿ ਇਹ ਖਿਡਾਰੀਆਂ ਵਾਲਾ ਵਤੀਰਾ ਹੈ?ਮੇਰੀ ਕਿਤਾਬ ਵਿੱਚ ਤਾਂ ਇਹ ਨਿਰੋਲ ਹੱਤਿਆ ਹੈ।

342 ਮੈਂ ਉਮੀਦ ਕਰਦਾ ਹਾਂ ਕਿ ਜਦ ਤੱਕ ਮੈਂ ਜੀਉਂਦਾ ਰਹਿੰਦਾ ਹਾਂ,ਕਨੇਡਾ ਨੂੰ ਉਹਨਾਂ ਖਾਨਾਬਦੋਸ਼ ਅਮਰੀਕੀਆਂ ਨੂੰ ਬਾਹਰ ਕੱਢਣ ਲਈ ਉਸ ਵਿੱਚ ਕਦੇ ਵੀ ਕੋਈ ਰਾਹ ਨਹੀਂ ਮਿਲੇਗਾ। ਇਹ ਸੱਚ ਹੈ। ਉਹ ਸੱਭ ਤੋਂ ਵੱਧ ਕੱਚ ਘੜੇ ਖਿਡਾਰੀ ਹਨ ਜਿਹੜੇ ਕਿ ਮੈਂ ਆਪਣੇ ਜੀਵਨ ਵਿੱਚ ਕਦੇ ਵੇਖੇ ਹਨ।

343 ਹੁਣ ਉਹ ਸਾਰੇ ਤਾਂ ਇਸ ਤਰ੍ਹਾਂ ਦੇ ਨਹੀਂ ਹਨ। ਉਹਨਾਂ ਵਿੱਚ ਕਈ ਸੱਚੇ ਅਤੇ ਅਸਲੀ ਆਧਦਮੀਂ ਹਨ, ਪ੍ਰੰਤੂ ਤੁਹਾਨੂੰ ਇੱਕ ਹਜ਼ਾਰ ਵਿੱਚੋਂ ਇੱਕ ਹੀ ਅਜਿਹਾ ਆਦਮੀ ਮਿਲੇਗਾ।

344 ਜੋ ਕੁਝ ਵੀ ਉਹ ਵੇਖ ਸੱਕਦੇ, ਉਸਤੇ ਗੋਲੀ ਚਲਾ ਸੱਕਦੇ ਹਨ। ਇਹ ਸੱਚ ਹੈ। ਉਹ ਹੱਤਿਆਰਾ ਹੈ। ਇਹ ਠੀਕ ਹੈ। ਉਹ ਦਯਾ ਤੋਂ ਰਹਿਤ ਹਨ। ਅਤੇ ਉਹ ਬੇਮੌਸਮ ਹੀ ਪਸ਼ੂਆਂ ਤੇ ਗੋਲੀ ਚਲਾਉਂਦਾ ਹੈ।



ਜਾਂਦੀ। ਕਿਉਂਕਿ ਖੁਦਾ ਇੱਕ ਹੀ ਸਮੇਂ ਵਿੱਚ ਉਹਨਾਂ ਦੋਹਾਂ ਨਾਲ ਨਹੀਂ ਵਰਤਦਾ ਹੈ, ਕਿਉਂਕਿ ਇਹ ਉਸਦੇ ਆਪਣੇ ਹੀ ਵਚਨ ਦੇ ਵਿਰੁੱਧ ਹੈ।

116 ਯਾਦ ਰਹੇ, ਉਹ ਇਸਰਾਏਲ ਨਾਲ ਹਮੇਸ਼ਾਂ ਇੱਕ ਦੇਸ਼ ਜਾਂ ਕੌਮ ਦੇ ਰੂਪ ਵਿੱਚ ਵਰਤਦਾ ਹੈ। ਇਹ ਇਸਰਾਈਲ ਦੀ ਕੌਮ ਹੈ।

117 ਗੈਰ ਕੌਮਾਂ ਦੇ ਨਾਲ ਉਹ ਨਿੱਜੀ ਤੌਰ ਤੇ ਵਰਤਦਾ ਹੈ --"ਗੈਰ ਕੌਮਾਂ ਵਿੱਚੋਂ ਲਏ ਗਏ ਲੋਕ।" ਅਤੇ ਇੰਝ ਹੋਣਾ ਹੈ ਕਿ ਗੈਰ ਕੌਮਾਂ ਨੂੰ ਬਣਾਉਣਾ ਹੈ .....ਪਰਾਈਆਂ ਜਾਤੀਆਂ ਧਰਤੀ ਦੇ ਸਾਰੇ ਲੋਕਾਂ ਤੋਂ ਮਿਲ ਕੇ ਬਣੀਆਂ ਹਨ, ਸਾਰੇ ਸੰਸਾਰ ਦੇ ਲੋਕਾਂ ਵਿੱਚੋਂ ਮਿਲ ਕੇ ਪ੍ਰਮੇਸ਼ੁਰ ਦੇ ਲਈ ਲੋਕ ਬਣਨੇ ਸਨ ਸੋ ਹੁਣ ਸਮੇ,-ਸਮੇਂ ਤੇ ਯਹੂਦੀ ਵੀ ਉਸਦੇ ਵਿੱਚ ਆਉਂਦੇ ਹਨ। ਸਮਝੇ? ਜਿਵੇਂ ਕਿ ਅਰਬੀ, ਆਈਰਸ਼, ਭਾਰਤੀ ਲੋਕ ਅਤੇ ਹੋਰ ਹੋਰ, ਇਹ ਸੰਸਾਰ ਦੇ ਸੱਭ ਲੋਕ ਹਨ ਜੋ ਲਾੜੀ ਦਾ ਗੁਲਦਸਤਾ ਬਣਾਉਂਦੇ ਹਨ।

118 ਪ੍ਰੰਤੂ ਹੁਣ, ਜਦ ਸੱਤਰਵੇਂ ਸਾਤੇ ਦੇ ਇਸ ਆਖਰੀ ਭਾਗ ਵਿੱਚ ਇਸਰਾਏਲ ਦੇ ਨਾਲ ਵਤੀਰਾ ਕਰਨ ਦੀ ਗੱਲ ਆਉਂਦੀ ਹੈ ਤਾਂ ਉਹ ਉਨ੍ਹਾਂ ਦੇ ਨਾਲ ਇੱਕ ਦੇਸ਼ ਦੇ ਰੂਪ ਵਿੱਚ ਵਰਤਦਾ ਹੈ ਅਤੇ ਉਸ ਵੇਲੇ ਉਸਦਾ ਗੈਰ ਕੌਮਾਂ ਦੇ ਨਾਲ ਵਰਤਣ ਦਾ ਸਮਾਂ ਖਤਮ ਹੋ ਜਾਂਦਾ ਹੈ। ਉਹ ਸਮਾਂ ਬਹੁਤ ਜਲਦੀ ਆ ਰਿਹਾ ਹੈ ਅਤੇ ਹੋ ਸੱਕਦਾ ਹੈ ਕਿ ਇਹ ਹੁਣੇ ਹੀ ਹੋਵੇ-ਇਸੇ ਰਾਤ ਇਸ ਤਰ੍ਹਾਂ ਹੋਵੇ ਕਿ ਪ੍ਰਮੇਸ਼ੁਰ ਪੂਰੀ ਤਰ੍ਹਾਂ ਪਰਾਈਆਂ ਜਾਤੀਆਂ ਤੋਂ ਫਿਰ ਜਾਵੇ। ਇਹ ਠੀਕ ਹੈ। ਉਸਨੇ ਇਸੇ ਤਰ੍ਹਾਂ ਹੀ ਕਿਹਾ ਸੀ, " ਜਦ ਤੱਕ ਕਿ ਪਰਾਈਆਂ ਜਾਤੀਆਂ ਦਾ ਸਮਾਂ ਪੂਰਾ ਨਾ ਹੋ ਲਵੇ, ਯਰੂਸ਼ਲਮ ਗੈਰ ਕੌਮਾਂ ਦੁਆਰਾ ਲਤਾੜਿਆ ਜਾਵੇਗਾ। " ਹਾਂ ਜੀ, ਸ਼੍ਰੀਮਾਨ।

119 ਅਤੇ ਫਿਰ ਇਹ ਹੋਵੇਗਾ, "ਜਿਹੜਾ ਅਪਵਿੱਤਰ ਹੈ ਉਹ ਅਪਵਿੱਤਰ ਹੀ ਰਹੇ, ਤੇ ਜਿਹੜਾ ਧਰਮੀ ਹੈ ਧਰਮੀ ਹੀ ਰਹੇ। "ਸਮਝੇ?

120 ਤਦ ਉਸ ਪਵਿੱਤਰ ਜਗ੍ਹਾ ਤੇ ਲੇਲੇ ਦਾ ਲਹੂ ਬਿਲਕੁੱਲ ਵੀ ਨਹੀਂ ਹੋਵੇਗਾ। ਜਗਵੇਦੀ ਤੇ ਲੇਲੇ ਦਾ ਲਹੂ ਨਹੀਂ ਹੋਵੇਗਾ। ਬਲੀਦਾਨ ਉੱਥੋਂ ਹਟਾ ਲਿਆ ਜਾਵੇਗਾ, ਅਤੇ ਉੱਥੇ ਧੂਆਂ ਅਤੇ ਬਿਜਲੀ ਦੀਆਂ ਲਿਸ਼ਕਾਂ ਅਤੇ ਨਿਆਂ ਤੋਂ ਇਲਾਵਾ ਕੁਝ ਹੋਰ ਨਹੀਂ ਹੋਵੇਗਾ। ਅਤੇ ਅੱਜ ਰਾਤ ਠੀਕ ਇਹ ਹੀ ਉਲੱਦਿਆ ਗਿਆ ਹੈ। ਵੇਖੋ ਤਦ ਲੇਲਾ ਆਪਣਾ ਵਿਚੋਲਗੀ ਦਾ ਕੰਮ ਛੱਡ ਚੁੱਕਾ ਹੈ। ਸਿੰਘਾਸਣ ਤੇ ਉਸਦਾ ਵਿਚੋਲਗੀ ਦਾ ਕੰਮ ਖਤਮ ਹੋ ਚੁੱਕਾ ਹੈ। ਅਤੇ ਜਿਵੇਂ ਕਿ ਅਸੀਂ ਉਸਨੂੰ ਪਹਿਲੇ ਨਮੂਨਿਆਂ ਵਿੱਚ ਦਰਸਾਇਆ ਹੈ, ਉਹ ਕੁਰਬਾਨੀ, ਉਹ ਛੁਡਾਉਣ ਵਾਲਾ ਨੇੜੇ ਦਾ ਸਾਕ, ਉਹ ਕੋਹਿਆ ਹੋਇਆ ਲੇਲਾ ਅੱਗੇ ਆਉਂਦਾ ਹੈ। ਖੂਨ ਦੇ ਨਾਲ ਲੱਥ-ਪੱਥ ਹੋਇਆ ਲੇਲਾ ਜਿਹੜਾ ਕਿ ਮਾਰਿਆ ਗਿਆ ਸੀ, ਕੁਚਲਿਆ ਗਿਆ ਸੀ ਅੱਗੇ ਆਉਂਦਾ ਹੈ ਅਤੇ ਉਸਦੇ ਹੱਥ ਵਿੱਚੋਂ ਪੋਥੀ ਲੈ ਲੈਂਦਾ ਹੈ। ਫਿਰ ਅਜਿਹਾ ਹੁੰਦਾ ਹੈ ਕਿ ਉਸਦੀ ਵਿਚੋਲਗੀ ਦੇ ਦਿਨ ਖਤਮ ਹੋ ਜਾਂਦੇ ਹਨ। ਹੁਣ ਉਹ ਉਸਦਾ ਦਾਅਵਾ ਕਰਨ ਆਉਂਦਾ ਹੈ ਜੋ ਉਸਨੇ ਛੁਡਾਇਆ ਹੈ। ਆਮੀਨ। ਇਹ ਗੱਲ ਮੇਰੇ ਅੰਦਰੋਂ ਕੁਝ ਘੱਲਦੀ ਹੈ।

121 ਹੁਣ ਅਸੀਂ ਵੇਖਦੇ ਹਾਂ ਕਿ ਯੂਹੰਨਾ ਨੇ ਕਿਹਾ, " ਜਦ ਉਸਨੇ ਛੇਵੀਂ ਮੋਹਰ ਤੋੜੀ ਤਾਂ ਮੈਂ ਡਿੱਠਾ ਅਤੇ ਵੱਡਾ ਭੁਚਾਲ ਆਇਆ ਅਤੇ ਸਾਰੀ ਸਰਿਸ਼ਟੀ ਵਿੱਚ ਉਥਲ-ਪੁਥਲ ਹੋ ਗਈ। ਸਮਝੇ?

122 ਪ੍ਰਮੇਸ਼ੁਰ ਮਹਾਨ ਕੰਮ ਕਰ ਰਿਹਾ ਹੈ, ਜਿਵੇਂ ਕਿ ਉਹ ਬੀਮਾਰਾਂ ਨੂੰ ਚੰਗੇ ਕਰ ਰਿਹਾ ਹੈ ਅਤੇ ਅੰਨ੍ਹਿਆਂ ਦੀਆਂ ਅੱਖਾਂ ਖੋਲ੍ਹ ਰਿਹਾ ਹੈ, ਅਤੇ ਉਹ ਮਹਾਨ ਕੰਮ ਕਰ ਰਿਹਾ ਹੈ।

123 ਪ੍ਰੰਤੂ ਅਸੀਂ ਇੱਥੇ ਵੇਖਦੇ ਹਾਂ ਕਿ ਸਰਿਸ਼ਟੀ ਇੱਕ ਲੁੜਕਣੀ ਖਾਂਦੀ ਹੈ; ਜੀ ਹਾਂ ਸਾਰੀ ਰਚਨਾ ਉਥਲ-ਪੁਥਲ ਹੋ ਗਈ। ਵੇਖੋ ਕੀ ਹੁੰਦਾ ਹੈ, ਭੁਚਾਲ ਆਇਆ ;ਸੂਰਜ ਕਾਲਾ ਹੋ ਗਿਆ; ਅਤੇ ਚੰਦ ਨੇ ਆਪਣੀ ਚਾਨਣੀ ਨਾ ਦਿੱਤੀ ; ਅਤੇ ਤਾਰੇ ਹਿੱਲ ਕੇ ਡਿੱਗ ਗਏ; ਅਤੇ ਕਿਉਂ, ਇਹ ਸੱਭ ਕੁਝ ਇਸ ਛੇਵੀਂ ਮੋਹਰ ਦੇ ਖੁੱਲ੍ਹਣ ਤੇ ਹੋਇਆ। ਉਹਨਾਂ ਸ਼ਹੀਦਾਂ ਦੇ ਐਲਾਨ ਕੀਤੇ ਜਾਣ ਦੇ ਤੁਰੰਤ ਬਾਦ ਇਹ ਹੋਇਆ, ਸਮਝੇ। ਸ਼ਹੀਦਾਂ ਵਾਲਾ ਕੰਮ ਸਮਾਪਤ ਹੋ ਚੁੱਕਾ ਸੀ।

124 ਹੁਣ ਤੁਸੀਂ ਵੇਖੋ, ਇਸ ਵੇਲੇ ਅਸੀਂ ਉਸ ਘੜੀ ਦੇ ਬਿਲਕੁੱਲ ਨਜਦੀਕ ਹਾਂ। ਅਸੀਂ ਉਸ ਘੜੀ ਤੇ ਕਿਸੇ ਵੀ ਵੇਲੇ ਹੋ ਸੱਕਦੇ ਹਾਂ ਕਿਉਂਕਿ ਕਲੀਸਿਯਾ ਉਡਣ ਲਈ ਤਿਆਰ ਹੈ। ਪ੍ਰੰਤੂ ਯਾਦ ਰੱਖੋ ਕਿ ਜਦ ਇਹ ਗੱਲਾਂ ਘਟਣਗੀਆਂ ਤਾਂ ਲਾੜੀ ਇੱਥੇ ਨਾ ਹੋਵੇਗੀ। ਤੁਸੀਂ ਬਸ ਇਹ ਯਾਦ ਰੱਖੋ ਕਿ ਤਦ ਲਾੜੀ ਜਾ ਚੁੱਕੀ ਹੋਵੇਗੀ। ਉਸ ਨੂੰ ਇਹਨਾਂ ਵਿੱਚੋਂ ਕਿਸੇ ਵਿੱਚੋਂ ਦੀ ਵੀ ਲੰਘਣਾ ਨਹੀਂ ਪਵੇਗਾ। ਇਹ ਕਸ਼ਟ ਕਾਲ ਦਾ ਸਮਾਂ ਕਲੀਸਿਯਾ ਨੂੰ ਸ਼ੁੱਧ ਕਰਨ ਲਈ ਹੈ। ਇਹ ਉਸਦੇ ਲਈ ਰੱਖਿਆ ਗਿਆ ਹੈ ਤਾਂ ਕਿ ਉਹ ਉਸਦੇ ਵਿੱਚ ਦੀ ਲੰਘੇ ਪਰ ਲਾੜੀ ਲਈ ਨਹੀਂ ਹੈ। ਉਹ ਆਪਣੀ ਪਿਆਰੀ ਨੂੰ ਰਾਹ ਦੇ ਵਿੱਚੋਂ ਲੈ ਜਾਂਦਾ ਹੈ। ਹਾਂ ਜੀ ਸ਼੍ਰੀਮਾਨ। ਉਹ ਹੈ .....ਉਹ ਛੁਡਾਈ ਜਾ ਚੁੱਕੀ ਹੈ। ਵੇਖੋ ਇਹ ਇੱਕ ਕਿਸਮ ਨਾਲ .......ਇਹ ਉਸਦੀ ਆਪਣੀ ਚੋਣ ਹੈ, ਇਹ ਉਸਦੀ ਆਪਣੀ ਪਸੰਦ ਹੈ ਜਿਵੇਂ ਕਿ ਕੋਈ ਮਨੁੱਖ ਆਪਣੇ ਲਈ ਲਾੜੀ ਚੁਣਦਾ ਹੈ। ਸਮਝੇ? ਹੁਣ ਭੁਚਾਲ .......

125 ਆਓ ਹੁਣ ਲਿਖਤਾਂ ਦੀ ਤੁਲਨਾ ਕਰੀਏ। ਮੈਂ-ਮੈਂ ਚਾਹੁੰਦਾ ਹਾਂ ਕਿ .....ਕੀ ਤੁਹਾਡੇ ਕੋਲ ਕਾਗਜ਼ ਅਤੇ ਪੈਨ ਹਨ? ਮੈਂ ਚਾਹੁੰਦਾ ਹਾਂ ਕਿ ਤੁਸੀਂ ਮੇਰੇ ਲਈ ਕੁਝ ਕਰੋ। ਜਿਵੇਂ ਤੁਸੀਂ ਇਹਨੂੰ ਲਿਖਣਾ ਚਾਹੁੰਦੇ ਹੋ ਲਿਖ ਲਵੋ ਕਿਉਂਕਿ ਜਦ ਤੱਕ ਤੁਸੀਂ ਇਹਦੀ ਟੇਪ ਨਹੀਂ ਲੈਂਦੇ ਹੋ। ਹੁਣ ਅਸੀਂ .....ਜਦਕਿ ਤੁਸੀਂ ਇਸ ਤਰ੍ਹਾਂ ਕਰਦੇ ਹੋ ਮੈਂ ਤੁਹਾਡੇ ਕੋਲੋਂ ਇਹ ਚਾਹੁੰਦਾ ਹਾਂ ਕਿ ਤੁਸੀਂ ਇਹਨੂੰ ਮੇਰੇ ਨਾਲ ਪੜ੍ਹੋ।

126 ਅਸੀਂ ਇਸ ਮਹਾਨ ਘਟਨਾ ਦੀ ਤੁਲਨਾ ਵਚਨ ਦੀਆਂ ਲਿਖਤਾਂ ਦੇ ਨਾਲ ਕਰਾਂਗੇ ਅਤੇ ਇਸ ਮਹਾਨ ਭੇਤ ਨੂੰ ਵੇਖਾਂਗੇ ਜਿਹੜਾ ਛੁਟਕਾਰੇ ਦੀ ਪੋਥੀ ਦੀ ਛੇਵੀਂ ਮੋਹਰ ਦੇ ਵਿੱਚ ਪਾਇਆ ਜਾਂਦਾ ਹੈ। ਹੁਣ ਤੁਸੀਂ ਯਾਦ ਰੱਖੋ ਕਿ ਇਹ ਗੁਪਤ ਭੇਤ ਹੈ। ਅਤੇ ਛੇ ਮੋਹਰਾਂ ਕੁੱਲ ਮਿਲਾ ਕੇ ਇੱਕ ਬਹੁਤ ਵੱਡੀ ਪੁਸਤਕ ਬਣਦੀ ਹੈ ਜਿਹਦੇ ਵਿੱਚ ਛੇ ਮੋਹਰਾਂ ਇੱਕ ਦੂਸਰੇ ਦੇ ਉੱਪਰ ਇਕੱਠੀਆਂ ਲਪੇਟੀਆਂ ਹੋਈਆਂ ਹਨ ਅਤੇ ਇਹ ਛੁਟਕਾਰੇ ਦੀ ਸੰਪੂਰਨ ਪੋਥੀ ਨੂੰ ਖੋਲ੍ਹਦੀ ਹੈ। ਅਤੇ ਇਸ ਤਰ੍ਹਾਂ ਸਾਰੀ ਧਰਤੀ ਦਾ ਨਿਸਤਾਰਾ ਕੀਤਾ ਗਿਆ ਸੀ।

127 ਇਹ ਹੀ ਕਾਰਨ ਸੀ ਕਿ ਯੂਹੰਨਾ ਰੋ ਪਿਆ ਸੀ। ਜੇ ਕੋਈ ਵੀ ਉਸ ਪੋਥੀ ਨੂੰ ਨਹੀਂ ਲੈ ਸੱਕਦਾ ਸੀ ਤਾਂ ਸਾਰੀ ਸਰਿਸ਼ਟੀ ਅਤੇ ਸੱਭ ਕੁਝ ਨਾਸ਼ ਹੋ ਜਾਂਦਾ। ਅਤੇ ਉਹ ਫਿਰ ਅਣੂਆਂ ਅਤੇ ਪ੍ਰਮਾਣੂਆਂ ਅਤੇ ਕਾੱਸਮਿਕ ਪ੍ਰਕਾਸ਼ ਆਦਿ ਵਿੱਚ ਬਦਲ ਜਾਂਦੀ ਅਤੇ ਕੋਈ ਸਰਿਸ਼ਟੀ, ਕੋਈ ਮਨੁੱਖ ਅਰ ਹੋਰ ਕੁਝ ਵੀ ਨਾ ਰਹਿੰਦਾ ਕਿਉਂਕਿ ਆਦਮ ਉਸ ਪੋਥੀ ਦੇ ਅਧਿਕਾਰਾਂ ਨੂੰ ਗੁਆ ਚੁੱਕਾ ਸੀ। ਜਦ ਉਸਨੇ ਆਪਣੀ ਪਤਨੀ



*ਮੈਂ ਮਗਰੂਰਾਂ ਦੇ ਹੰਕਾਰ ਦਾ ਅੰਤ ਕਰ ਦਿਆਂਗਾ ਅਤੇ ਨਿਰਦਈਆਂ ਦੇ ਘੁਮੰਡ ਨੂੰ ਹੇਠਾਂ ਕਰ ਦਿਆਂਗਾ।*

332 ਵੇਖੋ, ਉੱਥੇ ਬਿਲਕੁੱਲ ਇਸੇ ਤਰ੍ਹਾਂ ਹੀ ਪਾਇਆ ਜਾਂਦਾ ਹੈ ਯਸਾਯਾਹ ਨੇ ਬਿਲਕੁੱਲ ਇਹ ਹੀ ਵੇਖਿਆ ਸੀ ਜਿਹਦੇ ਵਾਰੇ ਵਿੱਚ ਯਿਸੂ ਨੇ ਗੱਲ ਕੀਤੀ ਸੀ ਜਿਹਨੂੰ ਸੱਤਵੀਂ ਮੋਹਰ ਪ੍ਰਗਟ ਕਰਦੀ ਹੈ ਜਦੋਂ ਉਹ ਸੰਸਾਰ ਦਾ ਮੁਸੀਬਤਾਂ ਦੇ ਨਾਲ ਸਫਾਇਆ ਕਰਦਾ ਹੈ ਤਾਂ ਉਹ ਕਸ਼ਟ ਦਾ ਸਮਾਂ ਹੈ ਅਰ ਇਹ ਛੇਵੀਂ ਮੋਹਰ ਹੈ। ਹਾਂ ਜੀ, ਯਸਾਯਾਹ ਇੱਕ ਨਬੀ ਸੀ, ਅਰ ਉਸਨੂੰ ਪ੍ਰਮੇਸ਼ੁਰ ਦਾ ਵਚਨ ਜਾਣੂ ਕਰਾਇਆ ਗਿਆ ਸੀ। ਅਤੇ ਇਹ ਸਤਾਈ ਸੋ ਸਾਲ ਪਹਿਲਾਂ ਕੀਤਾ ਗਿਆ ਸੀ।

333 ਸੱਚ। ਮੈਂ ਬਸ ਇਹਨੂੰ ਦੱਸਣਾ ਚਾਹੁੰਦਾ ਹਾਂ। ਜਿਵੇਂ ਕਿ ਇੱਥੇ ਯਸਾਯਾਹ ਆਖਦਾ ਹੈ, " ਜਿਵੇਂ ਤੀਵੀਂ ਨੂੰ ਜਣਨ ਦੀਆਂ ਪੀੜਾਂ ਲੱਗਦੀਆਂ ਹਨ," ਉਸੇ ਤਰ੍ਹਾਂ ਹੀ ਸਾਰੀ ਸਰਿਸ਼ਟੀ ਹਾਉਕੇ ਭਰ ਰਹੀ ਹੈ। ਇਹ ਸੱਭ ਹਾਉਕੇ ਅਤੇ ਜਣਨ ਦੀਆਂ ਪੀੜਾਵਾਂ ਭਰਨਾ ਕੀ ਹੈ? ਜਿਦਾਂ ਕਿ ਇੱਕ ਤੀਵੀਂ ਜਿਹੜੀ ਮਾਂ ਬਣਨ ਵਾਲੀ ਹੈ, ਧਰਤੀ ਖੁਦ, ਸਰਿਸ਼ਟੀ ਆਪ ਵੀ ਛੁਟਕਾਰੇ ਲਈ ਹਾਉਕੇ ਭਰਦੀ ਹੈ।

334 ਕਿਉਂ, ਇੱਥੇ ਇਸ ਨਗਰ ਨੂੰ ਲਓ, ਆਓ ਅਸੀਂ ਅਪਣੇ ਨਗਰ ਨੂੰ ਲਈਏ, ਇੱਥੇ ਕਿਸੇ ਵੀ ਦੂਸਰੇ ਨਗਰ ਵਾਂਗ ਸ਼ਰਾਬਖਾਨੇ, ਵੇਸ਼ਵਾਪਨ, ਅਤੇ ਗੰਦਗੀ ਅਤੇ ਮੈਲ ਆਦਿ ਹੈ।

335 ਕਿਉ, ਮੈਂ ਵਿਸ਼ਵਾਸ਼ ਕਰਦਾ ਹਾਂ ਕਿ ਹਜ਼ਾਰਾਂ ਸਾਲ ਪਹਿਲਾਂ ਜਿਵੇਂ ਇਹ ਦੁਨੀਆਂ ਸੁੰਦਰ ਸੀ ਉਹ ਇਹਨੂੰ ਉਸੇ ਤਰ੍ਹਾਂ ਹੀ ਵੇਖਦਾ ਹੈ ਜਦ ਉਹੀਓ ਨਦੀ ਇੱਥੇ ਵਗਦੀ ਸੀ ਅਰ ਉਸ ਵੇਲੇ ਪਾਣੀ ਪਿਛਾਂਹ ਨੂੰ ਨਹੀਂ ਵੱਗਦੇ ਸਨ ਅਤੇ ਨਾ ਹੜ੍ਹ ਆਉਂਦੇ ਸਨ। ਵਾਦੀ ਵਿੱਚ ਕੋਈ ਪਾਪ ਮੋਜੂਦ ਨਹੀਂ ਸੀ। ਮੱਝਾਂ ਇੱਥੇ ਘੁੰਮਦੀਆਂ ਫਿਰਦੀਆਂ ਸਨ ਅਤੇ ਉਹ ਪੁਰਾਣੇ ਚਿਰੋਕੀ ਚਰਾਉਂਦੇ ਅਤੇ ਉਹਨਾਂ ਤੋਂ ਵਧੀਆ ਗੁਜਾਰਾ ਕਰਦੇ ਸਨ। ਉੱਥੇ ਕੋਈ ਵੀ ਪ੍ਰੇਸ਼ਾਨੀ ਜਾਂ ਮੁਸ਼ਕਿਲ ਨਹੀਂ ਸੀ।

336 ਪ੍ਰੰਤੂ ਮਨੁੱਖ ਅੰਦਰ ਆ ਗਿਆ ਅਤੇ ਇਹੋ ਹੀ ਹੈ ਜਦੋਂ ਪਾਪ ਅੰਦਰ ਆ ਜਾਂਦਾ ਹੈ। ਜਦ ਧਰਤੀ ਉੱਤੇ ਮਨੁੱਖਾਂ ਦੀ ਅਬਾਦੀ ਵਧਣ ਲੱਗੀ ਤਾਂ ਪਾਪ ਅਤੇ ਹਿੰਸਾ ਵੀ ਅੰਦਰ ਆ ਗਈ। ਇਹ ਸੱਚ ਹੈ ਕਿ ਮਨੁੱਖ ਹੀ ਹਮੇਸ਼ਾਂ ਇਹਦਾ ਕਾਰਨ ਰਿਹਾ ਹੈ। ਮੈਂ ਸੋਚਦਾ ਹਾਂ ਕਿ ਇਹ ਇੱਕ ਨਿਰਾਦਰੀ ਵਾਲੀ ਗੱਲ ਹੈ।

337 ਇੱਕ ਦਿਨ ਮੈਂ ਆਪਣੇ ਹੀ ਦੇਸ਼ ਵਿੱਚ ਜੋ ਹੁਣ ਅਰੀਜੋਨਾ ਵਿੱਚ ਹੈ ਖੜਾ ਸੀ। ਅਤੇ ਜਦੋਂ ਮੈਂ ਬੱਚਾ ਸੀ ਤਾਂ ਮੈਂ ਗਰੋਨਿਮੋ ਅਤੇ ਚਚੋਇਸ ਅਤੇ ਉਹਨਾਂ ਪ੍ਰਾਚੀਨ ਅਪਾਚੇਸ ਦੇ ਵਾਰੇ ਵਿੱਚ ਪੜ੍ਹਿਆ ਸੀ। ਕਿਉਂਕਿ ਮੈਂ ਉਹਨਾਂ ਨੂੰ ਉੱਥੇ ਪ੍ਰਚਾਰ ਕੀਤਾ ਹੈ, ਉਹ ਬਹੁਤ ਵਧੀਆ ਲੋਕ ਹਨ। ਅਤੇ ਉਹਨਾਂ ਵਿੱਚੋਂ ਤਾਂ ਕੁਝ ਉਹਨਾਂ ਅਪਾਚੇਸ ਇੰਡੀਅਨ ਵਿੱਚੋਂ ਤਾਂ ਬਹੁਤ ਇੰਨੇ ਚੰਗੇ ਲੋਕ ਹਨ ਕਿ ਤੁਸੀਂ ਉਹਨਾਂ ਨਾਲ ਮਿਲਣਾ ਚਾਹੋਗੇ।

338 ਅਤੇ ਇਸ ਤੋਂ ਬਾਦ ਮੈਂ ਟੌਂਬਸਟੋਨ ਗਿਆ ਜਿੱਥੇ ਉਹਨਾਂ ਨੇ ਪੁਰਾਣੀਆਂ ਜੰਗ ਦੀਆਂ ਤਸਵੀਰਾਂ ਯਾਦਗਾਰਾਂ ਅਤੇ ਹੋਰ ਚੀਜ਼ਾਂ ਰੱਖੀਆਂ ਹੋਈਆਂ ਹਨ। ਮੈਂ ਉਨ੍ਹਾਂ ਵੱਲ ਵੇਖਿਆ .......ਤੁਹਾਨੂੰ ਪਤਾ ਹੈ ਕਿ ਉਹ ਹਮੇਸ਼ਾਂ ਹੀ ਗਰੋਨਿਮਾਂ ਨੂੰ ਖਾਨਾਬਦੋਸ਼ ਦੇ ਰੂਪ ਵਿੱਚ ਦਰਜਾ ਦਿੰਦੇ ਹਨ। ਮੇਰੇ ਲਈ ਤਾਂ ਉਹ ਹੀ ਅਸਲੀ ਅਮਰੀਕੀ ਸਨ। ਅਸਲ ਵਿੱਚ। ਉਹ ਤਾਂ ਬਸ ਆਪਣੇ ਹੱਕਾਂ ਲਈ ਲੜ੍ਹ

ਦੇ ਅੱਧ ਵਿੱਚ ਯੂਹੰਨਾ ਨੂੰ ਲੈ ਕੇ ਆਉਂਦਾ ਹੈ ਅਤੇ ਅੰਤ ਵਿੱਚ ਹਜ਼ਾਰ ਸਾਲ ਦੇ ਰਾਜ ਨੂੰ ਲਿਆਉਂਦਾ ਹੈ। ਅਤੇ ਬਾਈਬਲ ਵਿੱਚ ਛਿਹਾਠ ਕਿਤਾਬਾਂ ਹਨ ਅਰ ਯਸਾਯਾਹ ਦੀ ਕਿਤਾਬ ਵਿੱਚ ਛਿਹਾਠ ਬਾਬ ਹਨ। ਇਹ ਆਪਣੇ ਆਪ ਵਿੱਚ ਖੁਦ ਸੰਪੂਰਨ ਕਿਤਾਬ ਹੈ।

326 ਹੁਣ ਤੁਸੀਂ ਯਸਾਯਾਹ 13 ਤੇ ਧਿਆਨ ਦਿਓ। ਆਓ ਅਸੀਂ ਇਹਨੂੰ ਛੇਵੀਂ ਆਇਤ ਤੋਂ ਪੜ੍ਹਨਾ ਸ਼ੁਰੂ ਕਰਦੇ ਹਾਂ।

*ਤੁਸੀਂ ਧਾਹਾਂ ਮਾਰੋ ਕਿਉਂਕਿ ਯਹੋਵਾਹ ਦਾ ਦਿਨ ਨੇੜੇ ਹੈ ਉਹ ਸਰਵ-ਸ਼ਕਤੀਮਾਨ ਵੱਲੋਂ ਬਰਬਾਦੀ ਵਾਂਗ ਆਵੇਗਾ।*

327 ਹੁਣ, ਇੱਥੇ ਇਹ ਛੇਵੀਂ ਮੋਹਰ ਖੁੱਲ੍ਹ ਰਹੀ ਹੈ। ਇੱਥੇ ਪਿਛਾਂਹ ਮਸੀਹ ਦੇ ਆਉਣ ਤੋਂ ਸੱਤ ਸੋ ਤੇਰਾਂ ਸਾਲ ਪਹਿਲਾਂ ਯਸਾਯਾਹ ਨੇ ਇਸ ਮੋਹਰ ਨੂੰ ਵੇਖਿਆ, ਅਤੇ ਯਿਸੂ ਨੂੰ ਇੱਥੇ ਆਏ ਹੋਏ ਦੋ ਹਜਾਰ ਸਾਲ ਹੋ ਚੁੱਕੇ ਹਨ ਇਸ ਲਈ ਇਹ ਲੱਗ-ਭੱਗ ਸਤਾਈ ਸੋ ਸਾਲ ਪਹਿਲਾਂ ਦੀ ਗੱਲ ਹੈ। ਅਤੇ ਯਸਾਯਾਹ ਨੇ ਇਸ ਮੋਹਰ ਨੂੰ ਉੱਥੇ ਪ੍ਰਗਟ ਹੁੰਦੇ ਵੇਖਿਆ ਸੀ। ਠੀਕ ਹੈ।

*ਏਸ ਲਈ ਸਾਰੇ ਹੱਥ ਢਿੱਲੇ ਪੈ ਜਾਣਗੇ ਅਤੇ ਹਰ ਮਨੁੱਖ ਦਾ ਦਿਲ ਢਲ ਜਾਵੇਗਾ।*

328 ਯਿਸੂ ਨੇ ਕੀ ਕਿਹਾ ਸੀ, " ਕੁਧਰਮ ਦੇ ਵਧ ਜਾਣ ਦੇ ਕਾਰਨ ਤਦ ਬਹੁਤਿਆਂ ਦੀ ਪ੍ਰੀਤ ਠੰਡੀ ਪੈ ਜਾਵੇਗੀ। " ਅਤੇ "ਮਨੁੱਖਾਂ ਦੇ ਦਿਲ ਡਰ ਦੇ ਨਾਲ ਅਤੇ ਸਮੁੰਦਰ ਦੀ ਗਰਜਣਾ ਦੇ ਕਾਰਨ ਡੁੱਬ ਜਾਣਗੇ। " ਵੇਖੋ, ਲੋਕਾਂ ਦੇ ਦਿਲ ਢਲ ਜਾਣਗੇ।

*ਉਹ ਘਬਰਾ ਜਾਣਗੇ, ਤ੍ਰਾਟਾਂ ਤੇ ਕਸ਼ਟ ਉਹਨਾਂ ਨੂੰ ਫੜ ਲੈਣਗੇ, ਉਹ ਜਣਨ ਵਾਲੀ ਤੀਵੀਂ ਵਾਂਗੂ ਪੀੜ ਵਿੱਚ ਹੋਣਗੇ। ਉਹ ਹੱਕੇ ਬੱਕੇ ਹੋ ਕੇ ਇੱਕ ਦੂਜੇ ਨੂੰ ਤੱਕਣਗੇ, ਉਹਨਾਂ ਦੇ ਮੂੰਹ ਭੱਖਦੇ ਹੋਣਗੇ।*

329 ਹੁਣ ਤੁਸੀਂ ਇੱਥੇ ਇਹਦੇ ਤੇ ਧਿਆਨ ਦਿਓ ਕਿ, " ਉਹਨਾਂ ਦੇ ਮੂੰਹ ਭੱਖਦੇ ਹੋਣਗੇ। " ਇੱਕ ਪਲ ਠਹਿਰੋ, ਅਸੀਂ ਇਹਨੂੰ ਲੈਣਾ ਹੈ। ਵੇਖੋ, ਮੈਂ ਅਧਿਐਨ ਕਰਨ ਲਈ ਇਹਨੂੰ ਲੈ ਰਿਹਾ ਹਾਂ।

*ਵੇਖੋ ਯਹੋਵਾਹ ਦਾ ਦਿਨ ਆਉਂਦਾ ਹੈ ਨਿਰਦਈ, ਕਹਿਰ ਅਤੇ ਤੇਜ਼ ਕ੍ਰੋਧ ਨਾਲ ਭਈ ਧਰਤੀ ਨੂੰ ਵਿਰਾਨ ਕਰੇ ਅਤੇ ਉਹਦੇ ਪਾਪੀਆਂ ਨੂੰ ਉਹਦੇ ਵਿੱਚੋਂ ਨਾਸ਼ ਕਰੇ।*

330 "ਧਰਤੀ " ਇਹਦੇ ਬਾਰੇ ਵਿੱਚ ਇਹੋ ਹੀ ਹੈ ਜੋ ਕਿ ਤੁਸੀਂ ਵੇਖ ਰਹੇ ਹੋ। ਸਮਝੇ?

*ਅਕਾਸ਼ ਦੇ ਤਾਰੇ ਅਤੇ ਉਹ ਦੀਆਂ ਖਿੱਤੀਆਂ ਆਪਣਾ ਚਾਨਣ ਨਾ ਦੇਣਗੀਆਂ, ਸੂਰਜ ਚੜ੍ਹਦਿਆਂ ਸਾਰ ਹਨੇਰਾ ਹੋ ਜਾਵੇਗਾ ਅਤੇ ਚੰਦ ਆਪਣਾ ਚਾਨਣ ਪ੍ਰਕਾਸ਼ ਨਾ ਕਰੇਗਾ।*

*ਮੈਂ ਜਗਤ ਨੂੰ ਉਹਦੀ ਬੁਰਿਆਈ ਦੀ, ਅਤੇ ਦੁਸ਼ਟਾਂ ਨੂੰ ਉਹਨਾਂ ਦੀ ਬਦੀ ਦੀ ਸਜਾ ਦੇਵਾਂਗਾ, ਮੈਂ ਮਗਰੂਰਾਂ ਦੇ ਹੰਕਾਰ ਦਾ ਅੰਤ ਕਰ ਦਿਆਂਗਾ .......*

331 ਮੈਂ ਨਹੀਂ ਜਾਣਦਾ ਹਾਂ ਕਿ ਇਸ ਸ਼ਬਦ ਦਾ ਉਚਾਰਨ ਕਿਵੇਂ ਕਰਨਾ ਹੈ। [ਸਭਾ ਆਖਦੀ ਹੈ, "ਮਗਰੂਰਾਂ। "-ਸੰਪਾ]ਵੇਖੋ, ਮੈਂ ਇਹਦਾ ਉਚਾਰਨ ਨਹੀਂ ਕਰ ਸੱਕਦਾ।



ਦੀ ਗੱਲ ਸੁਣੀ ਸੀ ਅਤੇ ਉਸਦੀ ਪਤਨੀ ਨੇ ਪ੍ਰਮੇਸ਼ੁਰ ਦੇ ਵਚਨ ਦੀ ਬਜਾਏ ਸ਼ੈਤਾਨ ਦੇ ਤਰਕ ਤੇ ਕੰਨ ਲਾਇਆ ਸੀ ਤਾਂ ਉਹਨੇ ਇਸਨੂੰ ਗੁਆ ਲਿਆ ਸੀ। ਸਮਝੇ? ਇਹਨੂੰ ਜਬਤ ਕਰ ਲਿਆ ਗਿਆ ਸੀ।

128 ਇਹ ਸ਼ੈਤਾਨ ਦੇ ਗੰਦੇ ਹੱਥਾਂ ਵਿੱਚ ਵਾਪਿਸ ਨਹੀਂ ਜਾ ਸੱਕਦੀ ਸੀ ਜਿਹਨੇ ਕਿ ਉਸਨੂੰ ਰਸਤੇ ਤੋਂ ਭਰਮਾਇਆ ਸੀ। ਇਸ ਲਈ ਇਹ ਵਾਪਿਸ ਆਪਣੇ ਅਸਲੀ ਮਾਲਕ ਦੇ ਕੋਲ ਚਲੀ ਗਈ ਸੀ ਜਿਵੇਂ ਕਿ ਕੋਈ ਵੀ ਵਸੀਅਤ ਨਾਮਾ ਆਪਣੇ ਅਸਲੀ ਮਾਲਕ ਦੇ ਕੋਲ ਚਲਾ ਜਾਂਦਾ ਹੈ। ਸਮਝੇ ? ਉਹ ਵਾਪਸ ਆਪਣੇ ਅਸਲੀ ਮਾਲਕ ਦੇ ਕੋਲ ਜਿਹੜਾ ਕਿ ਪਰਮੇਸ਼ੁਰ ਹੈ, ਰਚਨਹਾਰਾ ਹੈ,ਜਿਹਨੇ ਇਹਨੂੰ ਬਣਾਇਆ ਸੀ ਚਲੀ ਜਾਂਦੀ ਹੈ। ਅਤੇ ਉਸਨੇ ਹੀ ਉਹਨੂੰ ਫੜਿਆ ਹੋਇਆ ਹੈ।

129 ਅਤੇ ਇਸਦਾ ਇੱਕ ਮੁੱਲ ਹੈ ਅਤੇ ਉਹ ਛੁਟਕਾਰਾ ਹੈ। ਛੁਟਕਾਰੇ ਲਈ ਇੱਕ ਮੁੱਲ ਹੈ ਅਤੇ ਕੋਈ ਵੀ ਉਸਨੂੰ ਨਹੀਂ ਚੁਕਾ ਸੱਕਦਾ ਸੀ। ਇਸ ਲਈ ਉਸਨੇ ਕਿਹਾ,ਉਸਨੇ ਆਪਣੀ ਬਿਵਸਥਾ ਬਣਾਈ, ਉਸਨੇ ਛੁਡਾਉਣ ਵਾਲੇ ਨੇੜੇ ਦੇ ਸਾਕ ਦੀ ਆਪਣੀ ਹੀ ਬਿਵਸਥਾ ਬਣਾਈ। ਤਦ ਉਹ ਕਿਸੇ ਨੂੰ ਵੀ ਨਾ ਲੱਭ ਸਕੇ ਸਨ ਜੋ ਅਜਿਹਾ ਕਰ ਸੱਕਦਾ। ਹਰ ਇੱਕ ਮਨੁੱਖ ਸ਼ਰੀਰਕ ਸਬੰਧਾਂ ਨਾਲ ਪੈਦਾ ਹੋਇਆ ਸੀ ; ਹਰ ਇੱਕ ਮਨੁੱਖ ਦਾ ਜਨਮ ਕਾਮਵਾਸਨਾ ਦੀ ਇੱਛਾ ਦੇ ਅਨੁਸਾਰ ਹੋਇਆ ਸੀ, ਉਹ ਮੁੱਢਲੇ ਪਾਪ ਵਿੱਚ ਸੀ, ਆਦਮ ਅਤੇ ਹੱਵਾਹ ਮੂਲ ਪਾਪ ਵਿੱਚ ਸਨ ; ਇਸ ਲਈ ਉਹ ਅਜਿਹਾ ਨਹੀਂ ਕਰ ਸੱਕਦਾ ਸੀ। ਉਸਦੇ ਵਿੱਚ ਕੁਝ ਨਹੀਂ ਸੀ ਕਿ ਉਹ ਛੁਟਕਾਰਾ ਕਰ ਸਕੇ। ਨਾ ਕੋਈ ਪਵਿੱਤਰ ਪੋਪ, ਪਾਦਰੀ, ਰੱਬੀ ਗਿਆਨ ਦਾ ਵਿਦਵਾਨ, ਉਹ ਕੋਈ ਵੀ ਹੋਵੇ, ਕੋਈ ਵੀ ਇਹਦੇ ਯੋਗ ਨਹੀਂ ਸੀ। ਅਤੇ ਇਹ ਸਵਰਗ ਦੂਤ ਨਹੀਂ ਹੋ ਸੱਕਦਾ ਸੀ ਜੋ ਅਜਿਹਾ ਕਰਦਾ ਕਿਉਂਕਿ ਇਹਨੇ ਤਾਂ ਨੇੜੇ ਦਾ ਸਾਕ ਹੋਣਾ ਸੀ। ਉਸਨੇ ਤਾਂ ਮਨੁੱਖ ਹੋਣਾ ਸੀ ਜਿਹੜਾ ਇਹਨੂੰ ਕਰ ਸੱਕਦਾ।

130 ਅਤੇ ਫਿਰ ਪ੍ਰਮੇਸ਼ੁਰ ਇੱਕ ਕੁੰਵਾਰੀ ਤੋਂ ਜਨਮ ਲੈਣ ਦੇ ਰਾਹੀਂ, ਮਨੁੱਖੀ ਸ਼ਰੀਰ ਧਾਰ ਕੇ ਨੇੜੇ ਦਾ ਸਾਕ ਬਣ ਗਿਆ। ਅਤੇ ਉਹ ਅਪਣਾ ਲਹੂ ਵਹਾਉਂਦਾ ਹੈ। ਅਤੇ ਇਹ ਕਿਸੇ ਯਹੂਦੀ ਦਾ ਲਹੂ ਨਹੀਂ ਸੀ। ਉਹ ਲਹੂ ਕਿਸੇ ਗੈਰ ਕੌਮਾਂ ਦਾ ਲਹੂ ਨਹੀਂ ਸੀ। ਉਹ ਤਾਂ ਪ੍ਰਮੇਸ਼ੁਰ ਦਾ ਲਹੂ ਸੀ। ਸਮਝੇ? ਬਾਈਬਲ ਆਖਦੀ ਹੈ ਕਿ, "ਅਸੀਂ ਪ੍ਰਮੇਸ਼ੁਰ ਦੇ ਲਹੂ ਦੇ ਦੁਆਰਾ ਬਚਾਏ ਗਏ ਹਾਂ। "

131 ਕਿਸੇ ਬੱਚੇ ਵਿੱਚ ਉਸਦੇ ਪਿਤਾ ਦਾ ਖੂਨ ਹੁੰਦਾ ਹੈ। ਅਸੀਂ ਇਹ ਜਾਣਦੇ ਹਾਂ। ਪੁਰਖ ਲਿੰਗ ਵਿੱਚ ਕੋਈ ਚੀਜ਼ ਹਿੰਮੋਗਲੋਬਿਨ ਉਤਪਨ ਕਰਦੀ ਹੈ। ਅਸੀਂ ਇਹ ਲੱਭਿਆ ਸੀ ਕਿ ਜਿਵੇਂ ਮੁਰਗੀ ਆਂਡੇ ਦਿੰਦੀ ਹੈ-ਮੁਰਗੀ ਆਂਡੇ ਤਾਂ ਦੇ ਸੱਕਦੀ ਹੈ, ਪ੍ਰੰਤੂ ਜਦ ਤੱਕ ਉਸਦਾ ਮਿਲਾਪ ਉਸਦੇ ਸਾਥੀ ਦੇ ਨਾਲ ਨਹੀਂ ਹੋਇਆ ਤਾਂ ਆਂਡੇ ਵਿੱਚੋਂ ਚੂਚਾ ਨਹੀਂ ਨਿੱਕਲੇਗਾ। ਉਪਜਾਊ ਨਹੀਂ ਹੈ। ਇਸ ਲਈ ਇਸਤਰੀ ਤਾਂ ਸਿਰਫ ਉਹ ਮਸ਼ੀਨ ਹੁੰਦੀ ਹੈ ਜੋ ਆਂਡਿਆਂ ਨੂੰ ਰੱਖਦੀ ਹੈ। ਪ੍ਰੰਤੂ ਆਂਡਾ ਆਉਂਦਾ ਹੈ .....ਜੀਵਾਣੂ ਤਾਂ ਪੁਰਸ਼ ਵੱਲੋਂ ਹੀ ਆਉਂਦਾ ਹੈ।

132 ਅਤੇ ਇਸ ਮੁਆਮਲੇ ਵਿੱਚ, ਖੁਦ ਪ੍ਰਮੇਸ਼ੁਰ ਹੀ ਪੁਰਸ਼ ਸੀ। ਇਹ ਹੀ ਕਾਰਨ ਹੈ ਕਿ ਮੈਂ ਇਹ ਕਹਿੰਦਾ ਹਾਂ ਕਿ ਕਿਵੇਂ ਉੱਚਾ, ਨੀਵਾਂ ਹੈ ਅਤੇ ਵੱਡਾ, ਛੋਟਾ ਹੈ। ਪ੍ਰਮੇਸ਼ੁਰ ਏਡਾ ਮਹਾਨ ਹੈ ਕਿ ਉਸਨੇ ਇੱਥੋਂ ਤੱਕ ਕੀਤਾ ਕਿ ਉਸਨੇ ਆਪਣੇ ਆਪ ਨੂੰ ਏਨਾ ਛੋਟਾ ਬਣਾਇਆ ਕਿ ਮਰਿਯਮ ਦੀ ਕੁੱਖ ਵਿੱਚ ਇੱਕ ਸੂਖਮ ਜੀਵਾਣੂ ਦਾ ਰੂਪ ਧਾਰ ਲਿਆ। ਅਤੇ ਉੱਥੇ ਉਸਨੇ ਸੈੱਲਾਂ ਅਤੇ ਲਹੂ ਦਾ ਨਿਰਮਾਣ ਕੀਤਾ। ਅਤੇ ਤਦ ਉਸਦਾ ਜਨਮ ਹੋਇਆ ਅਤੇ ਧਰਤੀ ਤੇ ਵੱਡਾ ਹੋਇਆ। ਅਤੇ ਇਸ ਤਰ੍ਹਾਂ ਦੇ ਅਰੰਭ ਤੋਂ,ਪੂਰੀ ਤਰ੍ਹਾਂ ਖਾਲਸ ਜਿਹਦੇ ਵਿੱਚ ਕੋਈ ਕਾਮਵਾਸਨਾ ਦੀ ਅਭਿਲਾਸ਼ਾ ਨਹੀਂ ਸੀ ;ਉਤਪਨ ਹੋਇਆ।

133 ਅਤੇ ਫਿਰ ਉਸਨੇ ਉਸੇ ਲਹੂ ਨੂੰ ਹੀ ਵਹਾ ਦਿੱਤਾ ਕਿਉਂਕਿ ਉਹ ਸਾਡੇ ਲਈ ਨੇੜੇ ਦਾ ਸਾਕ ਬਣਿਆ ਸੀ। ਅਤੇ ਉਹ ਛੁਡਾਉਣ ਵਾਲਾ ਨੇੜੇ ਦਾ ਸਾਕ ਸੀ। ਅਤੇ ਉਸਨੇ ਉਹ ਲਹੂ ਮੁਫਤ ਵਿੱਚ ਬਹਾਇਆ। ਉਸਨੇ ਸਾਨੂੰ ਛੁਡਾਉਣ ਲਈ ਉਹ ਲਹੂ ਆਪਣੀ ਮਰਜੀ ਦੇ ਨਾਲ ਬਹਾ ਦਿੱਤਾ।

134 ਫਿਰ ਉਹ ਪ੍ਰਮੇਸ਼ੁਰ ਦੀ ਜਗਵੇਦੀ ਉੱਤੇ ਗਿਆ ਅਤੇ ਉੱਥੇ ਉਸਨੇ ਉਡੀਕ ਕੀਤੀ ਜਦਕਿ ਖੁਦਾ ਨੇ ਛੁਟਕਾਰੇ ਦੀ ਪੋਥੀ ਆਪਣੇ ਹੱਥ ਵਿੱਚ ਫੜੀ ਹੋਈ ਸੀ। ਅਤੇ ਇਹ ਲਹੂ ਨਾਲ ਲੱਥ-ਪੱਥ ਲੇਲਾ ਕੁਰਬਾਨੀ ਵਾਲੀ ਜਗਵੇਦੀ 'ਤੇ ਖੜਾ ਹੁੰਦਾ ਹੈ। ਉੱਥੇ ਲੇਲਾ ਛੁਟਕਾਰਾ ਦੇਣ ਲਈ -ਵਿਚੋਲੇ ਦਾ ਕੰਮ ਕਰ ਰਿਹਾ ਹੈ।

135 ਤਦ ਫਿਰ ਕਿੰਜ ਕੋਈ ਇਹ ਕਹਿਣ ਦੀ ਹਿੰਮਤ ਕਰ ਸੱਕਦਾ ਹੈ ਕਿ ਮਰਿਯਮ ਜਾਂ ਯੂਸਫ ਜਾਂ ਹੋਰ ਕੋਈ ਮਰਣਹਾਰ ਮਨੁੱਖ ਵਿਚੋਲਾ ਹੋ ਸੱਕਦਾ ਹੈ। ਤੁਸੀਂ ਤਦ ਤੱਕ ਕਿਵੇਂ ਵਿਚੋਲਗੀ ਕਰ ਸੱਕਦੇ ਹੋ ਜਦਕਿ ਉੱਥੇ ਲਹੂ ਨਾ ਹੋਵੇ। ਹਾਂ ਜੀ ਸ੍ਰੀਮਾਨ। ਪਰਮੇਸ਼ੁਰ ਅਤੇ ਮਨੁੱਖਾਂ ਵਿਚਕਾਏ ਇੱਕ ਹੀ ਵਿਚੋਲਾ ਹੈ ਅਤੇ ਉਹ ਮਸੀਹ ਯਿਸੂ ਹੈ। ਇਹ ਹੀ ਪਵਿੱਤਰ ਵਚਨ ਕਹਿੰਦਾ ਹੈ। ਉਹ ਉੱਥੇ ਤਦ ਤੱਕ ਖੜ੍ਹਾ ਹੈ ਜਦ ਤੱਕ ਕਿ ਆਖਰੀ ਪ੍ਰਾਣ ਦਾ ਛੁਟਕਾਰਾ ਨਹੀਂ ਹੋ ਜਾਂਦਾ ਹੈ ਅਤੇ ਫਿਰ ਉਹ ਉਸਦਾ ਦਾਅਵਾ ਕਰਨ ਲਈ ਆਉਂਦਾ ਹੈ ਜੋ ਉਸਨੇ ਛੁਡਾਇਆ ਹੈ। ਔਹ, ਕਿੰਨਾ ਮਹਾਨ ਉਹ ਪਿਤਾ ਹੈ।

136 ਹੁਣ ਯਾਦ ਰਹੇ, ਮੈਂ ਹਮੇਸ਼ਾਂ ਇਹ ਸਿਖਾਇਆ ਹੈ ਕਿ, "ਹਰ ਇੱਕ ਗੱਲ ਦੋ ਜਾਂ ਤਿੰਨ ਗਵਾਹਾਂ ਤੋਂ ਪੱਕੀ ਠਹਿਰੇ। " ਅਤੇ ਵਚਨ ...ਜਿਵੇਂ ਤੁਸੀਂ ਵਚਨ ਦੀ ਕਿਸੇ ਇੱਕ ਲਿਖਤ ਨੂੰ ਲੈ ਕੇ ਕੁਝ ਵੀ ਸਿੱਧ ਨਹੀਂ ਕਰ ਸੱਕਦੇ ਹੋ ਜਦ ਤੱਕ ਕਿ ਕੋਈ ਗੱਲ ਉਸਦੇ ਨਾਲ ਮੇਲ ਨਾ ਖਾਂਦੀ ਹੋਵੇ। ਸਮਝੇ?

137 ਵੇਖੋ, ਮੈਂ ਵਚਨ ਦੀ ਇੱਕ ਲਿਖਤ ਲੈ ਸੱਕਦਾ ਹਾਂ ਅਤੇ ਕਹਿ ਸੱਕਦਾ ਹਾਂ, " ਯਹੂਦਾ ਗਿਆ ਅਤੇ ਉਸਨੇ ਆਪਣੇ ਆਪ ਨੂੰ ਫਾਂਸੀ ਲਗਾ ਲਈ ਅਤੇ ਇਸ ਤੋਂ ਬਾਦ ਮੈਂ ਵਚਨ ਦੀ ਇੱਕ ਹੋਰ ਲਿਖਤ ਲਵਾਂ ਅਤੇ ਕਹਾਂ, ਤੁਸੀਂ ਜਾ ਕੇ ਇਸੇ ਤਰ੍ਹਾਂ ਹੀ ਕਰੋ। " ਸਮਝੇ? ਪ੍ਰੰਤੂ ਤੁਸੀਂ ਵੇਖੋ, ਇਹ ਬਾਕੀ ਵਚਨ ਦੇ ਨਾਲ ਮੇਲ ਨਹੀਂ ਖਾਏਗਾ।

138 ਜਦ ਪਵਿੱਤਰ ਆਤਮਾ ਨੇ ਉੱਥੇ ਇਸ ਛੇਵੀਂ ਮੋਹਰ ਨੂੰ ਖੋਲ੍ਹਿਆ ਅਤੇ ਮੈਂ ਛੇਵੀਂ ਮੋਹਰ ਦੇ ਦੌਰਾਨ ਇਹ ਵੇਖਿਆ ਕਿ ਇਹ ਕੀ ਹੈ, ਅਤੇ ਮੈਂ ਸੋਚਿਆ ਇਹ ਚੰਗੀ ਗੱਲ ਹੋਵੇਗੀ ਜੇ ਅੱਜ ਰਾਤ ਜਮਾਤ ਨੂੰ ਥੋੜਾ ਜਿਹਾ ਵੱਖਰੀ ਕਿਸਮ ਦਾ ਸੰਦੇਸ਼ ਦਿੱਤਾ ਜਾਵੇ। ਸਮਝੇ? ਕਿਉਂਕਿ ਹੋ ਸੱਕਦਾ ਹੈ ਕਿ ਹਰ ਸਮੇਂ ਹੀ ਮੈਨੂੰ ਬੋਲਦੇ ਹੋਏ ਸੁਣਨਾ ਤੁਹਾਨੂੰ ਥਕਾ ਦਿੰਦਾ ਹੋਵੇ, ਇਸ ਲਈ ਮੈਂ ਸੋਚਿਆ ਕਿ ਅਸੀਂ ਕੁਝ ਵੱਖਰਾ ਕਰਾਂਗੇ।

139 ਹੁਣ ਧਿਆਨ ਦਿਓ। ਇਹ ਮਹਾਨ ਘਟਨਾ ਨਿਸਤਾਰੇ ਦੀ ਪੋਥੀ ਦੇ ਭੇਦ ਦੇ ਹੇਠ ਮੋਹਰਬੰਦ ਕੀਤੀ ਗਈ ਸੀ। ਹੁਣ ਇਹ ਲੇਲੇ ਦੇ ਹੱਥ ਵਿੱਚ ਹੈ ਅਤੇ ਉਹ ਇਹਨੂੰ ਤੋੜਨ ਜਾ ਰਿਹਾ ਹੈ।

140 ਹੁਣ ਆਓ ਮੱਤੀ 24 ਬਾਬ ਨੂੰ ਵੇਖੀਏ ਇੱਥੇ ਲੇਲਾ ਆਪ ਬੋਲ ਰਿਹਾ ਹੈ। ਹੁਣ ਜਿੱਥੋਂ ਤੱਕ ਇਸ ਪੋਥੀ ਦਾ ਮਾਮਲਾ ਹੈ ਕੋਈ ਵੀ ਜਾਣਦਾ ਹੈ ਕਿ ਇਸ ਸੰਪੂਰਨ ਪੁਸਤਕ ਦਾ ਮਾਲਕ ਅਥਵਾ ਲਿਖਾਰੀ ਯਿਸੂ ਮਸੀਹ ਹੈ। ਪ੍ਰੰਤੂ ਇੱਥੇ ਉਸਦਾ, ਇੱਥੇ ਉਸਦਾ ਲੋਕਾਂ ਲਈ, ਯਹੂਦੀਆਂ ਲਈ ਇੱਕ ਮਕਸਦ ਹੈ। ਠੀਕ ਹੈ।



ਪ੍ਰਮੇਸ਼ੁਰ ਦਾ ਵਚਨ ਆਇਆ ਤੁਸੀਂ ਉਹਨਾਂ ਨੂੰ ਦਿਓਤੇ ਆਖਿਆ। " ਪਰ ਧਿਆਨ ਦਿਓ ਇਹ ਉਹ ਹਨ ਜਿਹਨਾਂ ਦੇ ਕੋਲ ਪਰਮੇਸ਼ੁਰ ਵਚਨ ਲਿਆਉਂਦਾ ਹੈ ਅਤੇ ਜਦ ਉਹ ਇਹਨੂੰ ਬੋਲਦਾ ਹੈ, ਇਹ ਹੋ ਜਾਂਦਾ ਹੈ। ਬਸ ਏਨਾ ਹੀ ਹੈ।

319 ਅਤੇ ਇੱਥੇ ਉਹ ਪ੍ਰਮੇਸ਼ੁਰ ਕੋਲੋਂ ਇਖਤਿਆਰ ਪਾ ਕੇ ਖੜਾ ਹੈ ਕਿ ਜਦ ਉਹ ਚਾਹੇ ਧਰਤੀ ਉੱਤੇ ਬਿਪਤਾ ਲਿਆਏ .ਅਕਾਸ਼ ਨੂੰ ਬੰਦ ਕਰ ਦੇਵੇ। ਹੇ, ਮੇਰੇ ਪ੍ਰਭੂ। ਅਤੇ ਉਹ ਇੰਝ ਹੀ ਕਰਦਾ ਹੈ। ਕੀ ਗੱਲ ਹੈ?ਅਤੇ ਉਹ ਇੱਕ ਲੱਖ ਚੁਤਾਲੀ ਹਜਾਰ ਨੂੰ ਨਿਸਤਾਰੇ ਲਈ ਬਾਹਰ ਕੱਢ ਰਿਹਾ ਹੈ, ਉਹ ਉਨ੍ਹਾਂ ਨੂੰ ਨਿਸਤਾਰੇ ਦੀ ਪੋਥੀ ਵਿੱਚੋਂ ਲੈਣ ਜਾ ਰਿਹਾ ਹੈ। ਅਤੇ ਇਹ ਨਿਸਤਾਰੇ ਦੀ ਮੋਹਰ ਦੇ ਦਰਮਿਆਨ-ਛੇਵੀਂ ਮੋਹਰ ਦੇ ਵਿੱਚ ਹੁੰਦਾ ਹੈ। ਮੇਰੇ ਪਿਆਰੇ ਦੋਸਤ, ਇਹ ਹੀ ਹੈ। ਇਹ ਹੈ ਉਹ ਛੇਵੀਂ ਮੋਹਰ ਜਿਹੜੀ ਕਿ ਬਹੁਤ ਹੀ ਭੇਤਭਰੀ ਰਹੀ ਹੈ।

320 ਆਓ ਅਸੀਂ ਲਈਏ ......ਸਾਡੇ ਕੋਲ ਦਸ ਮਿੰਟ ਹੋਰ ਹਨ। ਆਓ ਥੋੜਾ ਜਿਹਾ ਹੋਰ ਲੈਂਦੇ ਹਾਂ। ਮੇਰੇ ਕੋਲ ਹਾਲੇ ਤਿੰਨ ਜਾਂ ਚਾਰ ਸਫੇ ਹੋਰ ਹਨ। ਠੀਕ ਹੈ, ਮੇਰੇ ਕੋਲ ਹੈ ......ਤੁਸੀਂ ਬਸ ਇਹਨੂੰ ਇੱਥੇ ਵੇਖ ਸੱਕਦੇ ਹੋ। ਮੈਂ ਸੋਚਦਾ ਹਾਂ ਕਿ ਮੇਰੇ ਕੋਲ ਲੱਗ-ਭੱਗ ਹਨ ....ਮੈਂ ਸੋਚਦਾ ਹਾਂ ਕਿ ਮੇਰੇ ਕੋਲ ਉਸੇ ਉੱਤੇ ਹਾਲੇ ਵੀ ਪੰਦਰਾਂ ਸਫੇ ਹਨ ਜਿਹੜੇ ਮੈਂ ਹੋਰ ਲੈ ਸੱਕਦਾ ਹਾਂ। ਔਹ, ਉਹਦੇ ਬਾਰੇ ਬਹੁਤ ਕੁਝ ਹੈ। ਤੁਸੀਂ ਇੱਕ ਜਗ੍ਹਾ ਤੋਂ ਦੂਸਰੀ ਜਗ੍ਹਾ ਜਾ ਸੱਕਦੇ ਹੋ, ਚੱਲਦੇ ਹੀ ਚਲੇ ਜਾ ਸੱਕਦੇ ਹੋ। ਪ੍ਰੰਤੂ ਮੈਨੂੰ ਡਰ ਹੈ ਕਿ ਜੇ ਮੈਂ ਗੱਲ ਨੂੰ ਬਹੁਤ ਜਿਆਦਾ ਲੰਬੀ ਕਰ ਦਿਆਂਗਾ ਤਾਂ ਮੈਂ ਤੁਹਾਨੂੰ ਗੜਬੜ ਵਿੱਚ ਪਾ ਦਿਆਂਗਾ। ਅਤੇ ਮੈਂ ਨਹੀਂ .....ਮੈਂ ਇਹਨੂੰ ਇਕੱਠੇ ਨਹੀਂ ਰੱਖ ਸੱਕਦਾ ਹਾਂ ਜਿਦਾਂ ਕਿ ਮੈਨੂੰ ਕਰਨਾ ਚਾਹੀਦਾ ਹੈ।

321 ਯਸਾਯਾਹ ਵਿੱਚ, ਆਓ ਇਹਨੂੰ ਲਈਏ। ਯਸਾਯਾਹ ਨਬੀ ਨੇ ਇਸ ਛੇਵੀਂ ਮੋਹਰ ਨੂੰ ਖੁੱਲ੍ਹਦੇ ਹੋਏ ਵੇਖਿਆ ਸੀ। ਆਓ ਵੇਖੀਏ ਕਿ ਇਹ ਮਹੱਤਵਪੂਰਨ ਹੈ ਜਾਂ ਨਹੀਂ। ਸਮਝੇ?

322 ਚੰਗਾ, ਸਾਰਾ ਹੀ ਮੁਆਮਲਾ, ਨਿਸਤਾਰੇ ਦੀ ਸਾਰੀ ਯੋਜਨਾ ; ਨਿਸਤਾਰੇ ਦੀ ਸਾਰੀ ਪੁਸਤਕ ਇਹਨਾਂ ਮੋਹਰਾਂ ਦੇ ਹੇਠਾਂ ਪਾਈ ਜਾਂਦੀ ਹੈ।

323 ਹੁਣ ਯਾਦ ਰੱਖਣਾ, ਅਸੀਂ ਇਹ ਵੇਖ ਚੁੱਕੇ ਹਾਂ ਕਿ ਯਿਸੂ ਨੇ ਇਹਨੂੰ ਵੇਖਿਆ ਸੀ। ਸਮਝੇ? ਕੀ ਇਹ ਠੀਕ ਹੈ? ਯਿਸੂ ਨੇ ਇਹਨੂੰ ਵੇਖਿਆ ਸੀ। ਅਤੇ ਅਸੀਂ ਇਹ ਪਤਾ ਲਾਇਆ ਕਿ ਹੋਰ ਦੂਸਰਿਆਂ ਨੇ ਵੀ ਇਹਨੂੰ ਵੇਖਿਆ ਸੀ। ਅਸੀਂ ਵੇਖਿਆ ਕਿ ਯਕੂਬ ਵਿੱਚ ਇਸਦਾ ਨਮੂਨਾ ਮਿਲਦਾ ਹੈ। ਅਸੀਂ ਵੇਖਦੇ ਹਾਂ ਕਿ ਸਲੀਬ ਤੇ ਇਸਦਾ ਨਮੂਨਾ ਮਿਲਦਾ ਹੈ।

324 ਹੁਣ ਆਓ ਯਸਾਯਾਹ ਵੱਲ ਨੂੰ ਚੱਲੀਏ। ਮੈਂ ਕੁਝ ਹੋਰ ਨਬੀਆਂ ਬਾਰੇ ਵੀ ਇੱਥੇ ਲਿਖਿਆ ਹੋਇਆ ਹੈ। ਆਓ ਅਸੀਂ ਬਸ ......ਮੈਨੂੰ ਇਹ - ਯਸਾਯਾਹ ਦਾ ਇਹ ਹਿੱਸਾ ਪਸੰਦ ਹੈ। ਆਓ ਅਸੀਂ ਫਿਰ ਯਸਾਯਾਹ 13 ਬਾਬ ਵੱਲ ਚੱਲੀਏ।

325 ਤੁਸੀਂ ਜਾਣਦੇ ਹੋ ਕਿ ਯਸਾਯਾਹ ਦੀ ਕਿਤਾਬ ਆਪਣੇ ਆਪ ਵਿੱਚ ਸੰਪੂਰਣ ਬਾਈਬਲ ਹੈ। ਕੀ ਤੁਹਾਨੂੰ ਇਹਦਾ ਪਤਾ ਹੈ?ਯਸਾਯਾਹ ਉਤਪਤ ਤੋਂ ਲਿਖਣਾ ਸ਼ੁਰੂ ਕਰਦਾ ਹੈ ਅਤੇ ਉਹ ਕਿਤਾਬ

310 ਹੁਣ, ਵੇਖੋ, ਤੁਸੀਂ ਧਿਆਨ ਦਿਓ, ਪ੍ਰਕਾਸ਼ ਪੋਥੀ 6 ਵੇਂ ਬਾਬ ਦੇ ਜਾਂ ਛੇਵੀਂ ਬਵਾ ਦੇ ਵਿਚਕਾਏ .....(ਮੈਨੂੰ ਮਾਫ ਕਰਨਾ) ਛੇਵੀਂ ਅਤੇ ਸੱਤਵੀਂ ਮੋਹਰ ਦੇ ਵਿਚਕਾਰ। ਪ੍ਰਕਾਸ਼ ਪੋਥੀ ਦੀ 7 ਬਾਬ ਗਣਿਤ ਦੇ ਤੋਰ ਤੇ ਇਸਨੂੰ ਬਿਲਕੁੱਲ ਠੀਕ ਬਿਠਾਉਂਦੀ ਹੈ।

311 ਜਿਵੇਂ ਕਿ ਅਮਰੀਕਾ ਦਾ ਅੰਕ ਤੇਰਾਂ ਹੈ, ਇਹ ਤੇਰਾਂ ਰਾਜਾਂ ਤੋਂ ਸ਼ੁਰੂ ਹੋਇਆ ਅਤੇ ਝੰਡੇ ਵਿੱਚ ਵੀ ਤੇਰਾਂ ਹੀ ਤਾਰੇ ਹਨ, ਇਸਦੇ ਝੰਡੇ ਵਿੱਚ ਤੇਰਾਂ ਪੱਟੀਆਂ ਹਨ, ਤੇਰਾਂ ਕਲੋਨੀਆਂ ਸੀ। ਇੱਥੇ ਸੱਭ ਕੁਝ ਤੇਰਾਂ ਹੀ ਤੇਰਾਂ ਹੈ। ਅਤੇ ਇਹ ਪ੍ਰਕਾਸ਼ ਪੋਥੀ ਦੀ 13 ਬਾਬ ਵਿੱਚ ਹੀ ਵਿਖਾਲੀ ਦਿੰਦਾ ਹੈ। ਇਹ ਠੀਕ ਹੈ। ਉਹ ਤੇਰਾਂ ਹੈ, ਅਤੇ ਇੱਕ ਇਸਤਰੀ ਹੈ।

312 ਹੁਣ, ਜਦ ਉਹ ਆਪਣੇ ਇਕਲੋਤੇ ਪੁੱਤਰ ਨੂੰ ਛੁਡਾਉਣ ਵਾਲਾ ਸੀ, ਜਿਹੜਾ ਕਿ ਉਸਦਾ ਇਕਲੋਤਾ ਪੁੱਤਰ ਸੀ। ਯਕੂਬ ਤਾਂ ਬਸ ਉਸਦਾ ਪੁੱਤਰ ਸੀ, ਪ੍ਰੰਤੂ ਇਹ ਉਸਦਾ ਇਕਲੋਤਾ ਪੁੱਤਰ ਹੈ। ਮੱਤੀ 27 ਬਾਬ। ਆਓ ਅਸੀਂ ਵੇਖੀਏ ਕਿ ਉਸਨੇ ਉੱਥੇ ਕੀ ਕੀਤਾ ਸੀ। ਮੱਤੀ 27 ਹੁਣ, ਯਾਦ ਰੱਖੋ ਕਿ ਉਸਦੇ ਪੁੱਤਰ ਨੂੰ ਕੁੱਟਿਆ ਗਿਆ ਸੀ ਅਤੇ ਸਤਾਇਆ ਗਿਆ ਸੀ ਅਤੇ ਉਹਨਾਂ ਨੇ ਉਸਦਾ ਮਖੋਲ ਉਡਾਇਆ ਸੀ। ਅਰ ਹੁਣ ਉਹ ਗੁੱਡ ਫਰਾਈਡੇ ਦੀ ਦੁਪਹਿਰ ਤਿੰਨ ਵਜੇ ਸਲੀਬ ਤੇ ਲਟਕ ਰਿਹਾ ਸੀ। ਉਸਦਾ ਛੁਟਕਾਰਾ ਬਸ ਹੋਣ ਵਾਲਾ ਸੀ। ਮੇਰਾ ਵਿਸ਼ਵਾਸ਼ ਹੈ ਕਿ ਇਹ ਮੱਤੀ 27 ਬਾਬ ਦੀ 45 ਆਇਤ ਹੈ।

*ਦੁਪਹਿਰਾਂ ਤੋਂ ਲੈ ਤੀਏ ਪਹਿਰ ਤੀਕਰ ਸਾਰੀ ਧਰਤੀ ਉੱਤੇ ਅਨ੍ਹੇਰਾ ਰਿਹਾ।*

313 ਹੁਣ ਧਿਆਨ ਦਿਓ ਕਿ ਇੱਥੇ ਉਸਨੇ ਪਿਛਾਂਹ ਇਹੋ ਹੀ ਕੀਤਾ ਸੀ। ਸਮਝੇ?

*ਅਤੇ ਜਦ ਉਹਨੇ ਛੇਵੀਂ ਮੋਹਰ ਤੋੜੀ ਤਾਂ ਮੈਂ ਡਿੱਠਾ ਅਤੇ ਵੱਡਾ ਭੂਚਾਲ ਆਇਆ ਅਤੇ ਸੂਰਜ ਵਾਲਾਂ ਦੇ ਭੂਰੇ ਵਰਗਾ ਕਾਲ ਹੋ ਗਿਆ ਅਤੇ ਸਾਰਾ ਚੰਦਰਮਾ ਲਹੂ ਜਿਹਾ ਬਣ ਗਿਆ।*

314 ਹਨੇਰਾ, ਕਾਲਾਪਨ : ਮਿਸਰ ਵਿੱਚ ਵੀ ਹਨੇਰਾ ਅਤੇ ਅੰਧਕਾਰ ਹੋਇਆ ਸੀ।

315 ਇਸਤੋਂ ਪਹਿਲਾਂ ਕਿ ਪ੍ਰਮੇਸ਼ੁਰ ਯਿਸੂ ਨੂੰ ਮੁਰਦਿਆਂ ਵਿੱਚੋਂ ਜੀਉਂਦਾ ਉਠਾਉਂਦਾ, ਉਹ ਉਸਨੂੰ ਸਲੀਬ ਉੱਤੇ ਛੁਟਕਾਰਾ ਦੇ ਰਿਹਾ ਸੀ। ਅਤੇ ਸੱਭ ਤੋਂ ਪਹਿਲਾਂ ਅਨ੍ਹੇਰਾ ਹੋਇਆ, ਦਿਨ ਦੁਪਹਿਰੇ ਹੀ ਸੂਰਜ ਹੇਠਾਂ ਚਲਾ ਗਿਆ ਸੀ ਅਤੇ ਤਾਰੇ ਨਹੀਂ ਚਮਕੇ। ਉਸਤੋਂ ਦੋ ਦਿਨਾਂ ਦੇ ਬਾਦ ਉਹ ਉਸਨੂੰ ਇੱਕ ਸ਼ਾਨਦਾਰ ਜਿੱਤ ਦੇ ਨਾਲ ਉਠਾਉਣ ਵਾਲਾ ਸੀ।

316 ਮਿਸਰ ਵਿੱਚ ਸੂਰਜ ਅਤੇ ਚੰਦ ਅਤੇ ਤਾਰੇ ਹਨੇਰਾ ਹੋ ਗਏ, ਇਹਨਾਂ ਸੱਭ ਘਟਨਾਵਾਂ ਹੋ ਜਾਣ ਦੇ ਬਾਦ ਉਸਨੇ ਇਸਰਾਏਲ ਦਾ ਛੁਟਕਾਰਾ ਵਾਇਦਾ ਕੀਤੀ ਧਰਤੀ ਲਈ ਕੀਤਾ।

317 ਅਤੇ ਇਹੋ ਹੀ ਇੱਥੇ ਮੁਸੀਬਤਾਂ ਦੇ ਸਮੇਂ ਵਿੱਚ ਹੁੰਦਾ ਹੈ। ਅਤੇ ਫਿਰ ਇੱਥੇ ਉਹ ਦੋ ਨਬੀ ਖੜੇ ਹਨ ਜਿਹਨਾਂ ਨੂੰ ਖੁਦਾ ਨੇ ਆਪਣੇ ਵਚਨ ਤੇ ਕੰਟਰੋਲ ਕਰਨ ਦਾ ਅਧਿਕਾਰ ਦਿੱਤਾ ਹੋਇਆ ਹੈ। ਉਹ ਤਾਂ ਠੀਕ ਉਹ ਹੀ ਬੋਲ ਸੱਕਦੇ ਹਨ ਜਿਵੇਂ ਖੁਦਾ ਨੇ ਉਹਨਾਂ ਨੂੰ ਵਚਨ ਦਿੰਦਾ ਹੈ।

318 ਪ੍ਰੰਤੂ ਉਹ ਪ੍ਰਮੇਸ਼ੁਰ ਨਹੀਂ ਹਨ। ਉਹ ਥੋੜੇ ਚਿਰ ਦੇ ਲਈ ....ਪਰ ਛੋਟੇ ਰੂਪ ਵਿੱਚ ਉਹ ਹਨ, ਕਿਉਂਕਿ ਯਿਸੂ ਨੇ ਆਖਿਆ ਸੀ ਕਿ ਉਹ ਦਿਓਤੇ ਹਨ। ਉਸਨੇ ਕਿਹਾ, "ਜਿਹਨਾਂ ਦੇ ਕੋਲ



141 ਹੁਣ ਮੈਂ ਤੁਹਾਡੇ ਕੋਲੋਂ ਇਹ ਚਾਹੁੰਦਾ ਹਾਂ ਕਿ ਤੁਸੀਂ ਆਪਣੀ ਪੁਸਤਕ ਵਿੱਚੋਂ ਮੱਤੀ 24 ਨੂੰ ਇਸ ਤਰ੍ਹਾਂ ਅਤੇ ਪ੍ਰਕਾਸ਼ ਦੀ ਪੋਥੀ 6 ਨੂੰ ਇਸ ਤਰ੍ਹਾਂ ਫੜ ਕੇ ਰੱਖੋ। [ਭਾਈ ਬ੍ਰਾਨਹਾਮ ਆਪਣੀ ਬਾਈਬਲ ਨੂੰ ਇਹਨਾਂ ਦੋਹਾਂ ਥਾਵਾਂ ਤੋਂ ਖੋਲ੍ਹ ਕੇ ਫੜਦੇ ਹਨ। -ਸੰਪਾ] ਹੁਣ ਆਓ ਅਸੀਂ ਇੱਥੇ ਕਿਸੇ ਗੱਲ ਦੀ ਥੋੜੀ ਜਿਹੀ ਤੁਲਨਾ ਕਰੀਏ।

142 ਹੁਣ, ਤੁਸੀਂ ਇਹਨੂੰ ਵੇਖੋ, ਅਤੇ ਤੁਸੀਂ ਇਹ ਵੇਖ ਸੱਕਦੇ ਹੋ ਕਿ ਇਹ ਕਿਸ ਤਰ੍ਹਾਂ ਹੈ। ਵੇਖੋ, ਇੱਥੇ ਲੇਲਾ ਨਮੂਨੇ ਦੇ ਤੋਰ ਤੇ ਕੀ ਵਿਖਾ ਰਿਹਾ ਹੈ, ਉਸਨੇ ਇੱਥੇ ਵਚਨ ਵਿੱਚ ਕੀ ਕਿਹਾ ਹੈ। ਅਤੇ ਉਹ ਬਿਲਕੁੱਲ ਉਸੇ ਤਰ੍ਹਾਂ ਹੀ ਕਰ ਰਿਹਾ ਹੈ ਜਿਵੇਂ ਉਸਨੇ ਕਿਹਾ ਹੈ ਤਾਂ ਕਿ ਉਹ ਇਸਨੂੰ ਠੀਕ ਬਣਾਈ ਰੱਖੇ। ਬਸ ਇਹਦੇ ਬਾਰੇ ਵਿੱਚ ਏਨਾ ਹੀ ਹੈ। ਇੱਥੇ ਇੱਕ ਹੈ .....ਇੱਥੇ ਇੱਕ ਹੈ ਜੋ ਇਸਦੇ ਵਾਰੇ ਵਿੱਚ ਕਹਿ ਰਿਹਾ ਹੈ ;ਅਤੇ ਇਹ ਹੀ ਉਹ ਹੈ ਜਿੱਥੇ ਇਹ ਹੁੰਦਾ ਹੈ। ਸਮਝੇ?ਇਹ ਹੀ ਬਸ ਇੱਕ ਸਿੱਧ ਸਬੂਤ ਹੈ।

143 ਹੁਣ, ਹੁਣ, ਆਓ ਸੰਤ ਮੱਤੀ ਦੇ 24 ਬਾਬ ਅਤੇ ਪ੍ਰਕਾਸ਼ ਪੋਥੀ 6 ਬਾਬ ਨੂੰ ਵੇਖੀਏ; ਅਤੇ ਮੱਤੀ 24 ਬਾਬ ਦੀ ਤੁਲਨਾ ਪ੍ਰਕਾਸ਼ ਦੀ ਪੋਥੀ ਦੇ ਛੇਵੇਂ ਬਾਬ ਨਾਲ ਕਰੀਏ। ਅਸੀਂ ਸੱਭ ਜਾਣਦੇ ਹਾਂ ਕਿ ਇਹ ਹੀ ਉਹ ਬਾਬ ਹੈ ਜਿਹਦੇ ਬਾਰੇ ਵਿੱਚ ਹਰ ਇੱਕ ਵਿਦਵਾਨ ਅਤੇ ਹਰ ਇੱਕ ਵਿਅਕਤੀ ਮੁਸੀਬਤਾਂ ਦੇ ਬਾਰੇ ਵਿੱਚ ਦੱਸਦਾ ਹੈ। ਇਹ ਮੱਤੀ ਦੇ 24 ਬਾਬ ਵਿੱਚ ਪ੍ਰਗਟ ਹੁੰਦਾ ਹੈ। ਅਤੇ ਆਓ ਅਸੀਂ .....ਜੇ ਇਸੇ ਤਰ੍ਹਾਂ ਹੀ ਹੈ ਤਾਂ ਹੁਣ ਅਸੀਂ .....ਕਿਉਂਕਿ ਅਸੀਂ ਜਾਣਦੇ ਹਾਂ ਕਿ ਛੇਵੀਂ ਮੋਹਰ ਨਿਆਂ ਦੀ ਮੋਹਰ ਹੈ। ਇਹ ਨਿਆਂ ਦੀ ਮੋਹਰ ਹੈ, ਇਹ ਬਿਲਕੁੱਲ ਠੀਕ ਇਹੋ ਹੀ ਹੈ।

144 ਹੁਣ, ਵੇਖੋ, ਅਸੀਂ ਮਸੀਹ ਵਿਰੋਧੀ ਦੀ ਘੋੜਸਵਾਰੀ ਨੂੰ ਵੇਖਿਆ ਹੈ। ਅਸੀਂ ਕਲੀਸਿਯਾ ਦਾ ਜਾਣਾ ਵੇਖਿਆ ਹੈ, ਹੁਣ ਇਹ ਇੱਥੇ ਨਹੀਂ ਹੈ ਉਹ ਉਤਾਂਹ ਚਲੀ ਜਾਂਦੀ ਹੈ। ਇਸ ਤੋਂ ਬਾਦ ਅਸੀਂ ਉਹਨਾਂ ਯਹੂਦੀਆਂ ਦੇ ਉਹਨਾਂ ਸ਼ਹੀਦ ਪ੍ਰਾਣਾਂ ਨੂੰ ਵੇਖਿਆ ਜਿਹੜੇ ਜਗਵੇਦੀ ਦੇ ਹੇਠਾਂ ਸਨ। ਹੁਣ ਇੱਥੇ ਉਹਨਾਂ ਲੋਕਾਂ ਦੇ ਉੱਪਰ ਜਿਹੜੇ .......ਹਨ .....ਨਿਆਂ ਦਾ ਉਲੱਦਿਆ ਜਾਣਾ ਹੈ।

145 ਇਹਨਾਂ ਮੁਸੀਬਤਾਂ ਦੇ ਸਮੇਂ ਵਿੱਚੋਂ ਇੱਕ ਲੱਖ ਚੁਤਾਲੀ ਹਜਾਰ ਬਾਹਰ ਨਿੱਕਲ ਕੇ ਆਉਣਗੇ ਜੋ ਛੁਡਾਏ ਗਏ ਹਨ। ਮੈਂ ਤੁਹਾਡੇ ਉੱਤੇ ਇਹ ਸਿੱਧ ਕਰਾਂਗਾ ਕਿ ਇਹ ਗੈਰ ਕੋਮਾਂ ਨਹੀਂ ਬਲਕਿ ਇਹ ਯਹੂਦੀ ਹਨ। ਉਹਨਾਂ ਦਾ ਲਾੜੀ ਦੇ ਨਾਲ ਕੋਈ ਵਾਸਤਾ ਨਹੀਂ ਹੈ। ਅਸੀਂ ਵੇਖ ਚੁੱਕੇ ਹਾਂ ਕਿ ਇਸ ਸਮੇਂ ਲਾੜੀ ਜਾ ਚੁੱਕੀ ਹੁੰਦੀ ਹੈ। ਤੁਸੀਂ ਉਹਨੂੰ ਹੋਰ ਕਿਤੇ ਨਹੀਂ ਰੱਖ ਸੱਕਦੇ ਹੋ, ਉਹ ਰਸੂਲਾਂ ਦੇ ਕਰਤੱਵ ਅਥਵਾ ਪ੍ਰਕਾਸ਼ ਦੀ ਪੋਥੀ ਦੀ ਪੋਥੀ ਦੇ 19 ਬਾਬ ਤੱਕ ਵਾਪਸ ਨਹੀਂ ਆਉਂਦੀ ਹੈ।

146 ਹੁਣ ਧਿਆਨ ਦਿਓ ਕਿ ਛੇਵੀਂ ਮੋਹਰ ਵਚਨ ਦੀ ਨਿਆਂ ਵਾਲੀ ਮੋਹਰ ਹੈ।

147 ਹੁਣ ਆਓ ਅਸੀਂ ਇਹਦੀ ਤੁਲਨਾ ਕਰਨੀ ਸ਼ੁਰੂ ਕਰਦੇ ਹਾਂ ਅਤੇ ਆਓ ਅਸੀਂ ਸੰਤ ਮੱਤੀ ਦੀ 24 ਬਾਬ ਕੱਢੀਏ। ਹੁਣ ਮੈਂ ਇੱਥੇ ਤੁਹਾਨੂੰ ਕੋਈ ਗੱਲ ਲੱਭਣ ਲਈ ਦੇਣਾ ਚਾਹੁੰਦਾ ਹਾਂ, ਜਿਹਦੇ ਉੱਤੇ ਮੈਂ ਹੁਣੇ ਹੀ ਨਿਗਾਹ ਮਾਰੀ ਹੈ। ਹੁਣ ਤੁਸੀਂ ਮੱਤੀ ਦੀ 24 ਬਾਬ ਦੇ 1 ਤੋਂ 3 ਆਇਤਾਂ ਨੂੰ ਪੜ੍ਹੋ, ਇਹ ਹੀ ਉਹ ਜਗ੍ਹਾ ਹੈ ਜਿੱਥੋਂ ਅਸੀਂ ਇਹਨੂੰ ਪਹਿਲਾਂ ਪੜ੍ਹਨ ਜਾ ਰਹੇ ਹਾਂ।

*ਯਿਸੂ ਹੈਕਲੋਂ ਬਾਹਰ ਨਿੱਕਲ ਕੇ ਚੱਲਿਆ ਜਾਂਦਾ ਸੀ ਕਿ ਉਹਦੇ ਚੇਲੇ ਉਸਦੇ ਕੋਲ ਆਏ ਜੋ ਹੈਕਲ ਦੀਆਂ ਇਮਾਰਤਾਂ ਉਹਨੂੰ ਵਿਖਾਲਣ ਪਰ ਉਸਨੇ ਅੱਗੋਂ ਉਹਨਾਂ ਨੂੰ ਕਿਹਾ ਕਿ ਤੁਸੀਂ ਇਹਨਾਂ ਸਭਨਾਂ ਚੀਜ਼ਾਂ ਨੂੰ ਨਹੀਂ ਵੇਖਦੇ ?ਮੈਂ ਤੁਹਾਨੂੰ ਸੱਚ ਆਖਦਾ ਹਾਂ ਜੋ ਇੱਥੇ ਪੱਥਰ ਉੱਤੇ ਪੱਥਰ ਛੱਡਿਆ ਨਾ ਜਾਵੇਗਾ ਜੋ ਡੇਗਿਆ ਨਾ ਜਾਵੇ।*

(ਹੁਣ ਤੀਜੀ ਆਇਤ )......*ਜਦ ਉਹ ਜੈਤੂਨ ਦੇ ਪਹਾੜ ਉੱਤੇ ਬੈਠਾ ਹੋਇਆ ਸੀ ਉਹਦੇ ਚੇਲੇ ਉਹਦੇ ਕੋਲ ਵੱਖਰੇ ਹੋ ਕੇ ਆਏ ਅਤੇ ਪੁੱਛਿਆ, ਸਾਨੂੰ ਦੱਸ ਜੋ ਇਹ ਗੱਲਾਂ ਕਦ ਹੋਣਗੀਆਂ ਅਤੇ ਤੇਰੇ ਆਉਣ ਅਤੇ ਯੁੱਗ ਦੇ ਅੰਤ ਦਾ ਕੀ ਲੱਛਣ ਹੋਊ?*

148 ਆਓ ਅਸੀਂ ਇੱਥੇ ਰੁਕੀਏ। ਅਸਲ ਵਿੱਚ ਇਹ ਤਿੰਨ ਆਇਤਾਂ 4 ਅਪ੍ਰੈਲ ਮੰਗਲਵਾਰ 30 ਈਸਵੀ ਦੀ ਦੁਪਹਿਰ ਤੋਂ ਬਾਦ ਹੋਏ ਸਨ। ਪਹਿਲੀਆਂ ਦੋ ਆਇਤਾਂ ਤਾਂ 4 ਅਪ੍ਰੈਲ 30 ਈਸਵੀ ਦੁਪਹਿਰ ਤੋਂ ਬਾਦ ਪੂਰੀਆਂ ਹੋਈਆਂ। ਅਤੇ ਤੀਜੀ ਆਇਤ ਮੰਗਲਵਾਰ ਦੀ ਸ਼ਾਮ ਨੂੰ ਉਸੇ ਦਿਨ ਪੂਰੀ ਹੋਈ। ਸਮਝੇ?

149 ਉਹ ਹੈਕਲ ਵਿੱਚ ਆਏ ਅਤੇ ਉਹਨਾਂ ਨੇ ਉਸਨੂੰ ਇਹ ਗੱਲਾਂ ਪੁੱਛੀਆਂ। "ਇਹਦੇ ਵਾਰੇ ਵਿੱਚ ਕੀ ਹੈ? ਅਤੇ ਇਸਦੇ ਬਾਰੇ ਵਿੱਚ ਕੀ ਹੈ?ਇਸ ਵਿਸ਼ਾਲ ਹੈਕਲ ਨੂੰ ਵੇਖ। ਕੀ ਇਹ ਸ਼ਾਨਦਾਰ ਨਹੀਂ ਹੈ?"

ਉਸਨੇ ਕਿਹਾ, "ਇੱਥੇ ਪੱਥਰ ਉੱਤੇ ਪੱਥਰ ਵੀ ਨਹੀਂ ਛੱਡਿਆ ਜਾਵੇਗਾ। "

150 ਇਸ ਤੋਂ ਬਾਦ ਉਹ ਪਹਾੜ ਤੇ ਗਿਆ ਅਤੇ ਉੱਥੇ ਬੈਠ ਗਿਆ। ਵੇਖੋ, ਇੱਥੇ ਹੀ ਉਸਨੇ ਉਹਨਾਂ ਗੱਲਾਂ ਦਾ ਉੱਤਰ ਦੇਣਾ ਸ਼ੁਰੂ ਕੀਤਾ। ਇਹ ਦੁਪਹਿਰ ਬਾਦ ਦਾ ਸਮਾਂ ਸੀ। ਅਤੇ ਫਿਰ ਜਦ ਉਹ ਉੱਥੇ ਪਹੁੰਚੇ ਤਾਂ ਉਹਨਾਂ ਨੇ ਉਹਦੇ ਕੋਲੋਂ ਉੱਥੇ ਇਹ ਪੁੱਛਿਆ ਸੀ, ਉਹਨਾਂ ਨੇ ਕਿਹਾ, " ਅਸੀਂ ਕੁਝ ਗੱਲਾਂ ਜਾਨਣਾ ਚਾਹੁੰਦੇ ਹਾਂ। "

151 ਹੁਣ ਧਿਆਨ ਦਿਓ, ਇੱਥੇ ਉਹ ਤਿੰਨ ਪ੍ਰਸ਼ਨ ਹਨ ਜੋ ਉਸਦੇ ਯਹੂਦੀ ਚੇਲਿਆਂ ਦੁਆਰਾ ਉਸ ਤੋਂ ਪੁੱਛੇ ਗਏ ਸਨ। ਉਸ ਕੋਲੋਂ ਤਿੰਨ ਪ੍ਰਸ਼ਨ ਪੁੱਛੇ ਗਏ ਸਨ। ਹੁਣ ਪਹਿਲਾ ਪ੍ਰਸ਼ਨ ਇਹ ਸੀ, "ਕੀ .....ਕੀ ....ਇਹ ਗੱਲਾਂ ਕਦ ਹੋਣਗੀਆਂ ਕਿ ਜਦ ਪੱਥਰ ਉੱਤੇ ਪੱਥਰ ਛੱਡਿਆ ਨਾ ਜਾਵੇਗਾ?" "ਤੇਰੇ ਆਉਣ ਦਾ ਕੀ ਚਿੰਨ੍ਹ ਹੋਵੇਗਾ?" ਇਹ ਦੂਸਰਾ ਪ੍ਰਸ਼ਨ ਸੀ। "ਅਤੇ ਜਗਤ ਦੇ ਅੰਤ ਦਾ ਕੀ ਲੱਛਣ ਹੋਊ?" ਕੀ ਤੁਸੀਂ ਇਹਨੂੰ ਸਮਝ ਗਏ? ਇੱਥੇ ਤਿੰਨ ਪ੍ਰਸ਼ਨ ਹਨ।

152 ਇਹ ਹੀ ਉਹ ਸਥਾਨ ਹੈ ਜਿੱਥੇ ਬਹੁਤ ਸਾਰੇ ਲੋਕ ਗਲਤੀ ਕਰਦੇ ਹਨ। ਉਹਨਾਂ ਨੇ ਇੱਥੇ ਦਿੱਤੀਆਂ ਹੋਈਆਂ ਗੱਲਾਂ ਨੂੰ ਕਿਸੇ ਹੋਰ ਯੁੱਗ ਤੇ ਲਾਗੂ ਕੀਤਾ ਹੈ ਜਦਕਿ ਉਹ ਇੱਥੇ ਤਿੰਨਾਂ ਪ੍ਰਸ਼ਨਾਂ ਦਾ ਜਵਾਬ ਦੇ ਰਿਹਾ ਹੈ। ਉਹ ....

153 ਹੁਣ ਧਿਆਨ ਦਿਓ ਕਿ ਇਸਦੀ ਤੀਸਰੀ ਆਇਤ -ਤੀਸਰੀ ਆਇਤ ਦੀ ਆਖਰੀ ਲਾਈਨ ਕਿੰਨੀ ਸੁੰਦਰ ਹੈ। " ਅਤੇ ਕੀ ਹੋਵੇਗਾ..." ਸੱਭ ਤੋਂ ਪਹਿਲਾਂ ਤਾਂ ਇਹ ਉਹਨੂੰ ਜੈਤੂਨ ਦੇ ਪਹਾੜ ਉੱਤੇ ਇਕੱਲੇ ਨੂੰ ਸੱਦਦੇ ਹਨ ਅਤੇ ਪੁੱਛਦੇ ਹਨ, " ਸਾਨੂੰ ਦੱਸ ਕਿ ਇਹ ਗੱਲਾਂ ਕਦ ਹੋਣਗੀਆਂ?" ਪ੍ਰਸ਼ਨ



ਵਿੱਚੋਂ ਨਿੱਕਲਦੀ ਹੈ। " ਉਹਨਾਂ ਦੇ ਮੂੰਹ ਵਿੱਚੋਂ ਵਚਨ ਨਿੱਕਲਦਾ ਹੈ। ਤੁਸੀਂ ਵੇਖਦੇ ਹੋ ਕਿ ਇਸੇ ਤਰ੍ਹਾਂ ਰਸੂਲਾਂ ਤੇ ਪਵਿੱਤਰ ਆਤਮਾ ਆਉਂਦਾ ਹੈ। " ਅੱਗ ਉਹਨਾਂ ਦੇ ਮੂੰਹ ਵਿੱਚੋਂ ਨਿੱਕਲਦੀ ਹੈ। "

304 ਹੁਣ ਪ੍ਰਕਾਸ਼ ਪੋਥੀ ਦੀ 19 ਬਾਬ ਵੱਲ ਧਿਆਨ ਦਿਓ, ਇੱਥੇ ਅਸੀਂ ਬਿਲਕੁੱਲ ਇਸੇ ਗੱਲ ਨੂੰ ਵੇਖਦੇ ਹਾਂ, "ਅਤੇ ਉਸਦੇ ਮੂੰਹ ਵਿੱਚੋਂ ਇੱਕ ਵੱਡੀ ਤਲਵਾਰ ਨਿੱਕਲਦੀ ਹੈ: ਵਚਨ। ਸਮਝੇ? ਇਹ ਮਸੀਹ ਦੀ ਆਮਦ ਤੇ ਹੁਦਾ ਹੈ। "ਅਤੇ ਇਹਦੇ ਨਾਲ ਉਹ ਆਪਣੇ ਵੈਰੀਆਂ ਨੂੰ ਮਾਰਦਾ ਹੈ। "ਕੀ ਇਹ ਠੀਕ ਹੈ? [ਸੰਗਤ ਆਖਦੀ ਹੈ, "ਆਮੀਨ। "-ਸੰਪਾ]ਹੁਣ ਉਹ ਆਪਣੇ ਮਾਰਗ ਤੇ ਹਨ। ਠੀਕ ਹੈ, ਹੁਣ ਇਸਤੇ ਧਿਆਨ ਦਿਓ।

*ਅਕਾਸ਼ ਬੰਦ ਕਰਨਾ ਉਹਨਾਂ ਦੇ ਵੱਸ ਹੈ ਭਈ ਉਹਨਾਂ ਦੇ ਅਗੰਮ ਵਾਕ ਦੇ ਦਿਨੀਂ ਵਰਖਾ ਨਾ ਪਵੇ ....*

305 ਮੁੰਡਿਆ, ਇਹ ਸਰਿਸ਼ਟੀ ਵਿੱਚ ਵਿਘਨ ਪਾਉਣਾ ਹੈ। ਹੁਣ, ਇਸ ਵਿਅਕਤੀ ਏਲੀਯਾਹ ਨੇ ਕਿੰਨੇ ਸਮੇਂ ਲਈ ਅਕਾਸ਼ ਬੰਦ ਕੀਤਾ ਸੀ? [ਸੰਗਤ ਆਖਦੀ ਹੈ, "ਸਾਢੇ ਤਿੰਨ ਸਾਲ"-ਸੰਪਾ] ਬਿਲਕੁੱਲ ਠੀਕ ਹੈ। ਦਾਨੀਏਲ ਦੇ ਸੱਤਰਵੇਂ ਸਾਤੇ ਦਾ ਆਖਰੀ ਭਾਗ, ਸੱਤਰਵਾਂ ਸਾਤਾ ਹੋਰ ਕਿੰਨਾ ਹੈ?[ਸਾਢੇ ਤਿੰਨ ਸਾਲ] ਬਿਲਕੁੱਲ ਠੀਕ ਇਸੇ ਤਰ੍ਹਾਂ ਹੀ ਹੈ।

306 ਮੂਸਾ ਨੇ ਕੀ ਕੀਤਾ ਸੀ? ਉਸਨੇ ਪਾਣੀ ਨੂੰ ਲਹੂ ਵਿੱਚ ਬਦਲ ਦਿੱਤਾ ਸੀ। ਉਸਨੇ ਇਸੇ ਤਰ੍ਹਾਂ ਦੇ ਸੱਭ ਚਮਤਕਾਰ ਕੀਤੇ ਜਿਹਨਾਂ ਦੀ ਭਵਿੱਖਬਾਣੀ ਛੇਵੀਂ ਮੋਹਰ ਵਿੱਚ ਕੀਤੀ ਗਈ ਹੈ। ਅਤੇ ਉਹ ਇੱਥੇ ਪ੍ਰਕਾਸ਼ ਪੋਥੀ 11 ਵਿੱਚ ਹਨ ਅਤੇ ਠੀਕ ਉਹ ਹੀ ਕੰਮ ਕਰ ਰਹੇ ਹਨ। ਆਮੀਨ!

307 ਲਿਖਤਾਂ ਦੇ ਵਿੱਚ ਤਿੰਨ ਵੱਖ-ਵੱਖ ਥਾਵਾਂ ਵਿੱਚ ਇਹ ਹੀ ਗੱਲ ਪਾਈ ਜਾਂਦੀ ਹੈ ਅਤੇ ਇਹ ਅਪਸ ਵਿੱਚ ਇੱਕ ਦੂਸਰੇ ਨੂੰ ਜੋੜਦੀਆਂ ਹਨ। ਇਹ ਹੀ ਛੇਵੀਂ ਮੋਹਰ ਦਾ ਖੋਲ੍ਹਿਆ ਜਾਣਾ ਹੈ। ਬਿਲਕੁੱਲ ਇਹ ਹੀ ਹੈ। ਅਮੀਨ!ਮਹਿਮਾਂ ਹੋਵੇ!ਹੁਣ ਧਿਆਨ ਦਿਓ।

*ਅਕਾਸ਼ ਬੰਦ ਕਰਨਾ ਉਹਨਾਂ ਦੇ ਵੱਸ ਹੈ ਭਈ ਉਹਨਾਂ ਦੇ ਅਗੰਮ ਵਾਕ ਦੇ ਦਿਨੀਂ ਵਰਖਾ ਨਾ ਪਵੇ ....ਅਤੇ ਪਾਣੀ ਉਹਨਾਂ ਦੇ ਵੱਸ ਵਿੱਚ ਹਨ ਭਈ ਉਹਨਾਂ ਨੂੰ ਲਹੂ ਬਣਾ ਦੇਣ ਅਤੇ ਜਦ ਕਦੇ ਉਹਨਾਂ ਦਾ ਜੀ ਕਰੇ ਧਰਤੀ ਨੂੰ ਸੱਭ ਤਰ੍ਹਾਂ ਦੀਆਂ ਬਵਾਂ ਨਾਲ ਮਾਰਨ।*

308 ਹੇ ਮੇਰੇ ਖੁਦਾ !ਇੰਝ ਹੀ ਹੋਣਾ ਹੈ। ਹੁਣ ਆਓ ਅਸੀਂ ਇੱਥੇ ਬਵਾਂ ਦੀ ਵੱਲ ਮੁੜਦੇ ਹਾਂ। ਜਦੋਂ ਛੇਵੀਂ ਬਵਾ ....ਜਦ ਛੇਵੀਂ ਮੋਹਰ ਖੁੱਲ੍ਹਦੀ ਹੈ ਤਾਂ ਸਾਰੀ ਸਰਿਸ਼ਟੀ ਵਿੱਚ ਵਿਘਨ ਪੈਂਦਾ ਹੈ। ਬਿਲਕੁੱਲ ਇਹ ਹੀ ਹੈ ਜੋ ਹੁੰਦਾ ਹੈ। ਹੁਣ ਵੇਖੋ।

309 ਇੱਥੇ ਪਰਮੇਸ਼ੁਰ ਆਪਣੇ ਪੁੱਤਰ ਇਸਰਾਏਲ ਨੂੰ ਛੁਡਾਉਂਦਾ ਹੈ ਜਦ ਉਹ ਉੱਥੇ ਹੇਠਾਂ ਉਸੇ ਹੀ ਪ੍ਰਕਾਰ ਦੇ ਕਸ਼ਟ ਪਾ ਚੁੱਕਾ ਹੁੰਦਾ ਹੈ। ਉਸਨੇ ਉੱਥੇ ਹੇਠਾਂ ਮੂਸਾ ਨੂੰ ਭੇਜਿਆ ਅਤੇ ਇਸਰਾਏਲ ਨੂੰ ਛੁਡਾਇਆ। ਕੀ ਇਹ ਠੀਕ ਹੈ? [ਸੰਗਤ ਆਖਦੀ ਹੈ,"ਆਮੀਨ। "-ਸੰਪਾ] ਅਤੇ ਉਸਨੇ ਬਿਲਕੁੱਲ ਇਹਨਾਂ ਹੀ ਕੰਮਾਂ ਨੂੰ ਉੱਥੇ ਕੀਤਾ ਸੀ। ਉਸਨੇ ਏਲੀਯਾਹ ਨੂੰ ਆਹਾਬ ਦੇ ਕੋਲ ਭੇਜਿਆ ਅਤੇ ਸੱਤ ਹਜ਼ਾਰ ਯਹੂਦੀ ਬਾਹਰ ਨਿੱਕਲ ਕੇ ਆਏ। ਕੀ ਇਹ ਠੀਕ ਹੈ?[ਆਮੀਨ।] ਉਹ ਉਹਨਾਂ ਨੂੰ ਫਿਰ ਮੁਸੀਬਤਾਂ ਦੇ ਸਮੇਂ ਵਿੱਚ ਇੱਥੇ ਘੱਲਦਾ ਹੈ ਅਤੇ ਇੱਕ ਲੱਖ ਚੁਤਾਲੀ ਹਜਾਰ ਨੂੰ ਬੁਲਾਉਂਦਾ ਹੈ।

ਭੁਚਾਲ ਲਿਆ ਸੱਕਦੇ ਹਨ, ਉਹ ਚੰਦ ਨੂੰ ਲਹੂ ਵਿੱਚ ਬਦਲ ਸੱਕਦੇ ਹਨ। ਉਹਨਾਂ ਦੇ ਹੁਕਮ ਤੇ ਸੂਰਜ ਡੁੱਬ ਸੱਕਦਾ ਹੈ ਜਾਂ ਕੁਝ ਵੀ ਹੋ ਸੱਕਦਾ ਹੈ। ਆਮੀਨ।

295 ਇੰਝ ਹੀ ਹੈ। ਸਮਝੇ? ਵੇਖੋ ਕਿ ਕਿਵੇਂ ਇਹ ਮੋਹਰਾਂ ਕਲੀਸਿਯਾਈ ਯੁੱਗਾਂ ਵਿੱਚ ਖੁੱਲ੍ਹਦੀਆਂ ਹਨ; ਅਤੇ ਕਿਵੇਂ ਇਹ ਸ਼ਹੀਦਾਂ ਨੂੰ ਵਿਖਾਉਂਦੀਆਂ ਹਨ।

296 ਅਤੇ ਹੁਣ ਇੱਥੇ ਇਹ ਦੋ ਨਬੀ ਸਰਿਸ਼ਟੀ ਦੇ ਨਾਲ ਜੋ ਕੁਝ ਵੀ ਉਹ ਕਰਨਾ ਚਾਹੁਣ, ਪ੍ਰਮੇਸ਼ੁਰ ਦੇ ਵਚਨ ਦੇ ਨਾਲ ਖੜੇ ਹਨ। ਅਤੇ ਉਹ ਧਰਤੀ ਨੂੰ ਹਿਲਾਉਂਦੇ ਹਨ। ਅਤੇ ਇਹ ਠੀਕ-ਠੀਕ ਇਹ ਵਿਖਾਉਂਦਾ ਹੈ ਕਿ ਅਜਿਹਾ ਕੌਣ ਕਰਦਾ ਹੈ, ਇਹ ਮੂਸਾ ਅਤੇ ਏਲੀਯਾਹ ਹਨ, ਇਹ ਹੀ ਦੋਨੋਂ ਉਹ ਆਦਮੀਂ ਹਨ ਜਿਹੜੇ ਇਹ ਕਰਦੇ ਹਨ ਕਿਉਂਕਿ ਉੱਥੇ ਉਹਨਾਂ ਦੀ ਸੇਵਕਾਈ ਫਿਰ ਹੈ। ਹੇ ਮੇਰੇ ਪ੍ਰਮੇਸ਼ੁਰ। ਹੁਣ ਕੀ ਤੁਸੀਂ ਇਹਨੂੰ ਵੇਖਦੇ ਹੋ?[ਸਭਾ ਆਖਦੀ ਹੈ, "ਆਮੀਨ। "-ਸੰਪਾ] ਕੀ ਤੁਸੀਂ ਵੇਖਦੇ ਹੋ ਕਿ ਛੇਵੀਂ ਮੋਹਰ ਕੀ ਹੈ?ਇਹ ਉਹ ਦੋ ਨਬੀ ਹਨ। ਹੁਣ ਧਿਆਨ ਦਿਓ। ਇਸ ਗੱਲ ਦੇ ਨਾਲ ਤੁਹਾਨੂੰ ਘੁਟਣ ਮਹਿਸੂਸ ਨਾ ਹੋਵੇ: ਪ੍ਰੰਤੂ ਵੇਖੋ ਉਸ ਮੋਹਰ ਵਿੱਚ ਕੀ ਖੁੱਲ੍ਹਦਾ ਹੈ ; ਉਹ ਨਬੀ !ਸਮਝੇ? ਵਾਹ!ਆਮੀਨ!ਇਹ ਹੀ ਹੈ।

297 ਹੇ ਭਾਈ ਅਸੀਂ ਉਕਾਬ ਦੇ ਯੁੱਗ ਵਿੱਚ ਰਹਿ ਰਹੇ ਹਾਂ, ਤੁਸੀਂ ਅਪਣੇ ਸਿਰਾਂ ਨੂੰ ਬੱਦਲਾਂ ਵਿੱਚ ਉੱਚਾ ਕਰੋ।

298 ਉਹ ਇਸ ਛੇਵੀਂ ਮੋਹਰ ਨੂੰ ਖੋਲ੍ਹਦੇ ਹਨ। ਉਹਨਾਂ ਦੇ ਕੋਲ ਇਹ ਕਰਨ ਦੀ ਸ਼ਕਤੀ ਹੈ। ਆਮੀਨ। ਇਹ ਹੈ ਤੁਹਾਡੀ ਛੇਵੀਂ ਮੋਹਰ ਜੋ ਖੁੱਲ੍ਹ ਰਹੀ ਹੈ। ਵੇਖਿਆ?

299 ਹੁਣ ਅਸੀਂ ਇੱਥੇ ਫਿਰ ਪਿੱਛੇ ਆਉਂਦੇ ਹਾਂ, ਯਿਸੂ ਨੇ ਇਸਦੇ ਵਾਰੇ ਵਿੱਚ ਕਿਹਾ ਸੀ ਕਿ ਇਹ ਹੋਵੇਗਾ। ਪੁਰਾਣੇ ਸਮੇਂ ਵਿੱਚ ਹਿਜ਼ਕੀਏਲ ਅਤੇ ਹੋਰ ਦੂਸਰੇ ਨਬੀਆਂ ਨੇ ਇਸਦੇ ਬਾਰੇ ਵਿੱਚ ਕਿਹਾ ਸੀ ਕਿ ਇਹ ਹੋਵੇਗਾ।

300 ਅਤੇ ਇੱਥੇ ਇਹ ਛੇਵੀਂ ਮੋਹਰ ਖੁੱਲ੍ਹ ਗਈ ਹੈ, ਅਤੇ ਉਹ ਆਖਦੇ ਹਨ, " ਅੱਛਾ, ਇਹ ਤਾਂ ਭੇਦਭਰੀ ਗੱਲ ਹੈ। ਇਸਨੇ ਕੀ ਕੀਤਾ ਸੀ?"

301 ਇੱਥੇ ਇਸਦਾ ਭੇਤ ਹੈ, ਕਿ ਇਹ ਦੋ ਨਬੀ ਹਨ ਕਿਉਂਕਿ ਬਾਈਬਲ ਇੱਥੇ ਇਸੇ ਤਰ੍ਹਾਂ ਹੀ ਬਿਆਨ ਕਰਦੀ ਹੈ। ਉਹ ਹੀ ਇਸਨੂੰ ਖੋਲ੍ਹ ਸੱਕਦੇ ਹਨ। ਅਤੇ ਕਿਸੇ ਵੀ ਵੇਲੇ .....ਉਹ ਜੋ ਚਾਹੁਣ ਕੁਦਰਤ ਦੇ ਨਾਲ ਕਰ ਸੱਕਦੇ ਹਨ। ਅਤੇ ਉਹ ਬਿਲਕੁੱਲ ਉਹ ਹੀ ਕੰਮ ਕਰਦੇ ਹਨ ਜੋ ਉਹਨਾਂ ਨੇ ਕੀਤਾ ਸੀ; ਕਿਉਂਕਿ ਉਹ ਜਾਣਦੇ ਹਨ ਕਿ ਇਸਨੂੰ ਕਿਵੇਂ ਕਰਨਾ ਹੈ। ਆਮੀਨ!ਤਾਰੀਫ ਹੋਵੇ!ਆਮੀਨ!

302 ਅਤੇ ਜਦ ਮੈਂ ਉਹਨੂੰ ਵੇਖਿਆ ਤਾਂ ਮੈਂ ਬਸ ਆਪਣੀ ਕੁਰਸੀ ਤੋਂ ਉੱਠਿਆ ਅਤੇ ਮੈਂ ਫਰਸ਼ ਤੇ ਅੱਗੇ-ਪਿੱਛੇ ਚੱਲਣਾ ਸ਼ੁਰੂ ਕੀਤਾ। ਮੈਂ ਸੋਚਿਆ, "ਪ੍ਰਭੂ ਸੁਰਗੀ ਪਿਤਾ, ਮੈਂ ਕਿਵੇਂ ਤੇਰਾ ਧੰਨਵਾਦ ਕਰਾਂ। "

303 ਇਹ ਹੀ ਛੇਵੀਂ ਮੋਹਰ ਹੈ। ਇਹ ਹੀ ਹੈ। ਉਹ ਹੀ ਇਸ ਛੇਵੀਂ ਮੋਹਰ ਨੂੰ ਖੋਲ੍ਹਦੇ ਹਨ। ਆਮੀਨ। ਉਹਨਾਂ ਉੱਤੇ ਧਿਆਨ ਦਿਓ, " ਜੇ ਕੋਈ ਉਹਨਾਂ ਦਾ ਵਿਗਾੜ ਕਰਦਾ ਹੈ ਤਾਂ ਅੱਗ ਉਹਨਾਂ ਦੇ ਮੂੰਹ



ਨੰਬਰ ਇੱਕ। ਪ੍ਰਸ਼ਨ ਨੰਬਰ ਦੋ, " ਤੇਰੇ ਆਉਣ ਦਾ ਕੀ ਚਿੰਨ੍ਹ ਹੋਵੇਗਾ?" ਪ੍ਰਸ਼ਨ ਨੰਬਰ ਤਿੰਨ, ਅਤੇ ਜਗਤ ਦੇ ਅੰਤ ਦਾ ਕੀ ਲੱਛਣ ਹੋਊ?"ਉਹਨਾਂ ਨੇ ਉਸਦੇ ਕੋਲੋਂ ਤਿੰਨ ਵੱਖ-ਵੱਖ ਪ੍ਰਸ਼ਨ ਪੁੱਛੇ। ਹੁਣ ਵੇਖੋ ਕਿ ਇਸ ਸਮੇਂ ਮੈਂ ਤੁਹਾਡੇ ਕੋਲੋਂ ਚਾਹੁੰਦਾ ਹਾਂ ਕਿ ਤੁਸੀਂ ਮੱਤੀ 24 ਕੱਢੋ ਅਤੇ ਵੇਖੋ ਕਿ ਯਿਸੂ ਉਹਨਾਂ ਨੂੰ ਕਿਵੇਂ ਇਹਨਾਂ ਗੱਲਾਂ ਦੇ ਬਾਰੇ ਵਿੱਚ ਦੱਸ ਰਿਹਾ ਹੈ।

154 ਔਹ, ਇਹ ਬਹੁਤ ਸੁੰਦਰ ਹੈ। ਮੈਂ ....ਮੈਨੂੰ ਤਾਂ ਇੰਝ ਜਾਪਦਾ ....ਮੈਨੂੰ ਤਾਂ .....ਉਹ ਕਿਹੜਾ ਸ਼ਬਦ ਸੀ ਜਿਹੜਾ ਉਸ ਰਾਤ ਅਸੀਂ ਵਰਤਿਆ ਸੀ? [ਸੰਗਤ ਆਖਦੀ ਹੈ, "ਉਤੇਜਨਾ। "-ਸੰਪ] ਪ੍ਰਕਾਸ਼ ਨਾਲ ਉਤੇਜਨਾ ਮਿਲਦੀ ਹੈ। ਧਿਆਨ ਦਿਓ ।

155 ਹੁਣ ਆਓ ਅਸੀਂ ਪਹਿਲੀ ਮੋਹਰ ਵੱਲ ਚੱਲੀਏ -ਇਸ ਪੁਸਤਕ ਦੀਆਂ ਮੋਹਰਾਂ, ਇਸ ਪਹਿਲੀ ਮੋਹਰ ਦੀ ਤੁਲਨਾ ਇਸ ਪਹਿਲੇ ਪ੍ਰਸ਼ਨ ਨਾਲ ਕਰੀਏ।

156 ਹਰ ਇੱਕ ਪ੍ਰਸ਼ਨ ਦੀ ਤੁਲਨਾ ਠੀਕ ਹੇਠਾਂ ਤੱਕ ਕਰੀਏ ਅਤੇ ਵੇਖੀਏ ਕਿ ਕੀ ਇਹ ਬਿਲਕੁੱਲ ਠੀਕ-ਠੀਕ ਮੇਲ ਨਹੀਂ ਖਾਂਦਾ ; ਇਸਦੀ ਤੁਲਨਾ ਬਿਲਕੁੱਲ ਉਸੇ ਤਰ੍ਹਾਂ ਹੀ ਕਰਾਂਗੇ ਜਿਵੇਂ ਅਸੀਂ ਇਹਨਾਂ ਸੱਭ ਮੋਹਰਾਂ ਦੇ ਖੁੱਲ੍ਹਣ ਤੇ, ਕਲੀਸਿਯਾਈ ਯੁੱਗਾਂ ਅਤੇ ਬਾਕੀ ਸਭਨਾਂ ਵਿੱਚ ਕੀਤਾ ਹੈ। ਉੱਥੇ ਮੋਹਰ ਸੰਪੂਰਨ ਢੰਗ ਦੇ ਨਾਲ ਖੁੱਲ੍ਹੀ ਹੈ। ਹੁਣ ਧਿਆਨ ਦਿਓ। ਹੁਣ ਅਸੀਂ ਪਹਿਲਾਂ ਪੜ੍ਹਨ ਜਾ ਰਹੇ ਹਾਂ .....ਕਿਉਂਕਿ ...."ਫਿਰ ਉਸਨੇ ਉਹਨਾਂ ਨੂੰ ਉੱਤਰ ਦਿੱਤਾ ..." ਅਤੇ ਫਿਰ ਉਹ ਉਨ੍ਹਾਂ ਨੂੰ ਜਵਾਬ ਦੇਣਾ ਸ਼ੁਰੂ ਕਰਦਾ ਹੈ। ਅਤੇ ਹੁਣ ਅਸੀਂ ਇਹਦੀ ਤੁਲਨਾ ਮੋਹਰਾਂ ਦੇ ਨਾਲ ਕਰਨੀ ਚਾਹੁੰਦੇ ਹਾਂ।

157 ਹੁਣ ਵੇਖੋ, ਪਹਿਲੀ ਮੋਹਰ ਪ੍ਰਕਾਸ਼ ਦੀ ਪੋਥੀ 6:1-2 ਹੈ; ਹੁਣ ਅਸੀਂ ਪ੍ਰਕਾਸ਼ ਪੋਥੀ 6:1-2 ਪੜ੍ਹਾਂਗੇ।

*ਜਾਂ ਲੇਲੇ ਨੇ ਉਹਨਾਂ ਸੱਤਾਂ ਮੋਹਰਾਂ ਵਿੱਚੋਂ ਇੱਕ ਨੂੰ ਤੋੜਿਆ ਤਾਂ ਮੈਂ ਡਿੱਠਾ ਅਤੇ ਚੌਹਾਂ ਜੰਤੂਆਂ ਵਿੱਚੋਂ ਇੱਕ ਨੂੰ ਬੱਦਲ ਦੀ ਗਰਜ਼ ਜਿਹੀ ਅਵਾਜ਼ ਨਾਲ ਇਹ ਕਹਿੰਦੇ ਸੁਣਿਆ ਭਈ ਆ ਜਾਹ।*

*ਮੈਂ ਨਿਗਾਹ ਕੀਤੀ ਤਾਂ ਕੀ ਵੇਖਦਾ ਹਾਂ ਭਈ ਇੱਕ ਨੁਕਰਾ ਘੋੜਾ ਹੈ ਤੇ ਉਹਦੇ ਸਵਾਰ ਦੇ ਕੋਲ ਇੱਕ ਕਮਾਣ ਹੈ। ਫੇਰ ਉਹਨੂੰ ਇੱਕ ਮੁਕਟ ਦਿੱਤਾ ਗਿਆ ਅਤੇ ਉਹ ਫਤਹ ਕਰਦਿਆਂ ਅਤੇ ਫਤਹ ਕਰਨ ਨੂੰ ਨਿੱਕਲ ਤੁਰਿਆ।*

158 ਅਸੀਂ ਵੇਖਿਆ ਸੀ ਕਿ ਇਹ ਆਦਮੀਂ ਕੌਣ ਸੀ? [ਸੰਗਤ ਆਖਦੀ ਹੈ, "ਮਸੀਹ ਵਿਰੋਧੀ। "-ਸੰਪਾ] ਮਸੀਹ ਵਿਰੋਧੀ। ਹੁਣ ਆਓ ਮੱਤੀ 24:4 ਅਤੇ ਪੰਜ ਪੜ੍ਹੀਏ।

*ਯਿਸੂ ਨੇ ਉਹਨਾਂ ਨੂੰ ਉੱਤਰ ਦਿੱਤਾ, ਚੌਕਸ ਰਹੋ ਭਈ ਤੁਹਾਨੂੰ ਕੋਈ ਭੁਲਾਵੇ ਵਿੱਚ ਨਾ ਪਾਵੇ ਮੇਰਾ ਨਾਮ ਧਾਰ ਕੇ ਬਥੇਰੇ ਇਹ ਕਹਿੰਦੇ ਆਉਣਗੇ ਜੋ ਮੈਂ ਮਸੀਹ ਹਾਂ ਅਤੇ ਬਹੁਤਿਆਂ ਨੂੰ ਭੁਲਾਵੇ ਵਿੱਚ ਪਾ ਦੇਣਗੇ।*

159 ਕੀ ਤੁਸੀਂ ਇਸਨੂੰ ਸਮਝੇ ? ਇਹ ਮਸੀਹ ਵਿਰੋਧੀ ਹੈ। ਇਹ ਹੀ ਪਹਿਲੀ ਮੋਹਰ ਹੈ। ਵੇਖਿਆ? ਸਮਝੇ? ਉਸਨੇ ਇਸ ਨੂੰ ਇੱਥੇ ਕਿਹਾ ਸੀ ਅਤੇ ਇੱਥੇ ਉਹ ਮੋਹਰ ਨੂੰ ਖੋਲ੍ਹਦੇ ਹਨ ਅਤੇ ਵੇਖੋ ਇੱਥੇ ਇਹ ਸੰਪੂਰਨ ਸੀ।

160 ਹੁਣ ਦੂਜੀ ਮੋਹਰ : ਮੱਤੀ 24: 6, ਪ੍ਰਕਾਸ਼ ਦੀ ਪੋਥੀ 6:3 ਅਤੇ 4 , ਹੁਣ ਧਿਆਨ ਦਿਓ। ਮੱਤੀ 24: 6, ਹੁਣ ਮੈਨੂੰ ਵੇਖਣ ਦਿਓ ਕਿ ਇਹ ਕੀ ਕਹਿੰਦੀ ਹੈ।

*ਤੁਸੀਂ ਲੜਾਈਆਂ ਅਤੇ ਲੜਾਈਆਂ ਦੀਆਂ ਅਵਾਈਆਂ ਸੁਣੋਗੇ। ਖਬਰਦਾਰ ਕਿਤੇ ਘਬਰਾ ਨਾ ਜਾਣਾ ਕਿਉਂ ਜੋ ਇਹ ਗੱਲਾਂ ਤਾਂ ਹੋਣੀਆਂ ਹੀ ਹਨ ਪਰ ਅਜੇ ਅੰਤ ਨਹੀਂ।*

161 ਠੀਕ ਹੈ, ਆਓ ਦੂਜੀ ਮੋਹਰ ਲਈਏ, ਪ੍ਰਕਾਸ਼ ਪੋਥੀ 6:3-2 ; ਹੁਣ ਧਿਆਨ ਦਿਓ ਉਹ ਇੱਥੇ ਕੀ ਕਹਿੰਦਾ ਹੈ।

*ਤੇ ਜਾਂ ਉਹਨੇ ਦੂਜੀ ਮੋਹਰ ਖੋਲ੍ਹੀ ਤਾਂ ਮੈਂ ਦੂਜੇ ਜੰਤੂ ਨੂੰ ਇਹ ਆਖਦੇ ਸੁਣਿਆ ਭਈ ਆ ਜਾਹ ਤਾਂ ਇੱਕ ਹੋਰ ਘੋੜਾ ਨਿੱਕਲਿਆ ਜੋ ਲਾਲ ਸੀ ਅਤੇ ਉਹ ਦੇ ਸਵਾਰ ਨੂੰ ਇਹ ਦਿੱਤਾ ਗਿਆ ਭਈ ਧਰਤੀ ਉੱਤੋਂ ਸੁਲਾਹ ਨੂੰ ਚੁੱਕ ਸੁੱਟੇ ਅਤੇ ਇਹ ਜੋ ਮਨੁੱਖ ਇੱਕ ਦੂਏ ਨੂੰ ਮਾਰ ਘੱਤਣ ਅਤੇ ਇੱਕ ਵੱਡੀ ਸਾਰੀ ਤਲਵਾਰ ਉਹਨੂੰ ਫੜਾਈ ਗਈ।*

162 ਸੰਪੂਰਨ ਤੋਰ ਤੇ ਬਿਲਕੁੱਲ ਇਸੇ ਤਰ੍ਹਾਂ ਹੀ ਹੈ। ਔਹ, ਮੈਨੂੰ ਇਹ ਚੰਗਾ ਲੱਗਦਾ ਹੈ ਕਿ ਖੁਦ ਵਚਨ ਹੀ ਆਪਣਾ ਜਵਾਬ ਦੇ ਰਿਹਾ ਹੈ। ਕੀ ਤੁਹਾਨੂੰ ਇਹ ਚੰਗਾ ਨਹੀਂ ਲੱਗਦਾ ਹੈ?[ਸੰਗਤ ਆਖਦੀ ਹੈ, "ਆਮੀਨ। "-ਸੰਪਾ]ਇਹ ਸਾਰੇ ਦਾ ਸਾਰਾ ਪਵਿੱਤਰ ਆਤਮਾ ਨੇ ਹੀ ਲਿਖਿਆ ਹੈ ਅਰ ਉਹ ਹੀ ਇਸਦਾ ਪ੍ਰਕਾਸ਼ ਦੇਣ ਦੇ ਯੋਗ ਹੈ।

163 ਹੁਣ ਤੁਸੀਂ ਤੀਜੀ ਮੋਹਰ ਤੇ ਧਿਆਨ ਦਿਓ। ਹੁਣ ਵੇਖੋ ਇਹ ਤਾਂ ਕਾਲ (FAMINE) ਹੈ। ਹੁਣ ਮੱਤੀ 24:7 ਅਤੇ 8 ਵੇਖੋ। ਆਓ ਅਸੀਂ ਮੱਤੀ 24:7 ਅਤੇ 8 ਵੇਖੀਏ।

*ਕਿਉਂਕਿ ਕੌਮ ਕੌਮ ਉੱਤੇ ਚੜ੍ਹਾਈ ਕਰੇਗੀ ਅਤੇ ਪਾਤਸ਼ਾਹੀ ਪਾਤਸ਼ਾਹੀ ਉੱਤੇ ਚੜ੍ਹਾਈ ਕਰੇਗੀ ਅਤੇ ਥਾਂ-ਥਾਂ ਕਾਲ ਪੈਣਗੇ ਅਤੇ ਭੁਚਾਲ ਆਉਣਗੇ। ਪਰ ਇਹ ਸੱਭ ਕੁਝ ਪੀੜਾਂ ਦਾ ਅਰੰਭ ਹੈ।*

164 ਵੇਖੋ, ਹੁਣ ਤੁਸੀਂ ਠੀਕ ਪ੍ਰਕਾਸ਼ ਪੋਥੀ 6 ਵਿੱਚ ਆ ਰਹੇ ਹੋ, ਹੁਣ ਅਸੀਂ ਤੀਜੀ ਮੋਹਰ ਖੋਲ੍ਹਣ ਜਾ ਰਹੇ ਹਾਂ। ਇਹ ਪ੍ਰਕਾਸ਼ ਦੀ ਪੋਥੀ 6:5 ਅਤੇ 6 ਵਿੱਚ ਹੈ।

*ਜਾਂ ਉਹਨੇ ਤੀਜੀ ਮੋਹਰ ਤੋੜੀ ਤਾਂ ਮੈਂ ਤੀਜੇ ਜੰਤੂ ਨੂੰ ਇਹ ਆਖਦੇ ਸੁਣਿਆ ਭਈ ਆ ਜਾਹ! ਮੈਂ ਨਿਗਾਹ ਕੀਤੀ ਤਾਂ ਕੀ ਵੇਖਦਾ ਹਾਂ ਭਈ ਇੱਕ ਮੁਸ਼ਕੀ ਘੋੜਾ ਹੈ ਅਤੇ ਉਹਦੇ ਸਵਾਰ ਨੇ ਆਪਣੇ ਤੱਕੜੀ ਫੜੀ ਹੋਈ ਹੈ।*

*ਅਤੇ ਮੈਂ ਓਹਨਾਂ ਚੌਹਾਂ ਜੰਤੂਆਂ ਦੇ ਵਿੱਚ ਇੱਕ ਅਵਾਜ਼ ਜਿਹੀ ਇਹ ਆਖਦੇ ਸੁਣੀ ਭਈ ਕਣਕ ਅਠੰਨੀ ਦੀ ਸੇਰ ਭਰ ਅਤੇ ਜੌਂ ਅਠੰਨੀ ਦੇ ਤਿੰਨ ਸੇਰ ਅਤੇ ਤੇਲ ਅਤੇ ਦਾਖਰਸ ਦਾ ਵਿਗਾੜ ਨਾ ਕਰੀਂ।*

165 ਕਾਲ। ਬਿਲਕੁੱਲ ਇਹ ਹੀ ਇਹ ਮੋਹਰ ਹੈ; ਯਿਸੂ ਪ੍ਰਭੂ ਨੇ ਵੀ ਇਹ ਹੀ ਗੱਲ ਕਰੀ ਸੀ। ਠੀਕ ਹੈ।



ਨੂੰ ਜਾਣ ਨਹੀਂ ਸੀ ਦਿੰਦੇ। ਫਿਰਾਊਨ ਉਹਨਾਂ ਨੂੰ ਜਾਣ ਨਹੀਂ ਦਿੰਦਾ ਸੀ। ਪ੍ਰਮੇਸ਼ੁਰ ਨੇ ਮੂਸਾ ਦੇ ਮੂੰਹ ਵਿੱਚ ਵਚਨ ਪਾ ਦਿੱਤਾ। ਵੇਖੋ, ਇਹ ਪ੍ਰਮੇਸ਼ੁਰ ਦੇ ਵਿਚਾਰ ਸਨ ਜਿਹੜੇ ਮੂਸਾ ਦੇ ਹਿਰਦੇ ਵਿੱਚ ਜਾ ਰਹੇ ਸਨ; ਅਤੇ ਹੁਣ ਉਹ ਇਹਨਾਂ ਨੂੰ ਪ੍ਰਗਟ ਕਰਨ ਜਾ ਰਿਹਾ ਸੀ ਅਤੇ ਜਦ ਉਸਨੇ ਇਹਨੂੰ ਪ੍ਰਗਟ ਕੀਤਾ ਤਾਂ ਇਹ ਵਚਨ ਬਣ ਜਾਂਦਾ ਹੈ। ਉਸਨੇ ਆਪਣਾ ਹੱਥ ਵਧਾਇਆ ਅਤੇ ਕਿਹਾ, "ਮੱਖੀਆਂ ਆ ਜਾਣ। " ਅਤੇ ਉੱਥੇ ਮੱਖੀਆਂ ਆ ਗਈਆਂ। ਇੱਧਰ ਵੇਖੋ।

*ਜੇ ਕੋਈ ਉਹਨਾਂ ਦਾ ਵਿਗਾੜ ਕਰਦਾ ਹੈ ਤਾਂ ਅੱਗ ਉਹਨਾਂ ਦੇ ਮੂੰਹ ਵਿੱਚੋਂ ਨਿੱਕਲਦੀ ਸੀ ਤੇ ਉਹਨਾਂ ਦੇ ਵੈਰੀਆਂ ਨੂੰ ਚੱਟ ਕਰ ਜਾਂਦੀ ਸੀ।*

290 ਸਮਝੇ? ਇੰਝ ਹੀ ਹੈ। ਉਹ ਜੋ ਚਾਹੁਣ ਬੋਲ ਸੱਕਦੇ ਹਨ ਅਤੇ ਉਸੇ ਤਰ੍ਹਾਂ ਹੀ ਹੋ ਜਾਂਦਾ ਹੈ। ਆਮੀਨ।

*........ਸੋ ਜੇ ਕੋਈ ਉਹਨਾਂ ਦਾ ਵਿਗਾੜ ਕਰਨਾ ਚਾਹੇ ਤਾਂ ਅਵੱਸ਼ ਹੈ ਜੋ ਉਹ ਇਸੇ ਪ੍ਰਕਾਰ ਮਾਰਿਆ ਜਾਵੇ।*

291 ਭਾਈ ਜੀ, ਇੱਥੇ ਖੁਦਾ ਹੀ ਦ੍ਰਿਸ਼ ਤੇ ਚਲ ਫਿਰ ਰਿਹਾ ਹੈ।

*ਅਕਾਸ਼ ਬੰਦ ਕਰਨਾ ਉਹਨਾਂ ਦੇ ਵੱਸ ਹੈ ਭਈ ਉਹਨਾਂ ਦੇ ਅਗੰਮ ਵਾਕ ਦੇ ਦਿਨੀਂ ਵਰਖਾ ਨਾ ਪਵੇ .....*

292 ਏਲੀਯਾਹ, ਉਹ ਜਾਣਦਾ ਹੈ ਕਿ ਇਹਨੂੰ ਕਿਸ ਤਰ੍ਹਾਂ ਕਰਨਾ ਹੈ; ਉਹਨੇ ਇਹ ਪਹਿਲਾਂ ਵੀ ਕੀਤਾ ਸੀ। ਆਮੀਨ। ਮੂਸਾ ਜਾਣਦਾ ਹੈ ਕਿ ਇਹ ਕਿਵੇਂ ਕੀਤਾ ਜਾਣਾ ਹੈ, ਉਹ ਇਹਨੂੰ ਪਹਿਲਾਂ ਵੀ ਕਰ ਚੁੱਕਾ ਹੈ। ਇਹ ਹੀ ਕਾਰਨ ਹੈ ਕਿ ਉਹਨਾਂ ਨੂੰ ਪਿਛਾਂਹ ਰੱਖਿਆ ਗਿਆ ਸੀ। ਹੁਣ .....ਆਮੀਨ।

293 ਮੈਂ ਠੀਕ ਇੱਥੇ ਕੁਝ ਬਹੁਤ ਡਾਢਾ ਵਧੀਆ ਕਹਿ ਸੱਕਦਾ ਹਾਂ ਪਰ ਮੇਰੇ ਲਈ ਇਹ ਹੀ ਚੰਗਾ ਹੈ ਕਿ ਮੈਂ ਇਹਨੂੰ ਕੱਲ ਰਾਤ ਤੱਕ ਆਪਣੇ ਕੋਲ ਹੀ ਰੱਖਾਂ। ਸਮਝੇ? ਠੀਕ ਹੈ।

*....ਅਤੇ ਪਾਣੀ ਉਹਨਾਂ ਦੇ ਵੱਸ ਵਿੱਚ ਹਨ ਭਈ ਉਹਨਾਂ ਨੂੰ ਲਹੂ ਬਣਾ ਦੇਣ ਅਤੇ ਜਦ ਕਦੇ ਉਹਨਾਂ ਦਾ ਜੀ ਕਰੇ ਧਰਤੀ ਨੂੰ ਸੱਭ ਤਰ੍ਹਾਂ ਦੀਆਂ ਬਵਾਂ ਨਾਲ ਮਾਰਨ।*

294 ਇਹ ਕੀ ਹੈ? ਇਹਨਾਂ ਮੁਸੀਬਤਾਂ ਨੂੰ ਕੌਣ ਲਿਆ ਸੱਕਦਾ ਹੈ, ਕੋਈ ਹੋਰ ਨਹੀਂ ਬਲਕਿ ਵਚਨ ਹੀ ਲਿਆ ਸੱਕਦਾ ਹੈ? ਉਹ ਸਰਿਸ਼ਟੀ ਦੇ ਨਾਲ ਜੋ ਚਾਹੁਣ ਕਰ ਸੱਕਦੇ ਹਨ। ਇਸੇ ਤਰ੍ਹਾਂ ਹੀ ਹੈ। ਇਹ ਹੀ ਹਨ ਜਿਹੜੇ ਉਸ ਛੇਵੀਂ ਮੋਹਰ ਨੂੰ ਲੈ ਆਉਂਦੇ ਹਨ। ਉਹ ਹੀ ਇਹਨੂੰ ਖੋਲ੍ਹਦੇ ਅਤੇ ਪ੍ਰਗਟ ਕਰਦੇ ਹਨ। ਉਹਨਾਂ ਦੇ ਕੋਲ ਸਰਿਸ਼ਟੀ ਵਿੱਚ ਵਿਘਨ ਲਿਆਉਣ ਦੀ ਪ੍ਰਮੇਸ਼ੁਰ ਦੀ ਸ਼ਕਤੀ ਹੈ। ਵੇਖੋ, ਛੇਵੀਂ ਮੋਹਰ ਤਾਂ ਪੂਰੀ ਤਰ੍ਹਾਂ ਸਰਿਸ਼ਟੀ ਦੀ ਉਥਲ-ਪੁਥਲ ਹੈ। ਕੀ ਤੁਹਾਨੂੰ ਹੁਣ ਇਸਦੀ ਸਮਝ ਲੱਗ ਗਈ?[ਸੰਗਤ ਆਖਦੀ ਹੈ, "ਆਮੀਨ। "-ਸੰਪਾ]ਇਹ ਹੀ ਤੁਹਾਡੀ ਮੋਹਰ ਹੈ। ਇਹਨੂੰ ਕੌਣ ਕਰਦਾ ਹੈ? ਇਹ ਨਬੀ ਹਨ ਜਿਹੜੇ ਇਸਨੂੰ ਸੁਰਗ ਤੇ ਉਠਾਏ ਜਾਣ ਤੋਂ ਬਾਦ ਕਰਦੇ ਹਨ। ਉਹ ਤਾਂ ਬਸ ਪ੍ਰਮੇਸ਼ੁਰ ਦੀ ਸ਼ਕਤੀ ਨਾਲ ਪ੍ਰਮੇਸ਼ੁਰ ਦੇ ਵਚਨ ਨਾਲ ਸਰਿਸ਼ਟੀ ਦਾ ਨਾਸ਼ ਕਰਦੇ ਹਨ। ਉਹ

283 ਕਸ਼ਟ ਦੇ ਸਮੇਂ ਦੇ ਬਾਦ ਇੱਥੇ ਪ੍ਰਮੇਸ਼ੁਰ ਆਪਣੇ ਦੂਸਰੇ ਪੁੱਤਰ,ਇਸਰਾਏਲ ਨੂੰ ਛੁਡਾਉਣ ਵਾਲਾ ਹੈ। ਵੇਖੋ, ਇਸਰਾਏਲ ਨੂੰ ਦੂਜੀ ਵਾਰੀ, ਉਸਦਾ ਪੁੱਤਰ ਹੈ। ਤੁਹਾਨੂੰ ਇਹ ਪਤਾ ਹੈ। ਇਸਰਾਏਲ ਪ੍ਰਮੇਸ਼ੁਰ ਦਾ ਪੁੱਤਰ ਹੈ, ਇਸ ਲਈ ਉਹ ਉਹਨੂੰ ਇੱਥੇ ਕਸ਼ਟ ਦੇ ਸਮੇਂ ਛੁਡਾਉਂਦਾ ਹੈ, ਬਿਲਕੁੱਲ ਉਸੇ ਤਰ੍ਹਾਂ ਜਿਵੇਂ ਕਿ ਉਸਨੇ ਪਿੱਛੇ ਮਿਸਰ ਵਿੱਚ ਕੀਤਾ ਸੀ।

284 ਹੁਣ ਆਓ ਇੱਥੇ ਫਿਰ ਰੁਕੀਏ ਅਤੇ ਕੁਝ ਹੋਰ ਲਈਏ, ਤੋਂ ਪਹਿਲਾਂ ਕਿ ਅਸੀਂ ਇਹਨੂੰ ਸਮਝੀਏ। ਇਹਨਾਂ ਦੋਹਾਂ ਨਬੀਆਂ ਨੂੰ ਵੇਖੋ। ਹੁਣ ਇਸਤੇ ਧਿਆਨ ਦਿਓ। ਵੇਖੋ ਕਿ ਇਹ ਦੋ ਨਬੀ ਹੁਣ ਕੀ ਕਰਨ ਵਾਲੇ ਹਨ, ਠੀਕ ਜਿਵੇਂ ਕਿ ਮੂਸਾ ਅਤੇ ਉਹਨਾਂ ਨੇ ਉੱਥੇ ਹੇਠਾਂ ਕੀਤਾ ਸੀ। "ਉੱਥੇ ਮੈਨੂੰ ਇੱਕ ਕਾਨਾ ਦਿੱਤਾ ਗਿਆ ......" ਅਰ 11ਵੇਂ ਬਾਬ ਦੀ 3 ਆਇਤ।

*ਮੈਂ ਆਪਣਿਆਂ ਦੋਹਾਂ ਗਵਾਹਾਂ ਨੂੰ ਇਹ ਦਾਨ ਕਰਾਂਗਾ ਭਈ ਉਹ ਤੱਪੜ ਪਹਿਨੇ ਇੱਕ ਹਜ਼ਾਰ ਦੋ ਸੌ ਸੱਠ ਦਿਨ ਅਗੰਮ ਵਾਕ ਕਰਨ।*

*ਇਹ ਉਹ ਦੋ ਜੈਤੂਨ ਦੇ ਰੁੱਖ ਹਨ ........*

285 ਤੁਹਾਨੂੰ ਉਹ ਜਰੂਬਾਬਲ ਅਤੇ ਹੋਰ-ਹੋਰ ਅਤੇ ਉਸ ਹੈਕਲ ਨੂੰ ਦੁਬਾਰਾ ਬਣਾਉਣਾ ਯਾਦ ਹੋਵੇਗਾ।

*...ਅਤੇ ਦੋ ਸ਼ਮਾਦਾਨ ਹਨ ਜਿਹੜੇ ਧਰਤੀ ਦੇ ਪ੍ਰਭੂ ਦੀ ਦਰਗਾਹ ਖਲੋਤੇ ਰਹਿੰਦੇ ਹਨ।*

*...ਜੇ ਕੋਈ ....ਉਹਨਾਂ ਦਾ ਵਿਗਾੜ ਕਰਨਾ ਚਾਹੇ ਤਾਂ ਉਹਨਾਂ ਦੇ ਮੂੰਹੋਂ ਅੱਗ ਨਿੱਕਲਦੀ ਹੈ ...*

286 ਯਾਦ ਰੱਖੋ, ਮਸੀਹ ਦੇ ਮੂੰਹ ਵਿੱਚੋਂ ਤਲਵਾਰ ਨਿੱਕਲਦੀ ਹੈ ਜੋ ਕਿ ਵਚਨ ਹੈ।

*...ਅਤੇ ਉਹਨਾਂ ਦੇ ਵੈਰੀਆਂ ਨੂੰ ਚੱਟ ਕਰ ਜਾਂਦੀ ਹੈ, ਸੋ ਜੇ ਕੋਈ ਉਹਨਾਂ ਦਾ ਵਿਗਾੜ ਕਰਨਾ ਚਾਹੇ ਤਾਂ ਅਵੱਸ਼ ਹੈ ਜੋ ਉਹ ਇਸੇ ਪ੍ਰਕਾਰ ਮਾਰਿਆ ਜਾਵੇ।*

287 ਹੁਣ ਅਸੀਂ ਜਾਣਦੇ ਹਾਂ ਕਿ 19 ਬਾਬ ਵਿੱਚ ਮਸੀਹ ਦੀ ਆਮਦ ਦੇ ਸਮੇਂ ਉਸਦੇ ਮੂੰਹ ਵਿੱਚੋਂ ਅੱਗ, ਤਲਵਾਰ ਨਿੱਕਲਦੀ ਹੈ ਜੋ ਕਿ ਉਸਦਾ ਵਚਨ ਹੈ। ਕੀ ਇਹ ਠੀਕ ਹੈ? ਵਚਨ। ਔਹ, ਕਾਸ਼ ਕਿ ਤੁਸੀਂ ਇਸ ਤੱਥ ਨੂੰ ਕੱਲ ਰਾਤ ਦੀ ਮੋਹਰ ਲਈ ਸਮਝ ਲਓ। ਵੇਖੋ, ਇਹ ਵਚਨ ਹੀ ਹੈ ਜਿਹਦੇ ਨਾਲ ਪ੍ਰਮੇਸ਼ੁਰ ਆਪਣੇ ਨੂੰ ਵੈਰੀ ਘਾਤ ਕਰਦਾ ਹੈ। ਸਮਝੇ?

288 ਹੁਣ ਇੱਥੇ ਧਿਆਨ ਦਿਓ। ਜਦ ਇਹ ਨਬੀ ਅਗੰਮਵਾਕ ਕਰ ਰਹੇ ਹੁੰਦੇ ਹਨ ...ਤਾਂ ਜੇ ਕੋਈ ਮਨੁੱਖ ਉਹਨਾਂ ਦੇ ਨਾਲ ਬਤਮੀਜ਼ੀ ਕਰਦਾ ਹੈ, ਉਹਨਾਂ ਦੀ ਹਾਨੀ ਕਰਦਾ ਹੈ ਤਾਂ ਅੱਗ ਉਹਨਾਂ ਦੇ ਮੂੰਹ ਦੇ ਵਿੱਚੋਂ ਨਿੱਕਲਦੀ ਹੈ,ਪਵਿੱਤਰ ਆਤਮਾ ਦੀ ਅੱਗ ਜਾਨੀ ਕਿ ਵਚਨ ਉਹਨਾਂ ਦੇ ਮੂੰਹ ਦੇ ਵਿੱਚੋਂ ਨਿੱਕਲਦਾ ਹੈ। ਵਚਨ ਪ੍ਰਮੇਸ਼ੁਰ ਹੈ। ਵਚਨ ਅੱਗ ਹੈ। ਵਚਨ ਆਤਮਾ ਹੈ। ਸਮਝੇ?ਉਹਨਾਂ ਦੇ ਮੂੰਹ ਵਿੱਚੋਂ ਅੱਗ ਨਿੱਕਲਦੀ ਹੈ।

289 ਮੂਸਾ ਵੱਲ ਵੇਖੋ। ਆਓ ਅਸੀਂ ਵੇਖੀਏ ਉਹਦੇ ਮੂੰਹ ਵਿੱਚੋਂ ਕੀ ਨਿੱਕਲਦਾ ਹੈ। ਇਸਰਾਏਲ ਨੇ ਤਾਂ ਉਸੇ ਢੰਗ ਦੇ ਨਾਲ ਹੀ ਕੰਮ ਕਰਨਾ ਸੀ ਜਿਵੇਂ ਉਹ ਕਰ ਰਹੇ ਸਨ.....ਮੇਰੇ ਕਹਿਣ ਦਾ ਮਤਲਬ ਹੈ ਕਿ ਮਿਸਰੀ ਯਹੂਦੀਆਂ ਦੇ ਨਾਲ ਬੁਰਾ ਵਤੀਰਾ ਕਰ ਰਹੇ ਸਨ। ਮੂਸਾ .....ਉਹ ਉਹਨਾਂ



166 ਚੌਥੀ ਮੋਹਰ,ਮਰੀਆਂ ਅਤੇ ਮੌਤ ਹੈ। ਧਿਆਨ ਦਿਓ, ਮੱਤੀ 24। ਅਸੀਂ ਇਹਦੀ 8ਵੀਂ ਆਇਤ ਸੱਤ ਅਤੇ ਅੱਠ ਆਇਤ ਪੜ੍ਹਾਂਗੇ। ਮੇਰਾ ਵਿਸ਼ਵਾਸ਼ ਹੈ ਕਿ ਇਹ ਹੀ ਚੌਥੀ ਮੋਹਰ ਹੈ, ਠੀਕ ਹੈ, ਮੈਨੂੰ ਇੱਥੇ ਇਹ ਲੱਭ ਗਿਆ ਹੈ।

167 ਹੁਣ ਵੇਖੋ ਮੈਂ ਇੱਥੇ ਪਿੱਛੇ ਕੀ ਪੜ੍ਹਿਆ ਸੀ? ਕੀ ਮੈਂ ਕੋਈ ਗਲਤ ਗੱਲ ਪੜ੍ਹੀ ਸੀ? ਹਾਂ ਜੀ ਮੈਂ ਉਸ ਤੇ ਨਿਸ਼ਾਨੀ ਲਗਾਈ ਹੋਈ ਸੀ। ਹਾਂ ਜੀ, ਅਸੀਂ ਉੱਥੇ ਹਾਂ। ਹੁਣ ਅਸੀਂ ਜਾ ਰਹੇ ਹਾਂ। ਹੁਣ ਅਸੀਂ ਲਈਏ। ਠੀਕ ਹੈ, ਸ਼੍ਰੀਮਾਨ।

168 ਹੁਣ ਆਓ ਅਸੀਂ ਚੌਥੀ ਮੋਹਰ ਲਈ ਇਸਨੂੰ 7 ਆਇਤ ਤੋਂ ਪੜ੍ਹਨਾ ਸ਼ੁਰੂ ਕਰੀਏ। ਉੱਥੇ ਹੀ ਦੂਸਰੇ ਪਾਸੇ ਇਹ ਚੌਥੀ ਮੋਹਰ ਪ੍ਰਕਾਸ਼ ਦੀ ਪੋਥੀ ਦੇ 6 ਬਾਬ ਦੀ 7 ਅਤੇ 8 ਆਇਤ ਵਿੱਚ ਪਾਈ ਜਾਂਦੀ ਹੈ।

169 ਹੁਣ ਆਓ ਅਸੀਂ ਮੱਤੀ 24 ਬਾਬ ਦੀ 7 ਅਤੇ 8 ਆਇਤ ਪੜ੍ਹੀਏ। ਠੀਕ ਹੈ।

*ਕਿਉਂਕਿ ਕੌਮ ਕੌਮ ਉੱਤੇ ਚੜ੍ਹਾਈ ਕਰੇਗੀ ਅਤੇ ਪਾਤਸ਼ਾਹੀ ਪਾਤਸ਼ਾਹੀ ਉੱਤੇ ਚੜ੍ਹਾਈ ਕਰੇਗੀ ਅਤੇ ਥਾਂ-ਥਾਂ ਕਾਲ ਪੈਣਗੇ ਅਤੇ ਭੁਚਾਲ ਆਉਣਗੇ।*

*ਪਰ ਇਹ ਸੱਭ ਕੁਝ ਪੀੜਾਂ ਦਾ ਅਰੰਭ ਹੈ।*

170 ਹੁਣ ਚੌਥੀ ਮੋਹਰ ਨੂੰ ਵੇਖੋ ਜਿਵੇਂ ਕਿ ਅਸੀਂ ਇਹਨੂੰ ਇੱਥੇ ਪੜ੍ਹਿਆ ਹੈ। ਇਹ ਸੀ .....ਚੌਥੀ ਮੋਹਰ ਇਸਦੀ 7ਵੀਂ ਅਤੇ 8ਵੀਂ ਆਇਤ ਤੋਂ ਸ਼ੁਰੂ ਹੁੰਦੀ ਹੈ; ਉੱਥੇ ਹੀ ਦੂਸਰੇ ਪਾਸੇ ਇਹ ਹੈ :

*ਜਾਂ ਉਹਨੇ ਚੌਥੀ ਮੋਹਰ ਤੋੜੀ ਤਾਂ ਮੈਂ ਚੌਥੇ ਜੰਤੂ ਦੀ ਅਵਾਜ਼ ਇਹ ਆਖਦੇ ਸੁਣੀ ਭਈ ਆ ਜਾਹ ਮੈਂ ਨਿਗਾਹ ਕੀਤੀ ਤਾਂ ਕੀ ਵੇਖਦਾ ਹਾਂ ਭਈ ਇੱਕ ਕੁੱਲਾ ਘੋੜਾ ਹੈ .......*

171 ਹੁਣ ਜਰਾ ਰੁਕੋ। ਮੈਂ ਇਹਨੂੰ ਗਲਤ ਲਿਖ ਲਿਆ ਸੀ। ਜੀ ਹਾਂ, ਹਾਂ ਜੀ। ਹੁਣ ਜਰਾ ਇੱਕ ਮਿੰਟ ਲਈ 7 ਅਤੇ 8 ਆਇਤ।

172 ਹੁਣ ਆਓ ਅਸੀਂ ਮੱਤੀ 24:7 ਅਤੇ 8 ਵੇਖੀਏ। ਅਸੀਂ ਇਹਨੂੰ ਵੇਖਾਂਗੇ। ਉਹ ਤਾਂ ਤੀਜੀ ਮੋਹਰ ਦਾ ਖੋਲ੍ਹਿਆ ਜਾਣਾ ਹੈ, ਕੀ ਇਸ ਤਰ੍ਹਾਂ ਨਹੀਂ ਹੈ? [ਸੰਗਤ ਆਖਦੀ ਹੈ, "ਆਮੀਨ। "-ਸੰਪਾ] ਮੱਤੀ 24:7 ਅਤੇ 8 ਆਇਤ। ਮੈਨੂੰ ਮਾਫ ਕਰਨਾ ਹੁਣ ਵੇਖੋ ਇਹ ਤਾਂ ਮੀਂਹ ਨੂੰ ਜਾਂ ਕਾਲ ਨੂੰ ਖੋਲ੍ਹਦਾ ਹੈ। ਠੀਕ ਹੈ।

173 ਹੁਣ ਮਰੀਆਂ ਅਤੇ ਮੌਤਾਂ। ਹਾਂ ਜੀ। ਹਾਂ ਜੀ ਸ਼੍ਰੀਮਾਨ। ਹੁਣ ਅਸੀਂ 7ਵੀਂ ਅਤੇ 8ਵੀਂ ਆਇਤ ਨੂੰ ਪੜ੍ਹਨ ਜਾ ਰਹੇ ਹਾਂ ਇਹ ਚੌਥੀ ਮੋਹਰ ਹੋਵੇਗੀ। ਆਓ ਅਸੀਂ ਵੇਖਦੇ ਹਾਂ ਕਿ ਸਾਨੂੰ ਕਿੱਥੇ ਚੌਥੀ ਮੋਹਰ ਮਿਲਦੀ ਹੈ। "ਅਤੇ ਜਦ ਉਸਨੇ ਚੌਥੀ ਮੋਹਰ ਖੋਲ੍ਹੀ ..." ਜੀ ਹਾਂ, ਵੇਖੋ, ਕੁੱਲੇ ਘੋੜੇ ਦਾ ਉਹ ਸਵਾਰ, ਮੌਤ ਹੈ।

*ਮੈਂ ਨਿਗਾਹ ਕੀਤੀ ਤਾਂ ਕੀ ਵੇਖਦਾ ਹਾਂ ਭਈ ਇੱਕ ਕੁੱਲਾ ਘੋੜਾ ਹੈ ਅਤੇ ਜਿਹੜਾ ਉਸ ਉੱਤੇ ਸਵਾਰ ਹੈ ਉਹ ਦਾ ਨਾਉਂ ਮੌਤ ਹੈ ਅਤੇ ਪਤਾਲ ਉਹਦੇ ਮਗਰ-ਮਗਰ ਚੱਲਿਆ ਆਉਂਦਾ*

*ਹੈ ਅਤੇ ਉਹਨਾਂ ਨੂੰ ਧਰਤੀ ਦੀ ਚੋਥਾਈ ਉੱਤੇ ਇਖਤਿਆਰ ਦਿੱਤਾ ਗਿਆ ਭਈ ਤਲਵਾਰ ਨਾਲ, ਕਾਲ ਨਾਲ, ਮਰੀ ਨਾਲ ਅਤੇ ਧਰਤੀ ਦੇ ਦਰਿੰਦਿਆਂ ਦੇ ਰਾਹੀਂ ਮਾਰ ਸੁੱਟਣ।*

174 ਹੁਣ ਵੇਖੋ ਉਹ ਮੌਤ ਸੀ।

175 ਹੁਣ ਪੰਜਵੀਂ ਮੋਹਰ ਮੱਤੀ 24 : 9-13 ਹੈ। ਆਓ ਅਸੀਂ ਵੇਖੀਏ ਕਿ ਮੈਂ ਇਹਦੇ ਤੇ ਠੀਕ ਨਿਸ਼ਾਨੀ ਲਗਾਈ ਹੋਈ ਹੈ। ਸਮਝੇ?

*ਤਦ ਉਹ ਤੁਹਾਨੂੰ ਬਿਪਤਾ ਦੇ ਲਈ ਫੜਵਾ ਦੇਣਗੇ ਅਰ ਤੁਹਾਨੂੰ ਮਾਰ ਦੇਣਗੇ ਅਤੇ ਮੇਰੇ ਨਾਮ ਦੇ ਕਾਰਨ ਸਾਰੀਆਂ ਕੌਮਾਂ ਤੁਹਾਡੇ ਨਾਲ ਵੈਰ ਰੱਖਣਗੀਆਂ।* (ਇਹ ਹੋਈ ਨਾ ਗੱਲ)

*ਅਤੇ ਉਸ ਸਮੇਂ ਬਥੇਰੇ ਠੋਕਰ ਖਾਣਗੇ ਅਤੇ ਇੱਕ ਦੂਏ ਨੂੰ ਫੜਵਾਏਗਾ ਅਤੇ ਇੱਕ ਦੂਏ ਨਾਲ ਵੈਰ ਰੱਖੇਗਾ।*

*ਅਤੇ ਬਹੁਤ ਝੂਠੇ ਨਬੀ ਉੱਠਣਗੇ ਅਤੇ ਬਥੇਰਿਆਂ ਨੂੰ ਭੁਲਾਵੇ ਵਿੱਚ ਪਾ ਦੇਣਗੇ।*

*ਅਤੇ ਕੁਧਰਮ ਦੇ ਵਧਣ ਕਾਰਨ ਬਹੁਤਿਆਂ ਦੀ ਪ੍ਰੀਤ ਠੰਡੀ ਪੈ ਜਾਵੇਗੀ। ਪਰ ਜਿਹੜਾ ਅੰਤ ਤੋੜੀ ਸਹੇਗਾ ਉਹ ਹੀ ਬਚਾਇਆ ਜਾਵੇਗਾ।*

176 ਹੁਣ ਅਸੀਂ ਪੰਜਵੀਂ ਮੋਹਰ ਵਿੱਚ ਹਾਂ। ਅਤੇ ਇਹ ਕੱਲ ਰਾਤ ਸੀ। "ਉਹ ਤੁਹਾਨੂੰ ਫੜਵਾ ਦੇਣਗੇ ਅਤੇ ਇੱਕ ਦੂਜੇ ਨਾਲ ਵੈਰ ਰੱਖਣਗੇ। " ਅਤੇ ਆਦਿ-ਆਦਿ।

177 ਹੁਣ ਆਓ ਅਸੀਂ ਇਸ ਮੋਹਰ ਨੂੰ ਪ੍ਰਕਾਸ਼ ਪੋਥੀ ਦੀ 6 ਬਾਬ ਵਿੱਚ 6:9-11 ਤੱਕ ਵਿੱਚ ਵੇਖੀਏ। ਹੁਣ ਆਓ ਅਸੀਂ ਇਹਨੂੰ .....ਪ੍ਰਕਾਸ਼ ਪੋਥੀ 6:9-11 ਤੱਕ ਪੜ੍ਹੀਏ।

*ਜਾਂ ਉਹ ਨੇ ਪੰਜਵੀਂ ਮੋਹਰ ਤੋੜੀ ਤਾਂ ਮੈਂ ਜਗਵੇਦੀ ਦੇ ਹੇਠਾਂ ਓਹਨਾਂ ਦੀਆਂ ਜਾਨਾਂ ਨੂੰ ਵੇਖਿਆ ਜਿਹੜੇ ਪ੍ਰਮੇਸ਼ੁਰ ਦੇ ਬਚਨ ਦੇ ਕਾਰਨ ਅਤੇ ਓਸ ਸਾਖੀ ਦੇ ਕਾਰਨ ਜੋ ਉਹਨਾਂ ਭਰੀ ਸੀ ਵੱਢੇ ਗਏ ਸਨ।*

*ਅਤੇ ਉਹਨਾਂ ਵੱਡੀ ਅਵਾਜ਼ ਨਾਲ ਪੁਕਾਰ ਕੇ ਇਹ ਆਖਿਆ ਭਈ ਹੇ ਸੁਆਮੀ ਜੀ, ਜਿਹੜਾ ਪਵਿੱਤਰ ਅਤੇ ਸੱਤ ਹੈ ਕਦੋਂ ਤੋੜੀ ਤੂੰ ਨਿਆਉਂ ਨਹੀਂ ਕਰਦਾ ਅਤੇ ਧਰਤੀ ਦੇ ਵਾਸੀਆਂ ਕੋਲੋਂ ਸਾਡੇ ਲਹੂ ਦਾ ਵੱਟਾ ਨਹੀਂ ਲੈਂਦਾ ਹੈਂ ?*

*ਅਤੇ ਉਹਨਾਂ ਵਿੱਚੋਂ ਹਰੇਕ ਨੂੰ ਚਿੱਟਾ ਬਸਤਰ ਦਿੱਤਾ ਗਿਆ ਅਤੇ ਓਹਨਾਂ ਨੂੰ ਇਹ ਬਚਨ ਹੋਇਆ ਭਈ ਥੋੜਾ ਚਿਰ ਹੋਰ ਅਰਾਮ ਕਰੋ ਜਦੋਂ ਤੀਕ ਤੁਹਾਡੇ ਨਾਲ ਦੇ ਦਾਸਾਂ ਅਤੇ ਤੁਹਾਡੇ ਭਰਾਵਾਂ ਦੀ ਜਿਹੜੇ ਤੁਹਾਡੇ ਵਾਂਙੁ ਵੱਢੇ ਜਾਣਗੇ ਗਿਣਤੀ ਪੂਰੀ ਨਾ ਹੋ ਲਵੇ।*

178 ਹੁਣ ਤੁਸੀਂ ਵੇਖੋ ਕਿ ਪੰਜਵੀਂ ਮੋਹਰ ਦੇ ਦੋਰਾਨ, ਅਸੀਂ ਇੱਥੇ ਸ਼ਹੀਦੀਆਂ ਪਾਏ ਹੋਏ ਵੇਖਦੇ ਹਾਂ।

179 ਅਤੇ ਸੰਤ ਮੱਤੀ ਦੇ 24 ਅਧਿਆਏ ਦੀ 9 ਆਇਤ ਤੋਂ 13 ਤੱਕ ਦੇ ਦੋਰਾਨ .......ਵੀ ਅਸੀਂ ਇਹ ਵੇਖਦੇ ਹਾਂ ਕਿ ਇੱਥੇ ਵੀ " ਸ਼ਹੀਦ ਹੋਣਾ। " ਪਾਇਆ ਜਾਂਦਾ ਹੈ। " ਉਹ ਤੁਹਾਨੂੰ ਫੜਵਾ ਦੇਣਗੇ



ਜਦ ਇਸਰਾਏਲ ਨੂੰ ਛੁਡਾਇਆ ਜਾਣਾ ਹੈ, ਜਦ ਉਹਨਾਂ ਦੇ ਸੱਤਰਵੇਂ ਸਾਤੇ ਦਾ ਅੰਤ ਹੁੰਦਾ ਹੈ। ਅਤੇ ਇਹ ਤਦ ਹੁੰਦਾ ਹੈ ਜਦ ਉਹ ਛੁਡਾਏ ਜਾਣਗੇ। ਆਓ ਹੁਣ ਇੱਥੇ ਇੱਕ ਮਿੰਟ ਲਈ ਦਾਨੀਏਲ 12 ਬਾਬ ਨੂੰ ਲਈਏ।

*ਉਸ ਵੇਲੇ ਮੀਕਾਏਲ ਉਹ ਵੱਡਾ ਸਰਦਾਰ ਜੋ ਤੇਰੇ ਲੋਕਾਂ ਦੇ* (ਇਹ ਯਹੂਦੀ ਹਨ....ਸਮਝੇ?) *ਬੱਚਿਆਂ ਦੀ ਸਹਾਇਤਾ ਲਈ ਖਲੋਤਾ ਹੈ ਉੱਠੇਗਾ ਅਤੇ ਅਜਿਹੀ ਬਿਪਤਾ ਦਾ ਵੇਲਾ ਹੋਵੇਗਾ ਜਿਹਾ ਕੋਮ ਦੇ ਮੁੱਢ ਤੋਂ ਲੈ ਕੇ ਉਸ ਵੇਲੇ ਤੀਕਰ ਕਦੇ ਨਾ ਹੋਇਆ ਹੋਵੇਗਾ.....*

278 ਹੁਣ ਤੁਸੀਂ ਇਹਦੀ ਤੁਲਨਾ ਕਰੋ, ਬਿਲਕੁੱਲ ਇਹੋ ਹੀ ਯਿਸੂ ਨੇ ਮੱਤੀ 24 ਵਿੱਚ ਆਖਿਆ ਹੈ, "ਅਜਿਹੀ ਬਿਪਤਾ ਦਾ ਵੇਲਾ ਹੋਵੇਗਾ ਜਿਹਾ ਕੋਮ ਦੇ ਮੁੱਢ ਤੋਂ ਲੈ ਕੇ ਉਸ ਵੇਲੇ ਤੀਕਰ ਕਦੀ ਨਹੀਂ ਹੋਇਆ ਹੈ। " ਹੁਣ ਛੇਵੀਂ ਮੋਹਰ ਵੱਲ ਵੇਖੋ, ਇੱਥੇ ਵੀ ਇਹੋ ਹੀ ਗੱਲ ਹੈ, ਇੱਥੇ ਵੀ ਬਿਪਤਾ ਦੇ ਸਮੇਂ ਦੇ ਵਾਰੇ ਵਿੱਚ ਕਿਹਾ ਗਿਆ ਹੈ। ਹੁਣ ਧਿਆਨ ਦਿਓ।

*.....ਜਿਹਾ ਕੋਮ ਦੇ ਮੁੱਢ ਤੋਂ ਲੈ ਕੇ ਉਸ ਵੇਲੇ ਤੀਕਰ ਕਦੇ ਨਹੀਂ ਹੋਇਆ ਸੀ ਅਤੇ ਉਸ ਵੇਲੇ ਤੇਰਿਆਂ ਲੋਕਾਂ......* (ਹੁਣ, ਇਹ ਸੱਤਰਵੇਂ ਸਾਤੇ ਵਿੱਚ, ਸੱਤਵੇਂ ਸਾਲ ਦੇ ਅਖੀਰ ਵਿੱਚ ਹੋਵੇਗਾ)*.....ਵਿੱਚੋਂ ਹਰ ਕੋਈ ਜਿਸਦਾ ਨਾਉਂ ਪੋਥੀ ਵਿੱਚ ਲਿਖਿਆ ਹੋਇਆ ਹੋਵੇਗਾ ਸੋ ਛੁੱਟੇਗਾ।*

279 ਤੁਸੀਂ ਵੇਖਦੇ ਹੋ ਪਹਿਲਾਂ ਤੋਂ ਹੀ ਠਹਿਰਾਏ ਹੋਏ .ਜਿਹੜੇ ਕਿ ਲੇਲੇ ਦੇ ਜੀਵਨ ਦੀ ਪੋਥੀ ਵਿੱਚ ਲਿਖੇ ਹੋਏ ਸਨ, ਉਹ ਉਸ ਸਮੇਂ ਛੁਡਾਏ ਜਾਣਗੇ।

*ਅਤੇ ਉਹਨਾਂ ਵਿੱਚੋਂ ਢੇਰ ਸਾਰੇ ਜੋ ਧਰਤੀ ਦੀ ਮਿੱਟੀ ਵਿੱਚ ਸੁੱਤੇ ਪਏ ਹਨ ਜਾਗ ਉੱਠਣਗੇ, ਕਈ ਸਦੀਪਕ ਜੀਊਣ ਦੇ ਲਈ ਅਤੇ ਕਈ ਸ਼ਰਮਿੰਦਗੀ ਅਤੇ ਸਦੀਪਕ ਨਿਰਾਦਰੀ ਦੇ ਲਈ।*

*ਪਰ ਉਹ ਜਿਹੜੇ ਬੁੱਧਵਾਨ ਹਨ ਅੰਬਰ ਦੇ ਪ੍ਰਕਾਸ਼ ਵਾਂਗਰ ਚਮਕਣਗੇ ਅਤੇ ਉਹ ਜਿਹਨਾਂ ਦੇ ਉਦਮ ਨਾਲ ਢੇਰ ਸਾਰੇ ਧਰਮੀ ਬਣ ਗਏ ਤਾਰਿਆਂ ਵਾਂਗਰ ਯੁੱਗੋ ਯੁੱਗ ਤੀਕਰ।*

280 ਇਸ ਤੋਂ ਬਾਦ ਉਹ ਅਗਾਂਹ ਵਧਿਆ ਅਤੇ ਦਾਨੀਏਲ ਨੂੰ ਉਸ ਪੋਥੀ ਨੂੰ ਬੰਦ ਕਰਨ ਲਈ ਆਖਿਆ ਕਿਉਂਕਿ ਉਹ ਉਸ ਸਮੇਂ ਤੱਕ ਆਪਣੇ ਆਰਾਮ ਵਾਲੀ ਥਾਂ ਵਿੱਚ ਆਰਾਮ ਕਰ ਰਿਹਾ ਹੋਵੇਗਾ।

281 ਹੁਣ ਵੇਖੋ, ਇਸਦੇ ਨਾਲ ਕੋਈ ਫਰਕ ਨਹੀਂ ਪੈਂਦਾ ਹੈ ਕਿ ਤੁਸੀਂ ਜੀਉਂਦੇ ਹੋ ਜਾਂ ਮਰ ਗਏ ਹੋ। ਕਿਵੇਂ ਵੀ ਹੋਵੇ ਤੁਸੀਂ ਤਾਂ ਬਾਹਰ ਨਿੱਕਲ ਆਓਗੇ। ਸਮਝੇ? ਨਹੀਂ ਹੈ .....ਇੱਕ ਮਸੀਹੀ ਲਈ ਮਰਨਾ ਕੁਝ ਨਹੀਂ ਹੈ। ਉਹ ਤਾਂ ਮਰਦਾ ਹੀ ਨਹੀਨ ਹੈ। ਸਮਝੇ?

282 ਹੁਣ ਦਾਨੀਏਲ 12 ਬਾਬ ਦੱਸਦਾ ਹੈ ਕਿ ਜਿੰਨਿਆਂ ਦੇ ਨਾਉਂ ਪੋਥੀ ਵਿੱਚ ਲਿਖੇ ਹੋਏ ਲੱਭਦੇ ਹਨ ਉਹ ਬਚ ਜਾਣਗੇ।

*ਤਾਂ ਯਹੋਵਾਹ ਨੇ ਮੂਸਾ ਨੂੰ ਕਿਹਾ, ਆਪਣਾ ਹੱਥ ਅਕਾਸ਼ ਵੱਲ ਪਸਾਰ ਤਾਂ ਜੋ ਮਿਸਰ ਦੇਸ਼ ਵਿੱਚ ਅਨ੍ਹੇਰਾ ਹੋ ਜਾਵੇ, ਅਜਿਹਾ ਅਨ੍ਹੇਰਾ ਜਿਹੜਾ ਟੋਹਿਆ ਜਾਵੇ।*

*ਤਾਂ ਮੂਸਾ ਨੇ ਆਪਣਾ ਹੱਥ ਅਕਾਸ਼ ਵੱਲ ਨੂੰ ਪਸਾਰਿਆ ਅਰ ਮਿਸਰ ਦੇ ਸਾਰੇ ਦੇਸ਼ ਵਿੱਚ ਤਿੰਨ ਦਿਨ ਅਨ੍ਹੇਰਾ ਘੁੱਪ ਰਿਹਾ। ਸਮਝੇ?*

*ਕਿਸੇ ਨੇ ਇੱਕ ਦੂਜੇ ਨੂੰ ਨਾ ਵੇਖਿਆ ਅਰ ਨਾ ਕੋਈ ਤਿੰਨ ਦਿਨ ਤੀਕ ਆਪਣੇ ਥਾਂ ਤੋਂ ਉੱਠਿਆ ਪਰ ਸਾਰੇ ਇਸਰਾਏਲੀਆਂ ਦਿਆਂ ਟਿਕਾਣਿਆਂ ਵਿੱਚ ਚਾਨਣ ਸੀ।*

273 ਹੁਣ ਤੁਸੀਂ ਇੱਥੇ ਆਓ, ਅਤੇ ਇਸਤੇ ਧਿਆਨ ਦਿਓ, " ਅਤੇ ਸੂਰਜ ਵਾਲਾਂ ਦੇ ਭੂਰੇ ਵਰਗਾ ਕਾਲਾ ਹੋ ਗਿਆ। " ਇਹ ਉਹੋ ਹੀ ਚੀਜ ਹੈ। ਸ੍ਰਿਸ਼ਟੀ ਦੀਆਂ ਇਹ ਘਟਨਾਵਾਂ ;ਇਹ ਕੀ ਹਨ? ਇਹ ਕੀ ਹੈ? ਜਦ ਸਰਿਸ਼ਟੀ ਵਿੱਚ ਇਸ ਤਰ੍ਹਾਂ ਦੀਆਂ ਘਟਨਾਵਾਂ ਹੋਣ ਲੱਗਦੀਆਂ ਹਨ ਤਾਂ ਪ੍ਰਮੇਸ਼ੁਰ ਇਸਰਾਏ ਨੂੰ ਬੁਲਾ ਰਿਹਾ ਹੁੰਦਾ ਹੈ। ਸਮਝੇ? ਪ੍ਰਮੇਸ਼ੁਰ ਇਸਰਾਏਲ ਨੂੰ ਬੁਲਾ ਰਿਹਾ ਹੈ। ਹੁਣ ਵੇਖੋ, "ਸੂਰਜ ਵਾਲਾਂ ਦੇ ਭੂਰੇ ਵਰਗਾ ਕਾਲਾ ਹੋ ਗਿਆ। " ਹੁਣ ਉਸ ਵੇਲੇ ਪ੍ਰਮੇਸ਼ੁਰ ਇਸਰਾਏਲ ਨੂੰ ਉੱਥੋਂ ਛੁਡਾਉਣ ਵਾਲਾ ਸੀ। ਉਹ ਉਹਨਾਂ ਨੂੰ ਵੈਰੀਆਂ ਦੇ ਹੱਥੋਂ ਜੋ ਕਿ ਉਸ ਸਮੇਂ ਮਿਸਰ ਸੀ ਬਾਹਰ ਕੱਢ ਰਿਹਾ ਸੀ। ਹੁਣ ਇੱਥੇ ਉਹ ਉਹਨਾਂ ਨੂੰ ਰੋਮ ਦੇ ਹੱਥੋਂ ਛੁਡਾਵੇਗਾ ਜਦ ਕਿ ਉਹ ਉਸਦੇ ਨਾਲ ਨੇਮ ਬੰਨ੍ਹ ਚੁੱਕੇ ਹੋਣਗੇ। ਬਿਲਕੁੱਲ ਉਸੇ ਤਰ੍ਹਾਂ ਹੀ ਹੁੰਦਾ ਹੈ। ਜਿਸ ਵੇਲੇਂ ਇਹਨਾਂ ਮੁਸੀਬਤਾਂ ਨੂੰ ਬੁਲਾਇਆ ਜਾਂਦਾ ਹੈ, ਫਿਰ ਇਹ ਮੁਸੀਬਤਾਂ ਆਉਂਦੀਆਂ ਹਨ।

274 ਪਰਾਈਆਂ ਜਾਤੀਆਂ ਦੇ ਇਸ ਝੁੰਢ ਤੇ ਮੁਸੀਬਤ ਆਵੇਗੀ। ਜੇ ਸਾਡੇ ਕੋਲ ਸਮਾਂ ਹੁੰਦਾ ਤਾਂ ਮੈਂ ਤੁਹਾਨੂੰ ਵਿਖਾ ਸੱਕਦਾ ਸੀ ਕਿ ਗੈਰ ਕੋਮਾਂ ਦੀ ਉਸ ਕਲੀਸਿਯਾ ਦੇ ਨਾਲ ਕੀ ਹੋਣ ਜਾ ਰਿਹਾ ਹੈ।

275 ਬਾਈਬਲ ਨੇ ਆਖਿਆ ਹੈ ਕਿ, "ਅਤੇ ਅਜਗਰ, ਸ਼ੈਤਾਨ ਇਸਤਰੀ ਤੇ (ਯਹੂਦੀਆਂ ਨਾਲ, ਇਸਰਾਏਲ ਨਾਲ)ਗੁੱਸੇ ਵਿੱਚ ਆ ਗਿਆ। ਅਤੇ ਉਸਨੇ ਉਸਦੇ ਉੱਪਰ ਆਪਣੇ ਮੂੰਹ ਦੇ ਵਿੱਚੋਂ ਪਾਣੀ ਵਗਾਇਆ, ( ਲੋਕਾਂ ਦੀਆਂ ਭੀੜਾਂ ਅਤੇ ਮਹਾਇਣ )ਇਸਤਰੀ ਦੀ ਸੰਤਾਨ ਦੇ ਨਾਲ ਯੁੱਧ ਕਰਨ ਲਈ ਜਾਂਦੀਆਂ ਹਨ। " ਹੁਣ ਪ੍ਰਕਾਸ਼ ਦੀ ਪੋਥੀ 13 ਵੇਖੋ, ਤੁਸੀਂ ਇਹਨੂੰ ਉੱਥੇ ਵੇਖੋ, ਅਸੀਂ ਇਹਦਾ ਅਧਿਐਨ ਕਰ ਚੁੱਕੇ ਹਾਂ। ਅਤੇ ਇਸ ਤਰ੍ਹਾਂ ਤਦ ਹੁੰਦਾ ਹੈ ਜਦ ਇਸਰਾਏਲ ਆਪਣੀ ਭੇਜਦਾ ਹੈ .....ਮੇਰਾ ਮਤਲਬ ਹੈ ਕਿ ਰੋਮ ਰੋਮ ਉਸਦੇ ਬਾਕੀ ਬਚੇ ਹੋਏ ਲੋਕਾਂ ਦੇ ਪਿੱਛੇ .ਇਸਤਰੀ ਦੇ ਬਕੀਏ ਦੇ ਪਿੱਛੇ ਫੋਜ ਭੇਜਦਾ ਹੈ।

276 ਹੁਣ ਜਦ ਪਹਿਲੀ ਵਾਰ ਉਹ ਉਨ੍ਹਾਂ ਨੂੰ ਦੁਸ਼ਮਣ ਦੇ ਹੱਥਾਂ ਵਿੱਚੋਂ ਛੁਡਾ ਰਿਹਾ ਸੀ ਤਾਂ ਸੂਰਜ ਵਾਲਾਂ ਦੇ ਭੂਰੇ ਵਾਂਗ ਹੋ ਗਿਆ ਸੀ। ਅਜਿਹਾ ਇਹ ਦੂਸਰੀ ਵਾਰ ਕਸ਼ਟ ਕਾਲ ਦੇ ਸਮੇਂ ਦੇ ਅੰਤ ਵਿੱਚ ਹੁੰਦਾ ਹੈ।

277 ਹੁਣ ਦਾਨੀਏਲ ਦੀ 12 ਬਾਬ ਵਿੱਚ ਵੇਖੋ, ਜੇ ਸਾਡੇ ਕੋਲ ਸਮਾਂ ਹੁੰਦਾ ਤਾਂ ਅਸੀਂ ਇਹਨੂੰ ਪੜ੍ਹ ਸੱਕਦੇ ਸੀ। ਦਾਨੀਏਲ 12 ਆਇਤ --ਅਸਲ ਵਿੱਚ ਦਾਨੀਏਲ 12 ਬਾਬ। ਦਾਨੀਏਲ ਨੇ ਕਿਹਾ ਕਿ, "ਜਿਹੜਾ ਪੁਸਤਕ ਵਿੱਚ ਪਾਇਆ ਜਾਵੇਗਾ ਉਹ ਬਚ ਜਾਵੇਗਾ। " ਹੁਣ ਤੁਸੀਂ ਯਾਦ ਰੱਖੋ ਕਿ ਹੁਣ ਦਾਨੀਏਲ ਇਸ ਸਮੇਂ ਦੇ ਬਾਰੇ ਵਿੱਚ ਕਹਿ ਰਿਹਾ ਹੈ ਜਦ ਇਹ .....ਜਦ ਇਹ ਗੱਲ ਹੋਵੇਗੀ,



ਅਤੇ ਤੁਹਾਨੂੰ ਮਾਰ ਦੇਣਗੇ। " ਅਤੇ ਇਸੇ ਤਰ੍ਹਾਂ ਹੋਰ ਕਰਨਗੇ। ਵੇਖੋ, ਉਹ ਹੀ ਮੋਹਰ ਖੁੱਲ੍ਹ ਰਹੀ ਹੈ।

180 ਹੁਣ ਛੇਵੀਂ ਮੋਹਰ ਵਿੱਚ ਵੇਖੋ, ਇਸੇ ਦੇ ਉੱਤੇ ਹੀ ਹੁਣ ਅਸੀਂ ਆ ਰਹੇ ਹਾਂ। ਇਹ ਮੱਤੀ 24 ਬਾਬ ਦੀ 29 ਅਤੇ 30 ਆਇਤ ਵਿੱਚ ਪਾਈ ਜਾਂਦੀ ਹੈ। ਅਰ ਆਓ ਅਸੀਂ ਮੱਤੀ 24:29 ਅਤੇ 30 ਕੱਢੀਏ। ਅਸੀਂ ਇਸੇ ਤੇ ਹਾਂ।

ਹੁਣ ਅਸੀਂ ਪ੍ਰਕਾਸ਼ ਦੀ ਪੋਥੀ ਉਹਦਾ 6:12 ਤੋਂ 17 ਤੱਕ ਵੀ ਵੇਖਣ ਜਾ ਰਹੇ ਹਾਂ।

181 ਇਹ ਬਿਲਕੁੱਲ ਉਹ ਹੀ ਜੈ ਜਿਹੜਾ ਅਸੀਂ ਹੁਣੇ ਪੜ੍ਹਿਆ ਹੈ। ਹੁਣ ਇਹਨੂੰ ਸੁਣੋ ਕਿ ਯਿਸੂ ਨੇ ਮੱਤੀ 24:29 ਅਤੇ 30 - 24, ਆਓ 29 ਅਤੇ 30 ਆਇਤ ਲਈਏ।

*ਉਹਨਾਂ ਦਿਨਾਂ ਦੇ ਕਸ਼ਟ ਦੇ ਪਿੱਛੋਂ*

182 ਕੀ ਹੁੰਦਾ ਹੈ? ਜਦ ਉਹ ਇਸ ਕਸ਼ਟ ਤੋਂ ....... ਜਦ ਉਹ ਇਸ ਛੋਟੇ ਕਸ਼ਟ ਕਾਲ ਵਿੱਚ ਦੀ ਲੰਘ ਜਾਂਦੇ ਹਨ ਤਾਂ ਉਸ ਤੋਂ ਬਾਦ ਕੀ ਹੁੰਦਾ ਹੈ। ਵੇਖੋ ?

*ਝੱਟ ਸੂਰਜ ਹਨੇਰਾ ਹੋ ਜਾਵੇਗਾ ਅਤੇ ਚੰਦ ਆਪਣੀ ...ਚਾਨਣੀ ਨਾ ਦੇਵੇਗਾ ਅਰ ਤਾਰੇ ਅਕਾਸ਼ ਤੋਂ ਡਿੱਗ ਪੈਣਗੇ ਅਤੇ ਅਕਾਸ਼ ਦੀਆਂ ਸ਼ਕਤੀਆਂ ਹਿਲਾਈਆਂ ਜਾਣਗੀਆਂ।*

*ਤਦ ਮਨੁੱਖ ਦੇ ਪੁੱਤਰ ਦਾ ਨਿਸ਼ਾਨ ਅਕਾਸ਼ ਵਿੱਚ ਪ੍ਰਗਟ ਹੋਵੇਗਾ ਅਤੇ ਤਦੋਂ ਧਰਤੀ ਦੀਆਂ ਸਾਰੀਆਂ ਕੌਮਾਂ ਪਿੱਟਣਗੀਆਂ ਅਤੇ ਮਨੁੱਖ ਦੇ ਪੁੱਤਰ ਨੂੰ ਸਮਰੱਥਾ ਅਤੇ ਵੱਡੇ ਤੇਜ ਨਾਲ ਅਕਾਸ਼ ਦੇ ਬੱਦਲਾਂ ਉੱਤੇ ਆਉਂਦਿਆਂ ਵੇਖਣਗੀਆਂ।*

183 ਹੁਣ ਇੱਥੇ -ਇਸ ਛੇਵੀਂ ਮੋਹਰ ਨੂੰ ਜਿਸ ਤੇ ਕਿ ਅਸੀਂ ਠੀਕ ਇਸ ਵੇਲੇ ਹਾਂ ਪ੍ਰਕਾਸ਼ ਦੀ ਪੋਥੀ ਵਿੱਚੋਂ ਪੜ੍ਹਾਂਗੇ।

*ਜਾਂ ਉਹਨੇ ਛੇਵੀਂ ਮੋਹਰ ਤੋੜੀ ਤਾਂ ਮੈਂ ਡਿੱਠਾ ਅਤੇ ਵੱਡਾ ਭੁਚਾਲ ਆਇਆ ਅਤੇ ਸੂਰਜ ਵਾਲਾਂ ਦੇ ਭੂਰੇ ਵਰਗਾ ਕਾਲਾ ਹੋ ਗਿਆ ਅਤੇ ਸਾਰਾ ਚੰਦਰਮਾ ਲਹੂ ਜਿਹਾ ਬਣ ਗਿਆ।*

*ਅਤੇ ਅਕਾਸ਼ ਦੇ ਤਾਰੇ ਧਰਤੀ ਉੱਤੇ ਡਿੱਗ ਪਏ ਜਿਸ ਪ੍ਰਕਾਰ ਹੰਜੀਰ ਦੇ ਬੂਟੇ ਤੋਂ ਜਾਂ ਵੱਡੀ ਹਨੇਰੀ ਨਾਲ ਝੋਕੇ ਖਾਂਦਾ ਹੈ ਤਾਂ ਉਹਦੇ ਕੱਚੇ ਫਲ ਝੜ ਜਾਂਦੇ ਹਨ।*

*ਅਤੇ ਅਕਾਸ਼ ਵਲੇਟਵੀਂ ਪੋਥੀ ਵਾਂਗੂੰ ਸਰਕ ਗਿਆ ਅਤੇ ਹਰੇਕ ਪਹਾੜ ਅਤੇ ਟਾਪੂ ਆਪੋ-ਆਪਣੇ ਠਿਕਾਣਿਉਂ ਹਿੱਲ ਗਿਆ।*

*ਅਤੇ ਧਰਤੀ ਦੇ ਰਾਜਿਆਂ, ਅਮੀਰਾਂ, ਫੌਜ ਦੇ ਸਰਦਾਰਾਂ, ਧਨਵਾਨਾਂ, ਬਲਵੰਤਾਂ ਅਤੇ ਹਰੇਕ ਗੁਲਾਮ ਅਤੇ ਅਜ਼ਾਦ ਨੇ ਆਪਣੇ ਆਪ ਨੂੰ ਗੁਫਾਂ ਵਿੱਚ ਅਤੇ ਪਹਾੜਾਂ ਅਤੇ ਚਟਾਨਾਂ ਵਿੱਚ ਲੁਕੋ ਲਿਆ।*

*ਅਤੇ ਉਹ ਪਹਾੜਾਂ ਅਤੇ ਚਟਾਨਾਂ ਨੂੰ ਕਹਿਣ ਲੱਗੇ ਭਈ ਸਾਡੇ ਉੱਤੇ ਡਿੱਗ ਪਓ ਅਤੇ ਜਿਹੜਾ ਸਿੰਘਾਸਣ ਤੇ ਬਿਰਾਜਮਾਨ ਹੈ ਉਹਦੇ ਸਾਹਮਣਿਓ ਅਤੇ ਲੇਲੇ ਦੇ ਕ੍ਰੋਧ ਤੋਂ ਸਾਨੂੰ ਬਚਾ ਲਓ।*

*ਕਿਉਂ ਜੋ ਉਸਦੇ ਕ੍ਰੋਧ ਦਾ ਵੱਡਾ ਦਿਹਾੜਾ ਆ ਪਹੁੰਚਿਆ ਹੈ ! ਹੁਣ ਕੌਣ ਖਲੋ ਸੱਕਦਾ ਹੈ?*

184 ਹੁਣ ਆਓ ਅਸੀਂ ਇਹਨੂੰ ਮੱਤੀ 24:29 ਵਿੱਚੋਂ ਕੱਢੀਏ ਅਤੇ ਵੇਖੀਏ ਕਿ ਯਿਸੂ ਨੇ ਇੱਥੇ ਕੀ ਕਿਹਾ ਸੀ। ਸੁਣੋ, ਇਸ ਆਇਨਮੈਨ ਅਤੇ ਵਗੈਰਾ, ਵਗੈਰਾ ਤੋਂ ਬਾਦ ਕੀ ਹੁੰਦਾ ਹੈ।

*ਉਹਨਾਂ ਦਿਨਾਂ ਦੇ ਕਸ਼ਟ ਦੇ ਪਿੱਛੋਂ ਝੱਟ ਸੂਰਜ ਹਨੇਰਾ ਹੋ ਜਾਵੇਗਾ ਅਤੇ ਚੰਦ ਆਪਣੀ ਚਾਨਣੀ ਨਾ ਦੇਵੇਗਾ ਅਰ ਤਾਰੇ ਅਕਾਸ਼ ਤੋਂ ਡਿੱਗ ਪੈਣਗੇ ਅਤੇ ਅਕਾਸ਼ ਦੀਆਂ ਸ਼ਕਤੀਆਂ ਹਿਲਾਈਆਂ ਜਾਣਗੀਆਂ।*

*ਤਦ ਮਨੁੱਖ ਦੇ ਪੁੱਤਰ ਦਾ ਨਿਸ਼ਾਨ ਅਕਾਸ਼ ਵਿੱਚ ਪ੍ਰਗਟ ਹੋਵੇਗਾ ਅਤੇ ਤਦੋਂ ਧਰਤੀ ਦੀਆਂ ਸਾਰੀਆਂ ਕੌਮਾਂ ਪਿੱਟਣਗੀਆਂ ਅਤੇ ਮਨੁੱਖ ਦੇ ਪੁੱਤਰ ਨੂੰ ਸਮਰੱਥਾ ਅਤੇ ਵੱਡੇ ਤੇਜ ਨਾਲ ਅਕਾਸ਼ ਦੇ ਬੱਦਲਾਂ ਉੱਤੇ ਆਉਂਦਿਆਂ ਵੇਖਣਗੀਆਂ।*

*ਅਤੇ ਉਹ ਤੁਰ੍ਹੀ ਦੀ ਵੱਡੀ ਅਵਾਜ ਨਾਲ ਆਪਣੇ ਦੂਤਾਂ ਨੂੰ ਭੇਜੇਗਾ ਅਰ ਉਹ ਚੌਹਾਂ ਕੂੰਟਾਂ ਤੋਂ ਅਕਾਸ਼ ਦੇ ਉਸ ਸਿਰੇ ਤੋਂ ਲੈ ਕੇ ਐਸ ਸਿਰੇ ਤੀਕਰ ਉਹਦੇ ਚੁਣਿਆਂ ਹੋਇਆਂ ਨੂੰ ਇਕੱਠਿਆਂ ਕਰਨਗੇ।*

185 ਵੇਖੋ, ਜੋ ਪ੍ਰਭੂ ਯਿਸੂ ਨੇ ਮੱਤੀ 24 ਵਿੱਚ ਕਿਹਾ ਸੀ ਉਹਦੀ ਤੁਲਨਾ ਉਸ ਦੇ ਨਾਲ ਕਰਨ ਤੇ ਜੋ ਪ੍ਰਕਾਸ਼ ਦੀ ਪੋਥੀ ਦੇ ਲਿਖਾਰੀ ਛੇਵੀਂ ਮੋਹਰ ਵਿੱਚ ਖਲ੍ਹਿਆ ਹੈ, ਉਸ ਤੋਂ ਇਹ ਸਾਫ ਹੁੰਦਾ ਹੈ ਕਿ ਇਹ ਬਿਲਕੁੱਲ ਠੀਕ-ਠੀਕ ਮੇਲ ਖਾਂਦਾ ਹੈ। ਅਤੇ ਯਿਸੂ ਮਸੀਹ ਕਸ਼ਟ ਦੇ ਸਮੇਂ ਬਾਰੇ ਕਹਿ ਰਿਹਾ ਹੈ। [ਭਾਈ ਬ੍ਰਾਨਹਾਮ ਪੁਲਪਿਟ ਨੂੰ ਤਿੰਨ ਵਾਰ ਖੜਕਾਉਂਦੇ ਹਨ-ਸੰਪਾ] ਸਮਝੇ?

186 ਪਹਿਲਾਂ ਉਹਨਾਂ ਪੁੱਛਿਆ ਕਿ ਇਹ ਗੱਲਾਂ ਕਦ ਹੋਣਗੀਆਂ, ਕਦੋਂ ਹੈਕਲ ਤੇ ਚੜ੍ਹਾਈ ਕੀਤੀ ਜਾਵੇਗੀ। ਉਹਨੇ ਇਹਦਾ ਉੱਤਰ ਦਿੱਤਾ। ਇਸ ਤੋਂ ਬਾਦ ਅਗਲੀ ਗੱਲ ਉਹਨਾਂ ਪੁੱਛੀ ਕਿ ਕਦ ਉਹ ਸਮਾਂ ਆਏਗਾ ਜਦ .......ਸ਼ਹੀਦੀ ਯੁੱਗ ਆਉਂਦਾ ਹੈ। ਅਤੇ ਇਹ ਕਦ ਹੋਵੇਗਾ; ਕਦੋਂ ਮਸੀਹ ਵਿਰੋਧੀ ਉੱਠ ਖੜਾ ਹੋਵੇਗਾ ;ਅਤੇ ਕਦ ਮਸੀਹ ਵਿਰੋਧੀ ਹੈਕਲ ਨੂੰ ਕਰੇਗਾ।

187 ਦਾਨੀਏਲ, ਕਿਵੇਂ ਅਸੀਂ ਪਿੱਛੇ ਜਾ ਸੱਕਦੇ ਹਾਂ ਅਤੇ ਦਾਨੀਏਲ ਨੂੰ ਲੈ ਸੱਕਦੇ ਹਾਂ, ਜਦ ਉਹਨੇ ਇਹ ਆਖਿਆ ਸੀ ਕਿ ਇੱਕ ਰਾਜ ਕੁਮਾਰ ਆਵੇਗਾ। ਤੁਸੀਂ ਪਾਠਕ ਇਹਨੂੰ ਜਾਣਦੇ ਹੋ। ਅਤੇ ਉਹਨੂੰ ਕੀ ਕਰਨਾ ਚਾਹੀਦਾ ਹੈ?ਉਹ ਨਿੱਤ ਦੀ ਬਲੀ ਨੂੰ ਬੰਦ ਕਰ ਦੇਵੇਗਾ, ਅਤੇ ਉਹ ਸੱਭ ਕੁਝ ਕਰੇਗਾ ਜੋ ਉਸ ਸਮੇਂ ਦੇ ਦੌਰਾਨ ਹੋਵੇਗਾ। ਕਿਹਾ .....

188 ਇੱਥੋਂ ਤੱਕ ਕਿ ਪ੍ਰਭੂ ਯਿਸੂ ਵੀ ਇੱਥੇ ਇਸਦੇ ਬਾਰੇ ਵਿੱਚ ਕਹਿ ਰਿਹਾ ਹੈ, ਤੁਸੀਂ ਇਸ ਤੇ ਨਿਸ਼ਾਨੀ ਲਗਾ ਲਓ, ਉਸਨੇ ਕਿਹਾ, ਜਦ ਤੁਸੀਂ ਉਜਾੜਨ ਵਾਲੀ ਉਸ ਘਿਣਾਉਣੀ ਵਸਤੂ ਨੂੰ ਜਿਹਦੇ ਬਾਰੇ ਵਿੱਚ ਦਾਨੀਏਲ ਨਬੀ ਨੇ ਬੋਲਿਆ ਸੀ ਉਸ ਪਵਿੱਤਰ ਸਥਾਨ ਵਿੱਚ ਖਲੋਤੀ ਹੋਈ ਵੇਖੋ। [ਭਾਈ ਬ੍ਰਾਨਹਾਮ ਪੁਲਪਿਟ ਨੂੰ ਤਿੰਨ ਵਾਰ ਖੜਕਾਉਂਦੇ ਹਨ-ਸੰਪਾ] ਇਹ ਕੀ ਹੈ? ਓਮਾਰ ਦੀ ਮਸੀਤ, ਉਹਨਾਂ ਨੇ ਇਹਨੂੰ ਹੈਕਲ ਦੀ ਥਾਂ ਤੇ ਤਦ ਖੜਾ ਕੀਤਾ ਜਦ ਉਹਨਾਂ ਨੇ ਹੈਕਲ ਨੂੰ ਅੱਗ ਲਗਾ ਕੇ ਸੁੱਟ ਦਿੱਤਾ। ਯਿਸੂ ਨੇ ਕਿਹਾ ਸੀ, "ਜਿਹੜੇ ਪਹਾੜਾਂ ਤੇ ਹੋਣ ਉਹ .......ਜਿਹੜੇ ਛੱਤ ਤੇ ਹੋਣ

265 ਪਰ ਹੁਣ ਅਸੀਂ ਵੇਖਦੇ ਹਾਂ ਕਿ ਉਸ ਸੰਕਟ ਦੇ ਵੇਲੇ ਉਸ ਇਸਰਾਏਲ ਨੇ, ਜਦ ਉਹ ਯਕੂਬ ਸੀ, ਘੋਲ ਕੀਤਾ .....ਉਸਨੇ ਕਿਸੇ ਅਜਿਹੀ ਚੀਜ਼ ਨੂੰ ਹੱਥ ਪਾ ਲਿਆ ਜੋ ਕਿ ਅਸਲੀ ਸੀ। ਉੱਥੇ ਇੱਕ ਆਦਮੀ ਜੋ ਹੇਠਾਂ ਆਇਆ ਸੀ। ਯਕੂਬ ਨੇ ਉਸ ਆਦਮੀਂ ਦੇ ਦੁਆਲੇ ਆਪਣੀਆਂ ਬਾਹਾਂ ਪਾਈਆਂ ਅਤੇ ਉਹ ਉੱਥੇ ਹੀ ਰੁਕਿਆ ਰਿਹਾ। ਅਤੇ ਉਸ ਆਦਮੀ ਨੇ ਕਿਹਾ, "ਹੁਣ ਮੈਨੂੰ ਜਾਣ ਦੇਹ। ਦਿਨ ਨਿੱਕਲ ਰਿਹਾ ਹੈ। " ਔਹ, ਇਹ ਦਿਨ ਦਾ ਚੜ੍ਹਨਾ ਹੈ। ਸਮਝੇ ? ਦਿਨ ਚੜ੍ਹਨ ਵਾਲਾ ਹੈ।

266 ਪਰ ਯਕੂਬ ਨੇ ਕਿਹਾ, " ਮੈਂ ਤੈਨੂੰ ਨਹੀਂ ਜਾਣ ਦਿਆਂਗਾ। ਤੂੰ ਨਹੀਂ ਜਾ ਸੱਕਦਾ ਹੈਂ। ਮੈਂ ਤਾਂ ਤੇਰੇ ਨਾਲ ਹੀ ਰਹਾਂਗਾ। " ਸਮਝੇ? ਮੈਂ ਚਾਹੁੰਦਾ ਹਾਂ ਕਿ ਇੱਥੇ ਮੇਰੇ ਲਈ ਚੀਜ਼ਾਂ ਬਦਲ ਜਾਣ।

267 ਉਹ ਇੱਕ ਲੱਖ ਚੁਤਾਲੀ ਹਜ਼ਾਰ ਹਨ,ਪੈਸੇ ਦੀ ਵਿਉਂਤ ਬਣਾਉਣ ਵਾਲਾ ਟੋਲਾ ਅਤੇ ਹੋਰ ਏਦਾਂ ਦੀਆਂ ਚੀਜ਼ਾਂ। ਉਹ ਜਦ ਅਸਲੀ ਅਤੇ ਸੱਚੀ ਚੀਜ਼ ਨੂੰ ਵੇਖ ਲੈਣਗੇ ਤਾਂ ਉਹ ਉਹਨੂੰ ਘੁੱਟ ਕੇ ਫੜ ਲੈਣਗੇ। ਉੱਥੇ ਮੂਸਾ ਅਤੇ ਏਲੀਯਾਹ ਖੜ੍ਹੇ ਹੋਣਗੇ। ਆਮੀਨ। ਅਤੇ ਉਹ ਪ੍ਰਮੇਸ਼ੁਰ ਦੇ ਨਾਲ ਤਦ ਤੱਕ ਘੋਲ ਕਰਨਗੇ ਜਦ ਤੱਕ ਕਿ ਇਸਰਾਏਲ ਦੇ ਗੋਤਾਂ ਵਿੱਚੋਂ ਇੱਕ ਲੱਖ ਚੁਤਾਲੀ ਹਜਾਰ ਨੂੰ ਬੁਲਾ ਨਹੀਂ ਲਿਆ ਜਾਂਦਾ ਹੈ।

268 ਵੇਖੋ ਇਹ ਕਸ਼ਟ ਦੇ ਸਮੇਂ ਤੋਂ ਬਿਲਕੁੱਲ ਪਹਿਲਾਂ ਹੋਵੇਗਾ, ਸਮਝੇ, ਔਹ ਇਹ ਕਿੰਨਾ ਸ਼ਾਨਦਾਰ ਹੈ। ਜਿਵੇਂ ਕਿ ਯਕੂਬ ਦੀਆਂ ਮੁਸੀਬਤਾਂ।

269 ਇਹ ਤਦ ਹੁਦਾ ਹੈ ਜਦੋਂ ਇੱਕ ਲੱਖ ਚੁਤਾਲੀ ਹਜ਼ਾਰ ਨੂੰ ਬੁਲਾਇਆ ਜਾਂਦਾ ਹੈ। ਉਹ ਪ੍ਰਚਾਰਕ, ਉਹ ਦੋ ਨਬੀ ਯੂਹੰਨਾ ਬਪਤਿਸਮਾ ਦੇਣ ਵਾਲੇ ਦੇ ਵਾਂਗੂੰ ਪ੍ਰਚਾਰ ਕਰਦੇ ਹਨ, " ਸੁਰਗ ਦਾ ਰਾਜ ਨੇੜੇ ਹੈ। ਇਸਰਾਏਲ ਤੋਬਾ ਕਰ। " ਕਿਸ ਤੋਂ ਤੋਬਾ ਕਰ ? ਆਪਣੇ ਪਾਪਾਂ ਤੋਂ, ਆਪਣੀ ਬੇਪ੍ਰਤੀਤੀ ਤੋਂ ਤੋਬਾ ਕਰ ਅਤੇ ਮੁੜ ਪ੍ਰਮੇਸ਼ੁਰ ਦੇ ਕੋਲ ਆ ਜਾਹ। "

270 ਹੁਣ ਆਓ ਇੱਥੇ ਕੁਝ ਯਾਦ ਰੱਖੀਏ। ਕੁਦਰਤ ਦੇ ਨਾਲ ਇਹ ਮਹਾਨ ਘਟਨਾਵਾਂ ਪਹਿਲਾਂ ਹੀ ਬੀਤ ਚੁੱਕੀਆਂ ਹਨ। ਇੱਥੇ ਇਸ 12ਵੀਂ ਆਇਤ ਵਿੱਚ ਵੇਖੋ, "ਸੂਰਜ ਵਾਲਾਂ ਦੇ ਭੂਰੇ ਵਰਗਾ ਕਾਲਾ ਹੋ ਗਿਆ। " ਹੁਣ ਇਹਦੀ ਤੁਲਨਾ ਕਰੋ।

271 ਹੁਣ ਯਾਦ ਰੱਖੋ, ਇਹ ਗੈਰ ਕੌਮਾਂ ਦੇ ਸਮੇਂ ਦੇ ਦੌਰਾਨ ਨਹੀਂ ਹੁਦਾ ਹੈ। ਇਹ ਤਾਂ ਇਸਰਾਏਲ ਵਿੱਚ ਹੁੰਦਾ ਹੈ। ਆਓ ਮੈਂ ਤੁਹਾਨੂੰ ਵਿਖਾਉਂਦਾ ਹਾਂ। ਹੁਣ ਯਾਦ ਰੱਖੋ ਜਿਵੇਂ ਕਿ ਮੈਂ ਤੁਹਾਨੂੰ ਕਿਹਾ ਸੀ ਕਿ ਇਹ ਇੱਕ ਲੱਖ ਚੁਤਾਲੀ ਹਜ਼ਾਰ ਨੂੰ ਬੁਲਾਇਆ ਜਾਣਾ ਹੈ। ਸਮਝੇ? ਹੁਣ ਇਹ ਉਸ ਵੇਲੇ ਹੁੰਦਾ ਹੈ ਜਦ ਕਸ਼ਟ ਦਾ ਸਮਾਂ ਹੈ। ਅਤੇ ਇਹ ਦੱਸਦਾ ਹੈ ਕਿ ਇਸ ਕਸ਼ਟ ਦੇ ਸਮੇਂ ਵਿੱਚ ਕੀ ਹੁੰਦਾ ਹੈ।

272 ਹੁਣ ਆਓ ਅਸੀਂ ਕੂਚ 10:21-23 ਕੱਢੀਏ। ਅਤੇ ਇੱਥੇ ਵੇਖੀਏ, ਜਦ ......ਜਦ ਇਸਰਾਏਲ ਦਾ ਕੂਚ ਹੋਣ ਵਾਲਾ ਸੀ, ਜਦ ਇਸਰਾਏਲ ਬਾਹਰ ਨਿੱਕਲਣ ਵਾਲਾ ਸੀ, ਜਦੋਂ ਇਸਰਾਏਲ ਨੂੰ ਬਾਹਰ ਕੱਢਿਆ ਜਾਣਾ ਸੀ। ਕੂਚ 10ਬਾਬ ਦੀ 21 ਵੀਂ ਅਤੇ 23ਵੀ ਆਇਤ। ਜਦੋਂ ਮੈਂ ਇਹਨਾਂ ਲਿਖਤਾਂ ਨੂੰ ਲਿਖ ਰਿਹਾ ਸੀ ਤਾਂ ਮੈਂ ਬਹੁਤ ਹੀ ਉਤੇਜਨਾ ਵਿੱਚ ਸੀ ਅਤੇ ਚੀਕਾਂ ਅਤੇ ਸ਼ੋਰ ਮਚਾ ਰਿਹਾ ਸੀ ਅਤੇ ਹੋ ਸੱਕਦਾ ਹੈ ਕਿ ਇਹਨਾਂ ਨੂੰ ਦੂਜਿਆਂ ਵਿੱਚ ਰਲਾ ਦਿੱਤਾ ਹੋਵੇ। ਠੀਕ ਹੈ। ਕੂਚ 10:21-23 ਠੀਕ ਹੈ ਅਸੀਂ 21ਵੀਂ ਆਇਤ ਤੋਂ 23ਵੀਂ ਆਇਤ ਤੱਕ ਪੜ੍ਹਾਂਗੇ।

257 ਪ੍ਰੰਤੂ ਜਿਹਨਾ ਦੇ ਨਾਮ ਲੇਲੇ ਦੇ ਜੀਵਨ ਦੀ ਪੋਥੀ ਵਿੱਚ ਲਿਖੇ ਹੋਏ ਹਨ ਪ੍ਰਮੇਸ਼ੁਰ ਉਹਨਾਂ ਨੂੰ ਬੁਲਾਏਗਾ। ਉਹ ਇਸਨੂੰ ਸੁਣਨਗੇ। ਯਿਸੂ ਨੇ ਕਿਹਾ ਸੀ, "ਮੇਰੀ ਭੇਡ ਮੇਰੀ ਅਵਾਜ਼ ਸੁਣਦੀ ਹੈ। " ਅਸੀਂ ਬਸ ਇੱਕ ਹੀ ਕੰਮ ਕਰਨਾ ਹੈ ਉਹ ਇਹ ਕਿ ਅਸੀਂ ਭੇਡ ਦਾ ਸੱਦਾ ਦਈਏ। ਬੱਕਰੀਆਂ ਇਹਨੂੰ ਨਹੀਂ ਜਾਣਦੀਆਂ ਹਨ ਪ੍ਰੰਤੂ ਧਿਆਨ ਰੱਖੋ ਕਿ ਤੁਸੀਂ ਭੇਡਾਂ ਵਾਲਾ ਸੱਦਾ ਦਿਓ। "ਮੇਰੀ ਭੇਡ ਮੇਰੀ ਅਵਾਜ਼ ਸੁਣਦੀ ਹੈ। " ਕਿਉਂ? ਅਵਾਜ਼ ਕੀ ਹੈ? ਮੈਂ ਤੁਹਾਨੂੰ ਦੱਸਣਾ ਚਾਹੁੰਦਾ ਹਾਂ ਕਿ ਅਵਾਜ਼ ਕੀ ਹੈ। ਅਵਾਜ਼ ਇੱਕ ਆਤਮਿਕ ਚਿੰਨ੍ਹ ਹੈ।

258 ਉਸਨੇ ਮੂਸਾ ਨੂੰ ਆਖਿਆ, " ਜੇ ਉਹ ਪਹਿਲੇ ਚਿੰਨ੍ਹ ਦੀ ਅਵਾਜ਼ ਨੂੰ ਨਹੀਂ ਸੁਣਦੇ ਤਾਂ ਉਹ ਦੂਸਰੇ ਚਿੰਨ੍ਹ ਦੀ ਅਵਾਜ਼ ਨੂੰ ਸੁਣਨਗੇ। "

259 "ਮੇਰੀ ਭੇਡ ਮੇਰੀ ਅਵਾਜ ਸੁਣਦੀ ਹੈ। " ਜਦ ਇਹ ਘਟਨਾਵਾਂ ਅੰਤ ਦੇ ਦਿਨਾਂ ਵਿੱਚ ਹੁੰਦੀਆਂ ਵਿਖਣ ਤਾਂ ਪ੍ਰਮੇਸ਼ੁਰ ਦੀ ਭੇਡ ਉਸਨੂੰ ਪਛਾਣਦੀ ਹੈ। ਹਾਂ ਜੀ ਸ਼੍ਰੀਮਾਨ। ਸਮਝੇ? ਉਹ ਇਹਨੂੰ ਪਛਾਣਦੀ ਹੈ। "ਮੇਰੀ ਭੇਡ ਮੈਨੂੰ ਜਾਣਦੀ ਹੈ। " ਸਮਝੇ? ਉਹ ਓਪਰੇ ਦੇ ਪਿੱਛੇ ਨਹੀਂ ਜਾਣਗੀਆਂ। " ਉਹਨਾਂ ਓਪਰਿਆਂ ਦੇ ਪਿੱਛੇ ਨਾ ਜਾਣਾ। ਇਹਨੇ ਤਾਂ ਇਹਨਾਂ ਦਿਨਾਂ ਦਾ ਪ੍ਰਮਾਣਤ ਕੀਤਾ ਹੋਇਆ ਚਿੰਨ੍ਹ ਹੋਣਾ ਹੈ ਅਤੇ ਉਹ ਇਹਨੂੰ ਵੇਖਦੇ ਹਨ। ਹੁਣ ਧਿਆਨ ਦਿਓ।

260 ਹੁਣ, ਜਿਉਂ ਜਿਉਂ ਯਕੂਬ ਆਉਂਦਾ ਹੈ, ਸੱਭ ਤੋਂ ਪਹਿਲੀ ਗੱਲ ਤੁਸੀਂ ਜਾਣਦੇ ਹੋ, ਉਸਦੇ ਦਿਲ ਵਿੱਚ ਵਾਪਸ ਆਪਣੇ ਦੇਸ਼ ਨੂੰ ਆਉਣ ਦੀ ਇੱਛਾ ਸੀ।

261 ਔਹ, ਬਿਲਕੁੱਲ ਠੀਕ ਇਹੋ ਹੀ ਹੈ ਜੋ ਇਸਰਾਏਲ ਨੇ ਕੀਤਾ ਸੀ। ਉਹ ਹੈ ; ਉਹ ਹੈ ......ਉਹ ਇਸਰਾਏਲ ਹੈ। ਯਕੂਬ ਇਸਰਾਏਲ ਹੈ। ਤੁਹਾਨੂੰ ਪਤਾ ਹੈ ਕਿ ਉਸਦਾ ਨਾਮ ਬਦਲਿਆ ਗਿਆ ਸੀ। ਸਮਝੇ? ਅਤੇ ਉਹ ਸੀ .....

262 ਉਹ ਉੱਥੇ ਬਾਹਰ ਪਹੁੰਚਿਆ ਅਤੇ ਜਿੰਨਾ ਵੀ ਧਨ ਉਸਦੇ ਕੋਲ ਸੀ ਉਸਨੇ ਆਪਣਾ ਸਾਰਾ ਧਨ ਲਿਆ ਅਤੇ ਜਿਸ ਕਿਸੇ ਵੀ ਢੰਗ ਦੇ ਨਾਲ ਉਹ ਆਪਣੇ ਸਾਕਾਂ ਕੋਲੋਂ ਜਾਂ ਕਿਸੇ ਹੋਰ ਕੋਲੋਂ ਕੁਝ ਲੈ ਸੱਕਦਾ ਸੀ ਉਸਨੇ ਲਿਆ। ਠਗ ਕੇ, ਝੂਠ ਬੋਲ ਕੇ, ਚੋਰੀ ਕਰਕੇ ਜਿਸ ਤਰ੍ਹਾਂ ਵੀ ਉਹ ਇਹ ਲੈ ਸੱਕਦਾ ਸੀ ਉਸਨੇ ਇਹਨੂੰ ਲੈ ਲਿਆ। ਸਮਝੇ? ਉਸਨੇ ਤਾਂ ਬਸ ਇਹਨੂੰ ਲੈ ਲਿਆ ਸੀ।

263 ਅਤੇ ਫਿਰ ਜਦ ਉਹ ਵਾਪਸ ਘਰ ਆਉਣ ਲੱਗਾ ਤਾਂ ਉਸਦੇ ਅੰਦਰ ਵਾਪਸ ਘਰ ਆਉਣ ਦੀ ਇੱਛਾ ਪਾਈ ਜਾਂਦੀ ਸੀ। ਪ੍ਰੰਤੂ ਜਿਉਂ ਹੀ ਉਹਨੇ ਵਾਪਸ ਆਉਣਾ ਸ਼ੁਰੂ ਕੀਤਾ, ਜਦ ਉਹ ਵਾਪਸ ਆਉਂਦੇ ਵੇਲੇ ਆਪਣੇ ਰਾਹ ਤੇ ਸੀ ਤਾਂ ਉਸਨੇ ਪ੍ਰਮੇਸ਼ੁਰ ਦੇ ਨਾਲ ਮੁਲਾਕਾਤ ਕੀਤੀ ਅਤੇ ਇਸ ਤੋਂ ਬਾਦ ਉਸਦਾ ਨਾਮ ਬਦਲ ਗਿਆ ਸੀ। ਸਮਝੇ? ਪ੍ਰੰਤੂ ਇਸ ਸਮੇਂ ਦੇ ਦੌਰਾਨ ਉਹ ਬਹੁਤ ਚਿੰਤਾ ਵਿੱਚ ਸੀ ਕਿਉਂਕਿ ਉਹ ਡਰਦਾ ਸੀ ਕਿ ਏਸਾਊ ਉਸਦਾ ਪਿੱਛਾ ਕਰੇਗਾ। ਸਮਝੇ?

264 ਹੁਣ ਪੈਸੇ ਉੱਤੇ ਝਾਤੀ ਮਾਰੋ, ਵੇਖੋ ਇਹ ਬਿਲਕੁੱਲ ਉਸੇ ਤਰ੍ਹਾਂ ਹੀ ਹੈ ਜਿਵੇਂ ਯਹੂਦੀ ਰੋਮ ਦੇ ਨਾਲ ਇਸ ਨੇਮ ਨੂੰ ਬੰਨ੍ਹਦੇ ਹਨ,ਆਪਣੇ ਪੈਸੇ ਦੇ ਪ੍ਰਸਤਾਵ ਵਿੱਚ। ਹੁਣ ਇਸਤੇ ਧਿਆਨ ਦਿਓ। ਉਸ ਏਸਾਊ ਨੂੰ ਉਸਦੇ ਧਨ ਦੀ ਲੋੜ ਨਹੀਂ ਸੀ, ਅਤੇ ਨਾ ਹੀ ਰੋਮ ਨੂੰ ਹੈ। ਉਸਦੇ ਹੱਥ ਵਿੱਚ ਤਾਂ ਸਾਰੇ ਸੰਸਾਰ ਦਾ ਧਨ ਪਾਇਆ ਜਾਂਦਾ ਹੈ। ਸਮਝੇ? ਪ੍ਰੰਤੂ ਇਹਦੇ ਨਾਲ ਕੰਮ ਨਹੀਂ ਬਣਿਆ।



ਆਪਣੇ ਘਰ ਮਾਲ ਅਸਬਾਬ ਲੈਣ ਲਈ ਨਾ ਆਉਣ ਅਤੇ ਜਿਹੜੇ ਖੇਤ ਵਿੱਚ ਹੋਣ ਵਾਪਸ ਨਾ ਪਰਤਣ। ਕਿਉਂਕਿ ਉਹ ਕਲੇਸ਼ ਦਾ ਸਮਾਂ ਹੋਵੇਗਾ। " ਕੀ ਤੁਸੀਂ ਸਮਝੇ? ਅਤੇ ਇਹ ਸੱਭ ਗੱਲਾਂ ਹੋਣਗੀਆਂ। ਹੁਣ ਤੁਸੀਂ ਇਹਨਾਂ ਸਾਰੀਆਂ ਗੱਲਾਂ ਨੂੰ ਲੈ ਕੇ ਆਓ ਅਤੇ ਛੇਵੀਂ ਮੋਹਰ ਦੇ ਖੁੱਲ੍ਹਣ ਤੇ ਦੁਬਾਰਾ ਇਸਦੀ ਤੁਲਨਾ ਕਰੋ ਅਤੇ ਇਸਨੂੰ ਪ੍ਰਮਾਣਿਤ ਕਰੋ।

189 ਹੁਣ ਮੈਂ ਤੁਹਾਡੇ ਕੋਲੋਂ ਚਾਹੁੰਦਾ ਹਾਂ ਕਿ ਤੁਸੀਂ ਧਿਆਨ ਦਿਓ। ਯਿਸੂ .......ਹੁਣ ਕੱਲ ਰਾਤ ਇਸਦੇ ਬਾਰੇ, ਯਿਸੂ ਨੇ ਸੱਤਵੀਂ ਮੋਹਰ ਤੇ ਸਿੱਖਿਆ ਨਹੀਂ ਦਿੱਤੀ ਸੀ। ਇਹ ਇੱਥੇ ਨਹੀਂ ਹੈ। ਵੇਖੋ, ਇਸ ਤੋਂ ਬਾਦ ਉਹ ਦ੍ਰਿਸ਼ਟਾਤਾਂ ਵਿੱਚ ਗੱਲਾਂ ਕਰਨੀਆਂ ਸ਼ੁਰੂ ਕਰ ਦਿੰਦਾ ਹੈ। ਅਤੇ ਯੂਹੰਨਾ ਨੇ ਵੀ ਸੱਤਵੀਂ ਮੋਹਰ ਨੂੰ ਛੱਡ ਦਿੱਤਾ। ਸੱਤਵੀਂ ਮੋਹਰ -ਆਖਰੀ ਮੋਹਰ ਇੱਕ ਬਹੁਤ ਵੱਡੀ ਘਟਨਾ ਹੋਵੇਗੀ। ਇੱਥੋਂ ਤੱਕ ਕਿ ਇਹ ਲਿਖੀ ਹੋਈ ਵੀ ਨਹੀਂ ਹੈ। ਉਹਨਾਂ ਦੋਹਾਂ ਨੇ ਹੀ ਸੱਤਵੀਂ ਮੋਰਹ ਛੱਡ ਦਿੱਤੀ ਸੀ। ਅਤੇ ਪ੍ਰਕਾਸ਼ ਦੀ ਪੋਥੀ ਦਾ ਲਿਖਾਰੀ, ਜਦ ਪ੍ਰਮੇਸ਼ੁਰ ਨੇ ਬਸ ਏਨਾ ਹੀ ਆਖਿਆ .......ਯੂਹੰਨਾ ਨੇ ਕਿਹਾ ਸੀ, ਸੁਰਗ ਵਿੱਚ ਅੱਧੇ ਕੁ ਘੰਟੇ ਦੀ ਚੁੱਪਚਾਣ ਛਾ ਗਈ। " ਯਿਸੂ ਨੇ ਇਹਦੇ ਬਾਰੇ ਵਿੱਚ ਇੱਕ ਸ਼ਬਦ ਵੀ ਨਹੀਂ ਕਿਹਾ।

190 ਧਿਆਨ ਦਿਓ, ਆਓ ਵਾਪਿਸ 12 ਆਇਤ ਵੱਲ ਮੁੜੀਏ -ਧਿਆਨ ਦਿਓ ਕੋਈ ਵੀ ਜੰਤੂ ਨਹੀਂ ਹੈ। ਇਹ 12ਵੀਂ ਆਇਤ ਹੀ ਹੈ ਜਿੱਥੋਂ ਸਾਡੀ ਮੋਹਰ ਸ਼ੁਰੂ ਹੁੰਦੀ ਹੈ, ਇੱਥੇ ਹੀ ਅਸੀਂ ਇਹਨੂੰ ਖੁੱਲ੍ਹਦੀ ਹੋਈ ਨੂੰ ਵੇਖਦੇ ਹਾਂ। ਇੱਥੇ ਜੰਤੂ ਵਰਗੀ ਕੋਈ ਵੀ ਜੀਉਂਦੀ ਸ੍ਰਿਸ਼ਟ ਜਾਂ ਪ੍ਰਾਣੀ ਵਰਗੀ ਕੋਈ ਚੀਜ਼ ਦਰਸਾਈ ਹੋਈ ਨਹੀਂ ਹੈ ਜਿਵੇਂ ਕਿ ਪੰਜਵੀਂ ਮੋਹਰ ਵਿੱਚ ਵੀ ਨਹੀਂ ਹੈ। ਕਿਉਂ? ਕਿਉਂਕਿ ਇਹ ਤਾਂ ਖੁਸ਼ਖਬਰੀ ਦੇ ਯੁੱਗ ਦੇ ਦੂਜੇ ਪਾਸੇ, ਕਸ਼ਟ ਦੇ ਸਮੇਂ ਵਿੱਚ ਵਾਪਰਦੀ ਹੈ। ਇਹ ਛੇਵੀਂ ਮੋਹਰ ਕਸ਼ਟ ਕਾਲ ਦਾ ਸਮਾਂ ਹੈ। ਇਹੋ ਕੁਝ ਹੀ ਇਸਦੇ ਵਿੱਚ ਘਟਦਾ ਹੈ। ਇਸ ਵੇਲੇ ਲਾੜੀ ਜਾ ਚੁੱਕੀ ਹੁੰਦੀ ਹੈ। ਸਮਝੇ?ਇਸ ਵੇਲੇ ਉੱਥੇ ਕੋਈ ਵੀ ਜੀਉਂਦਾ ਪ੍ਰਾਣੀ ਨਹੀਂ ਸੀ ਅਤੇ ਨਾ ਹੀ ਕੋਈ ਹੋਰ ਚੀਜ਼ ਸੀ ਜੋ ਇਹਨੂੰ ਕਹੇ। ਇਹ ਤਾਂ ਬਸ ......ਹੁਣ ਇਸ ਸਮੇਂ ਖੁਦਾ ਆਪਣੀ ਕਲੀਸਿਯਾ ਨਾਲ ਵਿਵਹਾਰ ਨਹੀਂ ਕਰ ਰਿਹਾ ਹੈ ਕਿਉਂਕਿ ਉਹ ਤਾਂ ਜਾ ਚੁੱਕੀ ਹੈ।

191 ਉਹ ਇਸਰਾਈਲ ਦੇ ਨਾਲ ਵਿਵਹਾਰ ਕਰ ਰਿਹਾ ਹੈ। ਵੇਖੋ, ਸਮਝੇ? ਇਹ ਤਾਂ ਦੂਸਰੇ ਪਾਸੇ ਹੈ। ਇਹ ਤਦ ਹੁੰਦਾ ਹੈ ਜਦ ਇਸਰਾਈਲ ਪ੍ਰਕਾਸ਼ ਦੀ ਪੋਥੀ 11 ਬਾਬ ਦੇ ਦੋ ਗਵਾਹਾਂ ਕੋਲੋਂ ਪ੍ਰਮੇਸ਼ੁਰ ਦੇ ਰਾਜ ਦਾ ਸੰਦੇਸ਼ ਕਬੂਲ ਕਰਦਾ ਹੈ। ਯਾਦ ਰਹੇ, ਇਸਰਾਏਲ ਇੱਕ ਕੌਮ ਹੈ, ਉਹ ਪ੍ਰਮੇਸ਼ੁਰ ਦਾ ਦਾਸ ਹੈ। ਅਤੇ ਜਦ ਇਸਰਾਏਲ ਨੂੰ ਅੰਦਰ ਲਿਆਇਆ ਜਾਂਦਾ ਹੈ ਤਾਂ ਇਹ ਇੱਕ ਕੌਮ ਦਾ ਮਸਲਾ ਹੋਵੇਗਾ।

192 ਇਸਰਾਏਲ ਦੀ ਬਾਦਸ਼ਾਹੀ ਦਾ ਯੁੱਗ ਹੈ ਉੱਥੇ ਹੈ ਜਿੱਥੇ ਦਾਊਦ ........ਦਾਊਦ ਦਾ ਪੁੱਤਰ ਸਿੰਘਾਸਣ ਤੇ ਬਿਰਾਜਮਾਨ ਹੁੰਦਾ ਹੈ। ਇਹ ਹੀ ਕਾਰਨ ਸੀ ਕਿ ਉਹ ਔਰਤ ਪੁਕਾਰ ਰਹੀ ਸੀ, "ਹੇ ਦਾਊਦ ਦੇ ਪੁੱਤਰ। " ਅਤੇ ਦਾਊਦ ਨੂੰ ਹੈ .......ਦਾਊਦ ਦਾ ਪੁੱਤਰ। ਖੁਦਾ ਨੇ ਆਪਣੇ ਆਪਦੀ ਦਾਊਦ ਨਾਲ ਸਹੁੰ ਖਾਧੀ ਕਿ ਉਹ ਉਸਦੇ ਪੁੱਤਰ ਨੂੰ ਖੜਾ ਕਰੇਗਾ ਜਿਹੜਾ ਉਸਦੇ ਸਿੰਘਾਸਣ ਤੇ ਬਿਰਾਜਮਾਨ ਹੋਵੇਗਾ। ਅਤੇ ਇਹ ਸਦੀਪਕ ਕਾਲ ਦਾ ਸਿੰਘਾਸਣ ਹੋਵੇਗਾ। ਸਮਝੇ? ਇਹਦਾ ਕੋਈ ਅੰਤ ਨਹੀਂ ਹੋਵੇਗਾ। ਸੂਲੇਮਾਨ ਨੇ ਇਹਨੂੰ ਨਮੂਨੇ ਦੇ ਤੌਰ ਤੇ ਦਰਸਾਇਆ, ਉਸਨੇ ਇਹਨੂੰ ਹੈਕਲ

ਦੇ ਰੂਪ ਵਿੱਚ ਨਮੂਨੇ ਦੇ ਰੂਪ ਵਿੱਚ ਦਰਸਾਇਆ। ਅਤੇ ਯਿਸੂ ਨੇ ਉਹਨਾਂ ਨੂੰ ਇੱਥੇ ਦੱਸਿਆ ਕਿ "ਇਸਤੇ ਪੱਥਰ ਉੱਤੇ ਪੱਥਰ ਵੀ ਛੱਡਿਆ ਨਹੀਂ ਜਾਵੇਗਾ। " ਪਰ ਉਹ ਉਹਨਾਂ ਨੂੰ ਇੱਥੇ ਇਹ ਦੱਸਣ ਦਾ ਯਤਨ ਕਰ ਰਿਹਾ ਹੈ, ਉਹ ਕੀ ਹੈ ......ਉਹ ਵਾਪਸ ਆ ਰਿਹਾ ਹੈ।

"ਤੂੰ ਕਦ ਵਾਪਸ ਆ ਰਿਹਾ ਹੈਂ?"

193 ਮੇਰੇ ਆਉਣ ਤੋਂ ਪਹਿਲਾਂ ਇਹ ਗੱਲਾਂ ਪੂਰੀਆਂ ਹੋਣਗੀਆਂ। " ਅਤੇ ਇੱਥੇ ਉਹ ਹੋ ਰਹੀਆਂ ਹਨ। ਹੁਣ ਅਸੀਂ ਕਸ਼ਟ ਦੇ ਸਮੇਂ ਤੇ ਹਾਂ।

ਯਾਦ ਰਹੇ ਜਦੋਂ ਧਰਤੀ ਤੇ ਰਾਜ ਸਥਾਪਿਤ ਹੋ ਜਾਂਦਾ ਹੈ ..........

194 ਹੁਣ ਹੋ ਸੱਕਦਾ ਹੈ ਕਿ ਇਹ ਗੱਲ ਥੋੜੀ ਹਿਲਾ ਦੇਣ ਵਾਲੀ ਹੋਵੇ। ਅਤੇ ਜੇ ਕੋਈ ਪ੍ਰਸ਼ਨ ਹੈ ਤਾਂ ਤੁਸੀਂ ਹੁਣ ਵੀ ਮੇਰੇ ਕੋਲੋਂ ਪੁੱਛ ਸੱਕਦੇ ਹੋ। ਜੇ ਤੁਸੀਂ ਪ੍ਰਸ਼ਨ ਪੁੱਛਣਾ ਚਾਹੁੰਦੇ ਹੋ ਤਾਂ ਜਦੋਂ ਆਖਿਆ ਜਾਵੇਗਾ ਤਾਂ ਜੇ ਤੁਸੀਂ ਚਾਹੁੰਦੇ ਹੋ ਤਾਂ ਤੁਸੀਂ ਆਪਣੇ ਪ੍ਰਸ਼ਨ ਨੂੰ ਲਿਖ ਕੇ ਇੱਥੇ ਪੁਲਪਿਟ ਤੇ ਰੱਖ ਸੱਕਦੇ ਹੋ, ਤੁਸੀਂ ਬਸ ਇਹਨੂੰ ਰੱਖ ਦਿਓ। ਜੇ ਤੁਸੀਂ ਨਹੀਂ ਜਾਣਦੇ ਸੀ, ਜੇ ਤੁਹਾਨੂੰ ਇਹਦੇ ਵਾਰੇ ਵਿੱਚ ਪਹਿਲਾਂ ਨਹੀਂ ਪਤਾ ਹੈ, ਫਿਰ ਵੀ ਜੇ ਤੁਸੀਂ ਚਾਹੋ ਤਾਂ ਪੁਲਪਿਟ ਤੇ ਆਪਣਾ ਪ੍ਰਸ਼ਨ ਰੱਖ ਸੱਕਦੇ ਹੋ।

195 ਹਜਾਰ ਸਾਲ ਦੇ ਰਾਜ ਦੇ ਸਮੇਂ ਵਿੱਚ, ਇਹ ਇਸਰਾਏਲ ਹੈ ਜਿਹੜਾ ਕਿ ਦੇਸ਼ ਹੈ, ਬਾਰਾਂ ਗੋਤਾਂ ਇੱਕ ਦੇਸ਼ ਦੇ ਰੂਪ ਵਿੱਚ ਹਨ।

196 ਪ੍ਰੰਤੂ ਲਾੜੀ ਰਾਜਮਹਲ ਵਿੱਚ ਹੈ। ਇਸ ਸਮੇਂ ਉਹ ਮਹਾਰਾਣੀ ਹੈ। ਉਹਦਾ ਤਾਂ ਵਿਆਹ ਹੋ ਚੁੱਕਿਆ ਹੈ। ਅਤੇ ਸਾਰੀ ਧਰਤੀ ਦੇ ਵਸਨੀਕ ਇਸ ਨਗਰੀ ਯਰੂਸ਼ਲਮ ਵਿੱਚ ਆਉਣਗੇ ਅਤੇ ਆਪਣੀ ਸ਼ਾਨ ਅਤੇ ਤੇਜ ਦਾ ਸਮਾਨ ਇਹਦੇ ਵਿੱਚ ਲੈ ਕੇ ਆਉਣਗੇ। ਅਤੇ ਉਹਦੇ ਫਾਟਕ ਰਾਤ ਨੂੰ ਵੀ ਬੰਦ ਨਹੀਂ ਹੋਣਗੇ ਕਿਉਂਕਿ ਉੱਥੇ ਰਾਤ ਨਹੀਂ ਹੋਵੇਗੀ। ਸਮਝੇ? ਉਸਦੇ ਫਾਟਕ ਹਮੇਸ਼ਾਂ ਖੁੱਲ੍ਹੇ ਰਹਿਣਗੇ। ਪ੍ਰਕਾਸ਼ ਦੀ ਪੋਥੀ 22, "ਅਤੇ ਧਰਤੀ ਦੇ ਰਾਜੇ ਆਉਣਗੇ ਅਤੇ ਉਹ ਆਪਣਾ ਮਾਣ ਅਤੇ ਸ਼ਾਨ ਇਸ ਸ਼ਹਿਰ ਵਿੱਚ ਲਿਆਉਣਗੇ। " ਪਰ ਲਾੜੀ ਲੇਲੇ ਦੇ ਨਾਲ ਉੱਥੇ ਅੰਦਰ ਹੋਵੇਗੀ। ਹੇ ਮੇਰੇ ਖੁਦਾ !ਤੁਸੀਂ ਇਹ ਉਹਦੇ ਵਿੱਚ ਵੇਖ ਸੱਕਦੇ ਹੋ। ਨਹੀਂ ........ਲਾੜੀ ਇੱਥੇ ਅੰਗੂਰ ਦੀਆਂ ਬਾੜੀਆਂ ਵਿੱਚ ਮਿਹਨਤ ਕਰਨ ਲਈ ਬਾਹਰ ਨਹੀਂ ਜਾਵੇਗੀ। ਨਹੀਂ ਸ਼੍ਰੀਮਾਨ ਜੀ। ਉਹ ਤਾਂ ਲਾੜੀ ਹੈ। ਉਹ ਤਾਂ ਮਹਾਰਾਜੇ ਦੀ ਮਹਾਰਾਣੀ ਹੈ। ਇਹ ਤਾਂ ਹੋਰ ਹਨ --ਇਹ ਤਾਂ ਹੋਰ ਲੋਕ ਹਨ ਜਿਹੜੇ ਬਾਹਰ ਮਿਹਨਤ ਕਰਦੇ ਹਨ ਨਾ ਕਿ ਲਾੜੀ ਮਿਹਨਤ ਕਰਦੀ ਹੈ। ਆਮੀਨ। ਇਹ ਸੱਚਾਈ ਹੈ।

197 ਹੁਣ ਤੁਸੀਂ ਇਹਨਾਂ ਦੂਤਾਂ ਤੇ ......ਪ੍ਰਕਾਸ਼ ਪੋਥੀ 12 ਦੇ ਇਹਨਾਂ ਦੂਤਾਂ ਤੇ -ਇਹਨਾਂ ਦੋ ਨਬੀਆਂ ਤੇ ਧਿਆਨ ਦਿਓ, ਉਹ ਪ੍ਰਚਾਰ ਕਰਨਗੇ ਕਿ, " ਪ੍ਰਮੇਸ਼ੁਰ ਦਾ ਰਾਜ ਨੇੜੇ ਆਇਆ ਹੈ। " ਸਮਝੇ? ਸੁਰਗ ਦਾ ਰਾਜ ਤਾਂ ਕਾਇਮ ਕੀਤਾ ਜਾਣਾ ਹੈ। ਉਹ ਸਮਾਂ, ਦਾਨੀਏਲ ਦੇ ਸੱਤਰ ਹਫਤਿਆਂ ਦੇ ਸਾਢੇ ਤਿੰਨ ਸਾਲ ਦਾ, ਉਸਦੇ ਲੋਕਾਂ ਲਈ, ਯਹੂਦੀਆਂ ਲਈ ਵਾਇਦਾ ਹੈ। ਹੁਣ ਤੁਸੀਂ ਇਹ ਯਾਦ ਰੱਖਣਾ ਕਿ ਇਹ ਸਿੱਧ ਕਰਨ ਲਈ ਕਿ ਇਹ ਦਾਨੀਏਲ ਦੇ ਸੱਤਰਵੇਂ ਹਫਤੇ ਦਾ ਆਖਰੀ ਭਾਗ ਹੈ, ਮੇਰੇ ਕੋਲ ਇਸਦੇ ਉੱਪਰ ਕੱਲ ਲਈ ਇੱਕ ਪ੍ਰਸ਼ਨ ਹੈ। ਸਮਝੇ?



251 ਮੈਂ ਯੂਹੰਨਾ, ਪੋਲੂਸ ਅਤੇ ਉਹਨਾਂ ਦੇ ਬਾਰੇ ਵਿੱਚ ਸੋਚਦਾ ਹਾਂ ਕਿ ਸ਼ੇਰ ਦਾ ਆਤਮਾ ਉੱਥੇ ਸੀ, ਸ਼ੇਰ ਅਥਵਾ ਖੁਦ ਵਚਨ ਹੀ ਉੱਥੇ ਖੜਾ ਸੀ।

252 ਪੋਲੂਸ ਠੀਕ ਉਸ ਵਚਨ ਦੇ ਨਾਲ ਟਿਕਿਆ ਰਿਹਾ ਸੀ ਅਤੇ ਉਸਨੇ ਕਿਹਾ ਸੀ, "ਮੈਂ ਇਹ ਜਾਣਦਾ ਹਾਂ ਕਿ ਮੇਰੇ ਜਾਣ ਤੋਂ ਬਾਦ ਤੁਹਾਡੇ ਵਿੱਚ ਝੂਠੇ ਭਾਈ ਆ ਜਾਣਗੇ, ਅਤੇ ਉਹ ਕੀ ਬਣਾਉਣਗੇ, ਉਹ ਤੁਹਾਡੇ ਵਿੱਚ ਜੱਥੇਬੰਦੀਆਂ ਅਤੇ ਹੋਰ ਕਈ ਸੱਭ ਕੁਝ ਬਣਾਉਣਗੇ। ਅਤੇ ਇਹ ਹੀ ਉਹ ਕਰਨਗੇ। ਅਤੇ ਇਹ ਆਖਰੀ ਦਿਨਾਂ ਤੱਕ ਚੱਲਦਾ ਰਹੇਗਾ ਅਤੇ ਭਿਆਨਕ ਸਮਾਂ ਹੋਵੇਗਾ।" ਕਿਉਂ ? ਕਿਉਂਕਿ ਉਹ ਇੱਕ ਨਬੀ ਸੀ। "ਤੁਹਾਡੇ ਹੀ ਵਿੱਚਕਾਰ ਅਜਿਹੇ ਝੂਠੇ ਆਦਮੀ ਖੜੇ ਹੋ ਜਾਣਗੇ ਜਿਹੜੇ ਉਹਨਾਂ ਭਾਈਆਂ ਨੂੰ ਜਿਹੜੇ ਕਿ ਰਸੂਲ ਹਨ ਆਪਣੇ ਪਿੱਛੇ ਲਗਾ ਲੈਣ ਦੀਆਂ ਅਜਿਹੀਆਂ ਗੱਲਾਂ ਕਰਨਗੇ। ਇਹ ਬਿਲਕੁੱਲ ਮਸੀਹ ਵਿਰੋਧੀ ਹੈ। ਬਿਲਕੁੱਲ ਇਹਨੇ ਇਸੇ ਤਰ੍ਹਾਂ ਹੀ ਕੀਤਾ।

253 ਧਿਆਨ ਦਿਓ, ਕਸ਼ਟ ਦੇ ਹਨੇਰੇ ਯੁੱਗ ਵਿੱਚ ਜਾਣ ਤੋਂ ਬਾਦ। ਇਹ ਕੀ ਸੀ?ਉੱਥੇ ਕੁਝ ਵੀ ਹੀਂ ਸੀ ਜੋ ਉਹ ਕਰ ਸੱਕਦੇ ਸਨ। ਰੋਮ ਨੇ ਹੜੱਪ ਲਈ ਸੀ .....ਉਸਦੇ ਕੋਲ ਧਾਰਮਿਕ ਸ਼ਕਤੀ ਸੀ ਅਤੇ ਉਸਦੇ ਕੋਲ ਰਾਜਨਿਤਕ ਸਕਤੀ ਸੀ। ਉੱਥੇ ਕੁਝ ਵੀ ਨਹੀਂ ਸੀ ਜੋ ਉਹ ਕਰ ਸੱਕਦੇ ਸਨ; ਪਰ ਉਹਨਾਂ ਨੇ ਤਾਂ ਜੀਉਂਦੇ ਰਹਿਣ ਲਈ ਮਿਹਨਤ ਕਰਨੀ ਸੀ ਅਤੇ ਆਪਣੇ ਆਪ ਨੂੰ ਕੁਰਬਾਨ ਹੋਣ ਲਈ ਦੇ ਦੇਣਾ ਸੀ। ਇਹ ਵਹਿੜਕਾ ਸੀ। ਉਹ ਬਸ ਇਹ ਹੀ ਕਰ ਸੱਕਦੇ ਸਨ। ਉਹਨਾਂ ਦੇ ਕੋਲ ਇਸ ਕਿਸਮ ਦਾ ਆਤਮਾ ਸੀ, ਉਹਨਾਂ ਦੇ ਕੋਲ ਪ੍ਰਮੇਸ਼ੁਰ ਦਾ ਇਸ ਤਰ੍ਹਾਂ ਦਾ ਆਤਮਾ ਸੀ ਜੋ ਵਹਿੜਕਾ ਹੈ।

254 ਇਸ ਤੋਂ ਬਾਦ ਸੁਧਾਰਕ ਆਉਂਦੇ ਹਨ, ਮਨੁੱਖ ਦੇ ਚਿਹਰੇ ਵਰਗਾ ਜੰਤੂ ਆਉਂਦਾ ਹੈ ਜੋ ਕਿ ਹੁਸ਼ਿਆਰ ਅਤੇ ਬੁੱਧੀਮਾਨ ਸੀ, ਮਾਰਟਿਨ ਲੂਥਰ, ਜਾੱਨ ਵੈਜ਼ਲੀ ਅਤੇ ਆਦਿ. ਆਦਿ। ਅਤੇ ਕੈਲਵਿਨ, ਫਿੰਨੀ, ਨੋਕਸ ਅਤੇ ਉਹ ਬਾਕੀ ਸਾਰੇ। ਉਹ ਆਉਂਦੇ ਹਨ ਅਤੇ ਜਦੋਂ ਉਹ ਆਉਂਦੇ ਹਨ ਤਾਂ ਉਹ ਸੁਧਾਰਕ ਸਨ। ਉਹ ਆਏ ਅਤੇ ਉਹਨਾਂ ਨੇ ਸੁਧਾਰ ਦਾ ਕੰਮ ਕੀਤਾ ਅਤੇ ਲੋਕਾਂ ਨੂੰ ਬਾਹਰ ਕੱਢ ਕੇ ਲਿਆਏ।

255 ਅਤੇ ਫਿਰ ਉਹ ਪਿਛਾਂਹ ਮੁੜ ਗਏ ਅਤੇ ਉਹਨਾਂ ਨੇ ਵੀ ਬਿਲਕੁੱਲ ਉਹ ਹੀ ਕੀਤਾ ਜਿਹੜਾ ਹੋਰ ਦੂਜਿਆਂ ਨੇ ਉਹਨਾਂ ਤੋਂ ਪਹਿਲਾਂ ਕੀਤਾ ਸੀ ਅਤੇ ਫਿਰ ਉਹਨਾਂ ਨੇ ਆਪਣੀਆਂ ਜੱਥੇਬੰਦੀਆਂ ਨਾਲ ਜਾ ਵਿਆਹ ਕਰਾਇਆ। ਠੀਕ ਇਹੋ ਹੀ ਉਹਨਾਂ ਨੇ ਕੀਤਾ। ਬਿਲਕੁੱਲ ਇਹੋ ਹੀ ਬਾਈਬਲ ਨੇ ਕਿਹਾ ਹੈ। ਉਹ ਵੱਡੀ ਕੰਜਰੀ ਸੀ ਅਤੇ ਫਿਰ ਉਸ ਤੋਂ ਬਾਦ ਉਸ ਦੀਆਂ ਕੰਜ਼ਰੀਆਂ ਧੀਆਂ। ਬਿਲਕੁੱਲ ਇਸੇ ਤਰ੍ਹਾਂ ਹੀ ਹੋਇਆ।

256 ਅਤੇ ਪ੍ਰਮੇਸ਼ੁਰ ਨੇ ਕਿਹਾ, " ਮੈਂ ਉਹਨੂੰ ਤੋਬਾ ਦੀ ਵਿਹਲ ਦਿੱਤੀ ਅਤੇ ਉਸਨੇ ਤੋਬਾ ਨਹੀਂ ਕੀਤੀ। ਇਸ ਲਈ ਮੈਂ ਉਹਨੂੰ ਅਤੇ ਉਹ ਦੇ ਬੱਚਿਆਂ ਨੂੰ ਉੱਥੇ ਸੁੱਟਾਂਗਾ ਜਿੱਥੇ ਉਹ ਹੋਣੇ ਚਾਹੀਦੇ ਹਨ। ਇਹ ਬਿਲਕੁੱਲ ਠੀਕ ਹੈ। ਹੁਣ, ਪ੍ਰਮੇਸ਼ੁਰ ਨੇ ਇਹ ਇਸਦੇ ਹੇਠ-ਮੋਹਰ ਦੇ ਹੇਠ ਕਿਹਾ। ਹੁਣ ਉੱਥੇ ਉਹ ਸੀ। ਅਸੀਂ ਵੇਖਦੇ ਹਾਂ ਕਿ ਉਹ ਇਸ ਤਰ੍ਹਾਂ ਕਰਦਾ ਹੈ, ਅਤੇ ਇਹਨੂੰ ਕਰੇਗਾ। ਅਤੇ ਉਹਨਾਂ ਵਿੱਚੋਂ ਸਾਰੇ ਹੀ ਉਸੇ ਰਾਹੇ ਜਾ ਰਹੇ ਹਨ।

ਮੁਸੀਬਤਾਂ " ਅਖਵਾਉਂਦਾ ਹੈ। ਹੁਣ ਵੇਖੋ, ਇਹਨਾਂ ਯਹੂਦੀਆਂ ਦਾ ਇੱਥੇ ......ਧਿਆਨ ਦਿਓ। ਔਹ, ਇਹ ਹੈ .......

245 ਵੇਖੋ ਮੈਂ ਇੱਥੇ ਥੋੜਾ ਜਿਹਾ ਸਮਾਂ ਲੈਣ ਜਾ ਰਿਹਾ ਹਾਂ। ਜਦ ਮੈਂ ਇਸ ਤਰ੍ਹਾਂ ਕਿਸੇ ਤੱਥ ਨੂੰ ਛੱਡਣਾ ਸ਼ੁਰੂ ਕਰਦਾ ਹਾਂ ਤਾਂ ਇਹ ਮੈਨੂੰ ਪ੍ਰੇਸ਼ਾਨ ਕਰ ਦਿੰਦਾ ਹੈ। ਅਤੇ .......ਸਮਝੇ? ਧਿਆਨ ਦਿਓ। ਮੈਂ ਚਾਹੁੰਦਾ ਹਾਂ ਕਿ ਤੁਸੀਂ ਇਹਨੂੰ ਸਮਝ ਲਓ। ਅਤੇ ਮੈਂ-ਮੈਂ-ਮੈਂ ਬਸ ....ਚੰਗਾ, ਮੈਨੂੰ ਯਕੀਨ ਹੈ ਕਿ ਖੁਦਾ ਹੀ ਤੁਹਾਨੂੰ ਇਹ ਵਿਖਾਵੇਗਾ। ਸਮਝੇ।

246 ਯਕੂਬ ਦੇ ਕੋਲ ਜਨਮ ਸਿੱਧ ਅਧਿਕਾਰ ਸੀ। ਕੀ ਇਹ ਠੀਕ ਹੈ? [ਸੰਗਤ ਆਖਦੀ ਹੈ, "ਆਮੀਨ। "-ਸੰਪਾ] ਪਰ ਉਹ ਯਕੀਨਨ ਹੀ ਇਸਦੇ ਨਾਲ ਧੋਖੇਬਾਜ਼ ਸੀ। ਸਮਝੇ? ਉਹ ਅੱਗੇ ਵਧਿਆ ਅਤੇ ਉਸਨੇ ਆਪਣੇ ਪਿਤਾ ਨੂੰ ਧੋਖਾ ਦਿੱਤਾ ਸੀ। ਉਸਨੇ ਆਪਣੇ ਭਰਾ ਨੂੰ ਧੋਖਾ ਦਿੱਤਾ ਸੀ। ਉਸਨੇ ਸੱਭ ਕੁਝ ਕੀਤਾ ਸੀ। ਫਿਰ ਵੀ ਕਨੂੰਨਨ ਢੰਗ ਦੇ ਨਾਲ ਉਹ ਉਸਦਾ ਮਾਲਕ ਸੀ ਕਿਉਂਕਿ ਏਸਾਓ ਉਸਨੂੰ ਵੇਚ ਚੁੱਕਾ ਸੀ। ਪਰ ਇਸ ਤੋਂ ਬਾਦ ਜਦ ਉਹ ਆਪਣੇ ਸਹੁਰੇ ਦੇ ਕੋਲ ਕੰਮ ਕਰਨ ਪਹੁੰਚਿਆ ਤਾਂ ਉਸਨੇ ਸਰੂ ਦੀਆਂ ਛਿਟੀਆਂ ਨੂੰ ਪਾਣੀ ਵਿੱਚ ਪਾ ਦਿੱਤਾ ਤਾਂ ਕਿ ਆਸੇ ਲੱਗੀਆਂ ਭੇਡਾਂ ਬੱਕਰੀਆਂ ਚਿਤਕਲੇ ਤੇ ਡੱਬੇ ਬੱਚੇ ਦੇਣ। ਅਤੇ ਔਹ, ਤੁਸੀਂ ਤਾਂ ਜਾਣਦੇ ਹੋ ਕਿ ਉਸਨੇ ਇਹ ਸੱਭ ਕੁਝ ਬਸ ਧਨ ਪ੍ਰਾਪਤ ਕਰਨ ਲਈ ਕੀਤਾ ਸੀ। ਹੁਣ ਧਿਆਨ ਦਿਓ, ਉਹ ਅਪਣੇ ਲੋਕਾਂ ਵਿੱਚੋਂ ਬਾਹਰ ਕੱਢ ਦਿੱਤਾ ਗਿਆ ਸੀ।

247 ਹੁਣ, ਇਹ ਯਹੂਦੀਆਂ ਦੀ ਇੱਕ ਛਾਇਆ ਅਥਵਾ ਨਮੂਨਾ ਹੈ। ਉਹ ਧਨ ਬਟੋਰਨ ਵਾਲਾ ਹੈ। ਮੈਨੂੰ ਇਹਦੀ ਪ੍ਰਵਾਹ ਨਹੀਂ ਕਿ ਉਹ ਕਿਦਾਂ ਇਹਨੂੰ ਪ੍ਰਾਪਤ ਕਰਦਾ ਹੈ। ;ਉਹ ਤਾਂ ਇਸਨੂੰ ਪ੍ਰਾਪਤ ਕਰੇਗਾ ਹੀ। ਉਹ ਧਨ ਪਾਉਣ ਲਈ ਤੁਹਾਡੀ ਜੀਉਂਦਿਆਂ ਦੀ ਹੀ ਚਮੜੀ ਲਾਹ ਲਵੇਗਾ। ਹੁਣ, ਤੁਹਾਨੂੰ ਇਹਦਾ ਪਤਾ ਹੈ। ਉਹ ਤਾਂ ਬਸ ਇੱਕ ਧੋਖੇਬਾਜ਼ ਸੀ। ਮੁੰਡਿਆ, ਤੂੰ ਉਹਦੇ ਨਾਲ ਵਿਵਹਾਰ ਨਾ ਕਰੀਂ, ਉਹ ਤੈਨੂੰ ਫਸਾ ਲਵੇਗਾ। ਹਾਂ ਜੀ ਸ਼੍ਰੀਮਾਨ। ਕਿਉਂ? ਕਿਉਂਕਿ ਉਸਨੇ ਤਾਂ ਇਸੇ ਤਰ੍ਹਾਂ ਦਾ ਹੀ ਹੋਣਾ ਹੈ। ਇਹ ਤਾਂ ਉਸ ਤਰਾਂ ਦਾ ਆਤਮਾ ਸੀ ਜਿਹੜਾ ਉਸਦੇ ਉੱਤੇ ਹਾਵੀ ਸੀ।

248 ਬਿਲਕੁੱਲ ਇਸੇ ਤਰ੍ਹਾਂ ਸੁਧਾਰਕ ਇਸ ਵਚਨ ਨੂੰ ਸਮਝ ਨਹੀਂ ਸਕੇ ਸਨ ਕਿਉਂਕਿ ਇਹ ਮਨੁੱਖ ਦਾ ਆਤਮਾ ਸੀ ਜਿਹੜਾ ਉਹਨਾਂ ਦੇ ਉੱਤੇ ਘੱਲਿਆ ਗਿਆ ਸੀ।

249 ਇਹ ਤਾਂ ਉਕਾਬ ਦਾ ਯੁੱਗ ਹੀ ਹੈ ਜਿਹਨੂੰ ਵਚਨ ਅਤੇ ਪ੍ਰਕਾਸ਼ ਮਿਲਦਾ ਹੈ। ਉਹ ਜਿਹੜੇ ਇਸਨੂੰ ਸਮਝਦੇ ਹਨ ਆਪਣੇ ਹੱਥ ਖੜੇ ਕਰਨ, ਬਹੁਤ ਚੰਗਾ। ਬਹੁਤ ਵਧੀਆ। ਸਮਝੇ? ਇਹ ਚੰਗੀ ਗੱਲ ਹੈ। ਹੁਣ ਵੇਖੋ, ਜੇ ਤੁਸੀਂ ਇਹਨਾਂ ਮੋਹਰਾਂ ਦੇ ਦੌਰਾਨ ਉਹਨਾਂ ਪਿਛਾਂਹ ਦੀਆਂ ਗੱਲਾਂ ਨੂੰ ਸਮਝ ਸੱਕਦੇ ਹੋ, ਜੇ ਕਦੇ ਮਿਲਦੀ ਹੈ ......ਜਦ ਉਹ ਖੁੱਲ੍ਹਦੀਆਂ ਹਨ ਤਾਂ ਤੁਸੀਂ ਇਹ ਬਿਲਕੁੱਲ ਠੀਕ-ਠੀਕ ਵੇਖ ਸੱਕਦੇ ਹੋ ਕਿ ਪ੍ਰਮੇਸ਼ੁਰ ਕੀ ਕਰ ਰਿਹਾ ਹੈ ;ਪ੍ਰਮੇਸ਼ੁਰ ਨੇ ਕੀ ਕੀਤਾ ਅਤੇ ਉਹ ਕੀ ਕਰਨ ਜਾ ਰਿਹਾ ਹੈ। ਇੱਥੇ ਇਹ ਬਿਲਕੁੱਲ ਠੀਕ ਹੈਗਾ।

250 ਅਤੇ ਇਹ ਹੀ ਕਾਰਨ ਸੀ ਕਿ ਉਹਨਾਂ ਲੋਕਾਂ ਨੇ ਇਸ ਢੰਗ ਦੇ ਨਾਲ ਵਤੀਰਾ ਕੀਤਾ ਕਿਉਂਕਿ ਇਹ ਤਾਂ ਉਹ ਆਤਮਾ ਹੈ ਜਿਹਦੀ ਉਸ ਯੁੱਗ ਲਈ ਯੁੱਗ ਲਈ ਭਵਿੱਖਬਾਣੀ ਕੀਤੀ ਗਈ ਸੀ ਤਾਂ ਕਿ ਉਹਨਾਂ ਦੇ ਉੱਤੇ ਹੋਵੇ। ਉਹ ਇਸ ਤੋਂ ਇਲਾਵਾ ਹੋਰ ਕੁਝ ਨਹੀਂ ਕਰ ਸਕੇ ਸਨ।



198 ਹੁਣ ਇਸਰਾਏਲ ਕੌਮ ਲਈ ਸੱਤਰ ਸਾਤੇ ਜੋ ਕਿ ਸੱਤ ਸਾਲ ਹਨ ਦਾ ਵਾਇਦਾ ਕੀਤਾ ਗਿਆ ਹੈ। ਅਤੇ ਸੱਤ ਸਾਤਿਆਂ ਦੇ ਵਿੱਚਕਾਰ ਵਿੱਚ ਹੀ ਮਸੀਹ ਦਾ ਵੱਢਿਆ ਜਾਣਾ ਸੀ ਕਿ ਉਸਦਾ ਬਲੀਦਾਨ ਦਿੱਤਾ ਜਾਵੇ। ਉਸਨੇ ਸਾਢੇ ਤਿੰਨ ਸਾਲ ਭਵਿੱਖਬਾਣੀ ਕਰਨੀ ਸੀ ਅਤੇ ਫਿਰ ਉਹਨੂੰ ਲੋਕਾਂ ਲਈ ਬਲੀਦਾਨ ਕੀਤਾ ਜਾਣਾ ਸੀ ;ਉਸਨੂੰ ਕੋਹਿਆ ਜਾਣਾ ਸੀ। ਅਤੇ ਹਾਲੇ ਵੀ ਇਸਰਾਏਲ ਲਈ ਇੱਕ ਨਿਸ਼ਚਿਤ ਸਮਾਂ ਠਹਿਰਾਇਆ ਹੋਇਆ ਹੈ, ਹਾਲੇ ਵੀ ਇਸਰਾਏਲ ਲਈ ਸਾਢੇ ਤਿੰਨ ਸਾਲ ਠਹਿਰਾਏ ਹੋਏ ਹਨ। ਜਦ ਮਸੀਹ ਨੂੰ ਕੁਰਬਾਨ ਕੀਤਾ ਗਿਆ ਸੀ ਤਾਂ ਯਹੂਦੀਆਂ ਨੂੰ ਅੰਨ੍ਹੇ ਕਰ ਦਿੱਤਾ ਗਿਆ ਸੀ, ਇਸ ਲਈ ਉਹ ਇਹ ਵੇਖ ਨਾ ਸਕੇ ਸਨ ਕਿ ਉਹ ਹੀ ਮਸੀਹ ਹੈ।

199 ਅਤੇ ਤਦ ਜਦ ਮਸੀਹ ਵੱਢਿਆ ਗਿਆ ਤਾਂ ਖੁਸ਼ਖਬਰੀ ਅਤੇ ਕਿਰਪਾ ਦਾ ਯੁੱਗ ਪਰਾਈਆਂ ਜਾਤੀਆਂ ਦੇ ਕੋਲ ਆ ਜਾਂਦਾ ਹੈ। ਅਤੇ ਉਹ ਆਉਂਦੇ ਹਨ, ਅਤੇ ਖੁਦਾ ਨੇ ਇੱਕ ਨੂੰ ਇੱਥੋਂ ਤੇ ਦੂਸਰੇ ਨੂੰ ਉੱਥੋਂ ਖਿੱਚਿਆ ਅਤੇ ਇੱਕ ਨੂੰ ਇੱਧਰ ਅਤੇ ਦੂਸਰੇ ਨੂੰ ਉੱਧਰ ਤੋਂ ਖਿੱਚਿਆ ਅਤੇ ਉਹਨਾਂ ਨੂੰ ਸੰਦੇਸ਼ਵਾਹਕਾਂ ਦੇ ਅਧੀਨ ਰੱਖ ਛੱਡਿਆ, ਉਸਨੇ ਉਹਨਾਂ ਨੂੰ ਇੱਥੋਂ ਅਤੇ ਉੱਥੋਂ ਅਤੇ ਇੱਧਰੋਂ .ਉੱਧਰੋਂ ਖਿੱਚਿਆ ਅਤੇ ਉਹਨਾਂ ਨੂੰ ਸੰਦੇਸ਼ਵਾਹਕਾਂ ਦੇ ਅਧੀਨ ਰੱਖ ਛੱਡਿਆ।

200 ਅਤੇ ਉਸਨੇ ਪਹਿਲਾ ਸੰਦੇਸ਼ਵਾਹਕ ਭੇਜਿਆ ਅਤੇ ਉਸਨੇ ਪ੍ਰਚਾਰ ਕੀਤਾ ਅਤੇ ਇੱਕ ਤੁਰ੍ਹੀ ਫੂਕੀ ਗਈ, ਜਿਵੇਂ ਕਿ ਅਸੀਂ ਇਹਨੂੰ ਥੋੜੀ ਦੇਰ ਬਾਦ ਵੇਖਾਂਗੇ। ਅਤੇ ਫਿਰ, ਤੁਰ੍ਹੀ ਇੱਕ ਯੁੱਧ ਦੀ ਘੋਸ਼ਣਾ ਕਰ ਰਹੀ ਸੀ। ਤੁਰ੍ਹੀ ਹਮੇਸ਼ਾਂ ਹੀ ਯੁੱਧ ਨੂੰ ਦਰਸਾਉਂਦੀ ਹੈ। ਸੰਦੇਸ਼ਵਾਹਕ, ਉਸ ਵੇਲੇ ਦਾ ਸੰਦੇਸ਼ਵਾਹਕ ਧਰਤੀ ਤੇ ਆਉਂਦਾ ਹੈ, ਜਿਵੇਂ ਲੂਥਰ ਜਾਂ ਕੋਈ ਵੀ ਦੂਤ ਆਉਂਦਾ ਜਿਹਨਾਂ ਦੇ ਬਾਰੇ ਵਿੱਚ ਅਸੀਂ ਗੱਲ ਕਰ ਚੁੱਕੇ ਹਾਂ। ਉਹ ਕੀ ਕਰਦਾ ਹੈ? ਉਹ ਆਉਂਦਾ ਹੈ ਅਤੇ ਇੱਕ ਮੋਹਰ ਹੋਰ ਪ੍ਰਗਟ ਹੁੰਦੀ ਹੈ ; ਇੱਕ ਤੁਰ੍ਹੀ ਫੂਕੀ ਜਾਂਦੀ ਹੈ ਅਤੇ ਇੱਕ ਯੁੱਧ ਦੀ ਘੋਸ਼ਣਾ ਕੀਤੀ ਜਾਂਦੀ ਹੈ ; ਅਤੇ ਫਿਰ ਸੰਦੇਸ਼ਵਾਹਕ ਮਰ ਜਾਂਦਾ ਹੈ। ਉਹ ਇਸ ਝੁੰਡ ਤੇ ਮੋਹਰ ਲਗਾ ਦਿੰਦਾ ਹੈ ਅਤੇ ਉਹਨਾਂ ਨੂੰ ਅੰਦਰ ਲੈ ਲਿਆ ਜਾਂਦਾ ਹੈ। ਅਤੇ ਫਿਰ ਉਹਨਾਂ ਤੇ ਬਵਾ ਆਉਂਦੀ ਹੈ ਜਿਹਨਾਂ ਨੇ ਉਸਦੇ ਸੰਦੇਸ਼ ਨੂੰ ਠੁਕਰਾਇਆ ਸੀ। ਸਮਝੇ?

201 ਫਿਰ ਇਹ ਅੱਗੇ ਵੱਧਦਾ ਹੈ ਅਤੇ ਫਿਰ ਉਹ ਜੱਥੇਬੰਦੀ ਬਣਾ ਲੈਂਦੇ ਹਨ ਅਤੇ ਇੱਕ ਹੋਰ ਮਿਸ਼ਨ ਬਣ ਜਾਂਦੀ ਹੈ। ਅਸੀਂ ਇਹਦਾ ਅਧਿਐਨ ਕਰ ਚੁੱਕੇ ਹਾਂ। ਇਸ ਤੋਂ ਬਾਦ ਉਹ ਇੱਕ ਹੋਰ ਸਮਰੱਥਾ ਦੇ ਨਾਲ, ਕਿਸੇ ਹੋਰ ਸ਼ਕਤੀ ਦੇ ਨਾਲ, ਕਿਸੇ ਦੂਸਰੀ ਸੇਵਕਾਈ ਦੇ ਨਾਲ, ਬਾਹਰ ਆਉਂਦੇ ਹਨ। ਕਿਸੇ ਹੋਰ ਯੁੱਗ ਦੀ ਕਲੀਸਿਯਾ ਬਾਹਰ ਆਉਂਦੀ ਹੈ। ਫਿਰ ਜਦ ਉਹ ਇਹ ਕਰਦਾ ਹੈ ਤਾਂ ਪ੍ਰਮੇਸ਼ੁਰ ਅਪਣੀ ਸੇਵਕਾਈ ਦੇ ਨਾਲ ਆਉਂਦਾ ਹੈ ਜਦਕਿ ਮਸੀਹ ਵਿਰੋਧੀ ਆਪਣੀ ਸੇਵਕਾਈ ਦੇ ਨਾਲ ਆਉਂਦਾ ਹੈ। ਵੇਖੋ, ਐਂਟੀ ਸ਼ਬਦ ਦਾ ਅਰਥ ਵਿਰੁੱਧ ਵਿੱਚ ਹੁੰਦਾ ਹੈ। ਉਹ ਦੋਵੇਂ ਨਾਲ-ਨਾਲ ਚੱਲਦੇ ਹਨ।

202 ਮੈਂ ਚਾਹੁੰਦਾ ਹਾਂ ਕਿ ਤੁਸੀਂ ਇੱਥੇ ਥੋੜਾ ਜਿਹਾ ਧਿਆਨ ਦਿਓ। ਜਿਸ ਵੇਲੇ ਕਾਇਨ ਧਰਤੀ ਤੇ ਆਉਂਦਾ ਹੈ, ਠੀਕ ਉਸੇ ਵੇਲੇ ਹਾਬਲ ਵੀ ਆਉਂਦਾ ਹੈ। ਮੈਂ ਚਾਹੁੰਦਾ ਹਾਂ ਕਿ ਤੁਸੀਂ ਇਹਦੇ ਤੇ ਧਿਆਨ ਦਿਓ ਕਿ ਜਦ ਮਸੀਹ ਧਰਤੀ ਤੇ ਆਉਂਦਾ ਹੈ ਤਾਂ ਉਸੇ ਵੇਲੇ ਯਹੂਦਾ ਆਇਆ। ਜਿਸ ਸਮੇਂ ਦੇ ਲੱਗ-ਭੱਗ ਯਿਸੂ ਧਰਤੀ ਤੋਂ ਗਿਆ, ਯਹੂਦਾ ਵੀ ਧਰਤੀ ਤੋਂ ਚਲਾ ਗਿਆ। ਜਿਸ ਵੇਲੇ ਪਵਿੱਤਰ

ਆਤਮਾ ਆਇਆ ਉਸੇ ਸਮੇਂ ਦੇ ਆਸ-ਪਾਸ ਮਸੀਹ ਵਿਰੋਧੀ ਆਤਮਾ ਆਇਆ। ਜਿਸ ਵੇਲੇ ਅੰਤ ਦੇ ਦਿਨਾਂ ਵਿੱਚ ਪਵਿੱਤਰ ਆਤਮਾ ਆਪਣੇ ਆਪ ਨੂੰ ਇੱਥੇ ਪ੍ਰਗਟ ਕਰ ਰਿਹਾ ਹੈ, ਠੀਕ ਉਸੇ ਸਮੇਂ ਦੇ ਆਸ-ਪਾਸ ਮਸੀਹ ਵਿਰੋਧੀ ਆਪਣੇ ਰੰਗ ਵਿਖਾ ਰਿਹਾ ਹੈ ;ਉਹ ਆਪਣੀਆਂ ਰਾਜ ਨੀਤੀਆਂ ਅਤੇ ਦੂਸਰੀਆਂ ਗੱਲਾਂ ਨਾਲ ਉੱਪਰ ਆ ਰਿਹਾ ਹੈ। ਅਤੇ ਠੀਕ ਜਿਸ ਵੇਲੇ ਮਸੀਹ ਵਿਰੋਧੀ ਆਪਣੇ ਆਪ ਨੂੰ ਪੂਰੀ ਤਰ੍ਹਾਂ ਨਾਲ ਦ੍ਰਿਸ਼ ਤੇ ਲਿਆਉਂਦਾ ਹੈ ......ਬਿਲਕੁੱਲ ਉਸੇ ਵੇਲੇ ਪ੍ਰਮੇਸ਼ੁਰ ਪੂਰੀ ਤਰ੍ਹਾਂ ਦ੍ਰਿਸ਼ ਤੇ ਆਉਂਦਾ ਹੈ ਤਾਂ ਕਿ ਇਹਨਾਂ ਸੱਭ ਦਾ ਛੁਟਕਾਰਾ ਕਰੇ। ਵੇਖੋ ਉਹ ਨਾਲ-ਨਾਲ ਚੱਲਦੇ ਹਨ। ਉਹ ਦੋਨੋਂ ਨਾਲ-ਨਾਲ ਚੱਲਦੇ ਹਨ। ਕਾਇਨ ਅਤੇ ਹਾਬਲ। [ਭਾਈ ਬ੍ਰਾਨਹਾਮ ਇੱਕ ਵਾਰ ਆਪਣੇ ਦੋਹਾਂ ਹੱਥਾਂ ਨਾਲ ਤਾੜੀ ਵਜਾਉਂਦੇ ਹਨ-ਸੰਪਾ]ਕਿਸ਼ਤੀ ਵਿੱਚ ਕਾਂ ਅਤੇ ਘੁੱਗੀ, ਯਹੂਦਾ ਅਤੇ ਯਿਸੂ, ਅਤੇ ਤੁਸੀਂ ਇਹਨੂੰ ਇਸੇ ਤਰ੍ਹਾਂ ਹੇਠਾਂ ਤੱਕ ਲੈ ਸੱਕਦੇ ਹੋ। ਬਸ .........

203 ਇੱਥੇ ਮੋਆਬ ਅਤੇ ਇਸਰਈਲ ਦੋਵੇਂ ਹੀ ਸੀ। ਮੋਆਬ ਕੋਈ ਮੂਰਤੀ ਪੂਜਕ ਦੇਸ਼ ਨਹੀਂ ਸੀ। ਨਹੀਂ ਜੀ ਸ਼੍ਰੀਮਾਨ। ਉਹਨਾਂ ਨੇ ਵੀ ਬਿਾਲਕੁੱਲ ਉਹ ਹੀ ਕੁਰਬਾਨੀਆਂ ਚੜ੍ਹਾਈਆਂ ਜਿਹੜੀਆਂ ਕੁਰਬਾਨੀਆਂ ਇਸਰਾਏਲ ਚੜ੍ਹਾ ਰਿਹਾ ਸੀ। ਉਹ ਵੀ ਉਸੇ ਹੀ ਖੁਦਾ ਅੱਗੇ ਬੇਨਤੀ ਕਰਦੇ ਸਨ। ਲੂਤ ਦੀਆਂ ਧੀਆਂ ਵਿੱਚੋਂ ਇੱਕ ਜਣੀ ਆਪਣੇ ਪਿਤਾ ਦੇ ਨਾਲ ਸੁੱਤੀ ਸੀ ਅਤੇ ਉਹਦੇ ਇੱਕ ਪੁੱਤਰ ਪੈਦਾ ਹੋਇਆ ਸੀ ਅਤੇ ਇਹੋ ਪੁੱਤਰ ਮੋਆਬ ਕਹਾਇਆ ਸੀ। ਅਤੇ ਉਸੇ ਤੋਂ ਹੀ ਮੋਆਬ ਜਾਤੀ ਅਤੇ ਮੋਆਬ ਦੇਸ਼ ਦੀ ਉਤਪਤੀ ਹੋਈ।

ਅਤੇ ਜਦੋਂ ਉਹਨਾਂ ਨੇ ਇਸਰਾਏਲ ਨੂੰ ਵੇਖਿਆ ਤਾਂ ਉਹਨਾਂ ਵੇਖਿਆ ਕਿ ਉਹਨਾਂ ਦਾ ਛੁਡਾਇਆ ਹੋਇਆ ਭਰਾ ਆ ਰਿਹਾ ਹੈ।

204 ਉਹ ਬੁਨਿਆਦ ਅਥਵਾ ਮੁੱਢਲੇ ਨਿਯਮਾਂ ਨੂੰ ਮੰਨਣ ਵਾਲੇ ਸਨ। ਉਹਨਾਂ ਦੀ ਇੱਕ ਵੱਡੀ ਜੱਥੇਬੰਦੀ ਸੀ। ਇਸਰਾਏਲ ਦੀ ਕੋਈ ਨਾਮਧਾਰੀ ਜੱਥੇਬੰਦੀ ਨਹੀਂ ਸੀ ਜਿੱਥੇ ਕਿਤੇ ਵੀ ਉਹ ਜਾਂਦੇ ਸਨ ਉਹ ਤਾਂ ਬਸ ਤੰਬੂਆਂ ਵਿੱਚ ਹੀ ਵਾਸ ਕਰਦੇ ਸਨ। ਪ੍ਰੰਤੂ ਮੋਆਬ ਦੇ ਕੋਲ ਰਾਜੇ ਅਤੇ ਵਗੈਰਾ-ਵਗੈਰਾ ਸਨ। ਉੱਥੇ ਉੱਪਰ ਉਹਨਾਂ ਕੋਲ ਇੱਕ ਝੂਠਾ ਨਬੀ ਬਿਲਆਮ ਸੀ। ਅਤੇ ਉਹਨਾਂ ਦੇ ਕੋਲ ਇਹ ਸੱਭ ਕੁਝ ਸੀ। ਫਿਰ ਉਹ ਆਪਣੇ ਛੋਟੇ ਭਰਾ ਨੂੰ ਜਿਹੜਾ ਕਿ ਵਾਇਦਾ ਕੀਤੇ ਹੋਏ ਦੇਸ਼ ਦੀ ਰਾਹ ਤੇ ਜਾ ਰਿਹਾ ਸੀ ਸ਼ਰਾਪ ਦੇਣ ਲਈ ਹੇਠਾਂ ਆਉਂਦੇ ਹਨ।

205 ਅਤੇ ਉਹਨਾਂ ਜਾ ਕੇ ਉਹਨਾਂ ਤੋਂ ਪੁੱਛਿਆ, "ਕੀ ਮੈਂ ਤੁਹਾਡੇ ਦੇਸ਼ ਦੇ ਵਿੱਚ ਦੀ ਲੰਘ ਸੱਕਦਾ ਹਾਂ? ਜੇ ਮੇਰੀਆਂ ਗਾਵਾਂ ਪਾਣੀ ਪੀ ਲੈਂਦੀਆਂ ਹਨ ਤਾਂ ਮੈਂ ਉਹਦਾ ਭੁਗਤਾਨ ਕਰਾਂਗਾ। ਜੇ ਉਹ ਘ ਾਹ ਖਾ ਜਾਂਦੀਆਂ ਹਨ ਤਾਂ ਅਸੀਂ ਉਹਦਾ ਭੁਗਤਾਨ ਕਰ ਦਿਆਂਗੇ। "

206 ਉਸਨੇ ਕਿਹਾ, "ਨਹੀਂ। ਤੁਸੀਂ ਇੱਥੇ ਆਸ-ਪਾਸ ਇਸ ਤਰ੍ਹਾਂ ਦੀ ਬੇਦਾਰੀ ਸਭਾ ਨਹੀਂ ਕਰ ਸੱਕਦੇ ਹੋ।" ਇਹ ਠੀਕ ਹੈ। "ਤੁਸੀਂ ਇੱਥੇ ਆਲੇ-ਦੁਆਲੇ ਇਸ ਤਰ੍ਹਾਂ ਦਾ ਕੁਝ ਨਹੀਂ ਕਰ ਸੱਕਦੇ।"

207 ਅਤੇ ਇਸ ਤੋਂ ਬਾਦ ਵੇਖੋ ਉਸਨੇ ਕੀ ਕੀਤਾ ਸੀ। ਉਹ ਈਜ਼ਬਲ ਦੇ ਰੂਪ ਵਿੱਚ ਫਿਰ ਵਾਪਿਸ ਆਉਂਦਾ ਹੈ ਅਤੇ ਉਸ ਝੂਠੇ ਨਬੀ ਦੇ ਦੁਆਰਾ ਥੱਲੇ ਆਇਆ, ਅਤੇ ਪ੍ਰਮੇਸ਼ੁਰ ਦੇ ਬੱਚਿਆਂ ਕੋਲੋਂ ਗਲਤੀ ਕਰਵਾਈ। ਅਤੇ ਮੋਆਬੀ ਔਰਤਾਂ ਦਾ ਇਸਰਏਲੀਆਂ ਵਿੱਚ ਵਿਆਹ ਕਰਵਾਇਆ, ਅਤੇ ਵਿਭਚਾਰ ਕਰਵਾਇਆ।



ਜੋੜ ਦਿੰਦੇ ਹਨ। ਜਿਵੇਂ ਕਿ ਮੈਂ ਪਹਿਲਾਂ ਵੀ ਆਖਿਆ ਸੀ ਇਹ ਉਸ ਆਦਮੀ ਦੇ ਵਾਗੂੰ ਹੈ ਜਿਹੜਾ ਹਰ ਵੇਲੇ ਖੁਦਾ ਦੀ ਸਤੂਤੀ ਉਸ ਕੰਮ ਲਈ ਕਰਦਾ ਰਹਿੰਦਾ ਹੈ ਜੋ ਪ੍ਰਮੇਸ਼ੁਰ ਕਰ ਚੁੱਕਾ ਹੈ ਅਤੇ ਅਗਾਂਹ ਉਹਨਾਂ ਕੰਮਾਂ ਵੱਲ ਵੇਖ ਰਿਹਾ ਹੈ ਜਿਹੜੇ ਖੁਦਾ ਕਰੇਗਾ; ਅਤੇ ਇਹਨੂੰ ਅਣ ਵੇਖਿਆ ਕਰ ਦਿੰਦਾ ਹੈ ਜੋ ਖੁਦਾ ਇਸ ਵੇਲੇ ਕਰ ਰਿਹਾ ਹੈ। ਇਹ ਸਹੀ ਗੱਲ ਹੈ। ਮਨੁੱਖ ਹਾਲੇ ਵੀ ਬਸ ਇਹ ਹੀ ਕਰ ਰਿਹਾ ਹੈ।

238 ਉੱਥੇ ਉਹ ਯਹੂਦੀ ਖੜ੍ਹੇ ਸਨ ਅਤੇ ਕਹਿ ਰਹੇ ਸਨ, "ਖੁਦਾ ਦੀ ਵਡਿਆਈ ਹੋਵੇ। ਕਿਉਂ, ਉਹ ਸੰਤ ਯੂਹੰਨ 6 ਬਾਬ ਵਿੱਚ ਕਹਿੰਦੇ ਹਨ। " ਸਾਡੇ ਬਾਪ ਦਾਦਿਆਂ ਨੇ ਤਾਂ ਉਜਾੜ ਵਿੱਚ ਮੰਨਾ ਖਾਧਾ ਸੀ। "

ਅਤੇ ਯਿਸੂ ਨੇ ਕਿਹਾ, " ਉਹਨਾਂ ਵਿੱਚ ਹਰ ਇੱਕ ਮਰ ਗਿਆ ਸੀ। "

239 "ਉਹਨਾਂ ਨੇ ਤਾਂ ਉਜਾੜ ਵਿੱਚ ਚੱਟਾਨ ਤੋਂ ਪਾਣੀ ਪੀਤਾ ਅਤੇ ਸੱਭ ਕੁਝ ਕੀਤਾ। "

240 ਉਸਨੇ ਕਿਹਾ, "ਮੈਂ ਹੀ ਉਹ ਚੱਟਾਨ ਹਾਂ। " ਇਹ ਸੱਚ ਹੈ। ਆਮੀਨ। ਉਸਨੇ ਕਿਹਾ, "ਪਰ ਮੈਂ ਉਹ ਜੀਵਨ ਦੀ ਰੋਟੀ ਹਾਂ ਜਿਹੜੀ ਪ੍ਰਮੇਸ਼ੁਰ ਦੇ ਕੋਲੋਂ ਸੁਰਗ ਵਿੱਚੋਂ ਉੱਤਰੀ ਹੈ, ਮੈਂ ਹੀ ਉਹ ਜੀਵਨ ਦਾ ਬ੍ਰਿਛ ਹਾਂ ਜਿਹੜੀ ਪਿਛਾਂਹ ਅਦਨ ਦੇ ਬਾਗ ਵਿੱਚ ਸੀ। ਜੇ ਕੋਈ ਮਨੁੱਖ ਇਸ ਰੋਟੀ ਵਿੱਚੋਂ ਖਾਵੇ ਉਹ ਕਦੇ ਨਹੀਂ ਮਰੇਗਾ,ਮੈਂ ਉਸਨੂੰ ਆਖਰੀ ਦਿਨ ਫਿਰ ਜਿਲਾ ਉਠਾਵਾਂਗਾ। " ਅਤੇ ਤਦ ਵੀ ਉਹ ਨਹੀਂ ਵੇਖ ਸਕੇ। ਇਹ ਠੀਕ ਹੈ।

241 ਉਹ ਮਸੀਹ ਹੀ ਉੱਥੇ ਖੜ੍ਹਾ ਸੀ ਅਤੇ ਉਹਨਾਂ ਦੇ ਦਿਲਾਂ ਦੇ ਖਿਆਲਾਂ ਨੂੰ ਦੱਸ ਰਿਹਾ ਸੀ ਅਤੇ ਇਸੇ ਤਰ੍ਹਾਂ ਦੇ ਕੰਮ ਕਰ ਰਿਹਾ ਸੀ ਅਤੇ ਵਿਖਾ ਰਿਹਾ ਸੀ ਕਿ ਉਹ ਹੀ ਮਸੀਹ ਹੈ ;ਉਹ ਉਨ੍ਹਾਂ ਕੰਮਾਂ ਨੂੰ ਕਰ ਰਿਹਾ ਸੀ ਜਿਹੜੇ ਮਸੀਹ ਨੇ ਕਰਨੇ ਸਨ।

242 ਅਤੇ ਉੱਥੇ ਉਹ ਆਪਣੇ ਹੱਥਾਂ ਨੂੰ ਪਿੱਛੇ ਕਰਕੇ ਖੜੇ ਸਨ ਅਤੇ ਕਹਿ ਰਹੇ ਸਨ, " ਹਾਅ, ਇਹ ਨਹੀਂ ਹੋ ਸੱਕਦਾ ਹੈ। ਨਹੀਂ, ਨਹੀਂ। ਉਹ ਠੀਕ ਤਰੀਕੇ ਦੇ ਨਾਲ ਨਹੀਂ ਆਇਆ ਹੈ। ਵੇਖੋ, ਉਹ ਤਾਂ ਬੈਤਲਹਮ ਵਿੱਚੋਂ ਆਇਆ ਹੈ। ਉਹ ਕੁਝ ਨਹੀਂ ਬਲਕਿ ਗੈਰ ਕਨੂੰਨੀ ਬੱਚਾ ਹੈ। ਉਸਦੇ ਵਿੱਚ ਸ਼ੈਤਾਨ ਕੰਮ ਕਰਦਾ ਹੈ। ਅਸੀਂ ਜਾਣਦੇ ਹਾਂ ਕਿ ਉਹ ਪਾਗਲ ਹੈ। ਉਹ ਸ਼ੁਦਾਈ ਹੈ। ਉਹਦੇ ਅੰਦਰ ਸ਼ੈਤਾਨ ਹੈ। " ਸਮਝੇ?ਅਸਲ ਵਿੱਚ ਉਹਨਾਂ ਦੀਆਂ ਅੱਖਾਂ ਉਹਦੇ ਲਈ ਅੰਨ੍ਹੀਆਂ ਕਰ ਦਿੱਤੀਆਂ ਗਈਆਂ ਸਨ।

243 ਪਰ ਉਹ ਆਪਣੇ ਨਬੀ ਦੀ ਉਡੀਕ ਕਰ ਰਹੇ ਹਨ, ਅਤੇ ਉਹ ਉਸਨੂੰ ਪਾਉਣ ਜਾ ਰਹੇ ਹਨ, ਉਹ ਉਨ੍ਹਾਂ ਦੋਨਾਂ ਨੂੰ ਕਬੂਲ ਕਰਨਗੇ। ਇਹ ਠੀਕ ਹੈ।

244 ਹੁਣ ਤੁਸੀਂ ਫਿਰ ਧਿਆਨ ਦਿਓ, ਜਦ ਉਹ ਯਹੂਦੀ ਵੀ ......ਮੈਂ ਤੁਹਾਨੂੰ ਇੱਕ ਹੋਰ ਨਿਸ਼ਾਨ ਦੇਵਾਂਗਾ ਤਾਂ ਕਿ ਤੁਹਾਨੂੰ ਇਹ ਮਹਿਸੂਸ ਹੋ ਸਕੇ, ਸੁਰਗ ਦੇ ਉੱਤੇ ਉਠਾਏ ਜਾਣ ਦੇ ਇਸ ਪਾਸੇ ਵੱਲ, ਇੱਥੇ ਯਹੂਦੀ ਹਨ। ਵੇਖੋ ਕੀ ਕੀ ਵਾਪਰਦਾ ਹੈ। ਇਸਦਾ ਨਮੂਨੇ ਦੇ ਤੋਰ ਤੇ ਵੀ ਵਰਣਨ ਕੀਤਾ ਗਿਆ ਹੈ .....ਅਸੀਂ ਕਸ ਤਰ੍ਹਬ ਕਰਨ ਲਈ ਸਮਾਂ ਨਹੀਂ ਲਵਾਂਗੇ ਕਿਉਂਕਿ ਅਸੀਂ ਇਸਨੂੰ ਸਮਾਪਤ ਵੀ ਕਰਨਾ ਹੈ। ਇਸਦਾ ਨਮੂਨੇ ਦੇ ਰੂਪ ਵਿੱਚ ਵਰਣਨ ਕੀਤਾ ਗਿਆ ਹੈ ....ਜੋ ਕਿ, " ਯਕੂਬ ਦੀਆਂ

ਕਾਰਨ ਸ਼ੈਤਾਨ ਉਹਨਾਂ ਤੇ ਆ ਗਿਆ ਅਤੇ ਉਹਨਾਂ ਨੇ ਕਿਹਾ, "ਇਹ ਤਾਂ ਬਾਲਜਬੂਲ ਹੈ, ਇਹ ਜੋਤਸ਼ੀ ਹੈ। ਉਸਦਾ ਲਹੂ ਸਾਡੇ ਉੱਤੇ ਹੋਵੇ। ਅਸੀਂ ਜਾਣਦੇ ਹਾਂ ਕਿ ਇਹ ਕੁਝ ਵੀ ਨਹੀਂ ਹੈ। " ਸਮਝੇ?

233 ਅਤੇ ਉਨ੍ਹਾਂ ਬੇਚਾਰਿਆਂ ਨੂੰ ਅੰਨ੍ਹੇ ਕੀਤਾ ਗਿਆ ਸੀ। ਇਹ ਹੀ ਕਾਰਨ ਸੀ ਕਿ ਆਇਕਮੈਨ ਦੇ ਸਮੂਹ ਨੇ ਅਤੇ ਉਹਨਾਂ ਸਭਨਾਂ ਦੇ ਸਮੂਹ ਨੇ ਉਹਨਾਂ ਨੂੰ ਪਿਛਲੇ ਸਮੇਂ ਵਿੱਚ ਕਤਲ ਕੀਤਾ। ਉਹਨਾਂ ਦੇ ਕੋਲ ਅੰਦਰ ਆਉਣ ਦਾ ਅਧਿਕਾਰ ਸੀ ਪ੍ਰੰਤੂ ਉਹਨਾਂ ਦੇ ਆਪਣੇ ਹੀ ਪਿਤਾ ਨੇ ਉਹਨਾਂ ਦੀਆਂ ਅੱਖਾਂ ਅੰਨ੍ਹੀਆਂ ਕੀਤੀਆਂ ਤਾਂ ਕਿ ਉਹ ਸਾਨੂੰ ਅੰਦਰ ਲੈ ਸਕੇ।

234 ਇਹ ਲਿਖਤਾਂ ਵਿੱਚ ਪਾਈ ਜਾਣ ਵਾਲੀ ਸੱਭ ਤੋਂ ਵੱਧ ਦਯਾ ਅਤੇ ਤਰਸਯੋਗ ਗੱਲ ਹੈ। ਜਰਾ ਸੋਚੋ, ਉਹ ਯਹੂਦੀ ਲੋਕ ਆਪਣੇ ਹੀ ਪਿਤਾ ਦਾ ਲਹੂ ਮੰਗ ਰਹੇ ਸਨ, ਉੱਥੇ ਉਨ੍ਹਾਂ ਦਾ ਆਪਣਾ ਪ੍ਰਮੇਸ਼ੁਰ ਲਟਕ ਰਿਹਾ ਸੀ ;ਉਹਨਾਂ ਦੇ ਆਪਣੇ ਹੀ ਪਰਮੇਸ਼ੁਰ ਦਾ ਲਹੂ ਵਗ ਰਿਹਾ ਸੀ। ਵੇਖੋ ਬਾਈਬਲ ਆਖਦੀ ਹੈ ਕਿ "ਉੱਥੇ ਉਹਨਾਂ ਉਹਨੂੰ ਸਲੀਬ ਦਿੱਤਾ। " ਇਹ ਚਾਰ ਸ਼ਬਦ ਬੜੇ ਹੀ ਮਹਾਨ ਸ਼ਬਦ ਹਨ। ਧਿਆਨ ਦਿਓ। " ਉੱਥੇ " ਇਹ ਯਰੂਸ਼ਲਮ ਹੈ ਜੋ ਕਿ ਦੁਨੀਆਂ ਵਿੱਚ ਸੱਭ ਤੋਂ ਵੱਧ ਪਵਿੱਤਰ ਸ਼ਹਿਰ ਹੈ। "ਉਹਨਾਂ" ਇਹ ਦੁਨੀਆਂ ਦੇ ਸੱਭ ਤੋਂ ਵੱਧ ਪਵਿੱਤਰ ਲੋਕ ਹਨ। " ਸਲੀਬ ਦਿੱਤਾ " ਇਹ ਸੰਸਾਰ ਵਿੱਚ ਸੱਭ ਤੋਂ ਨਿਰਦਈ ਮੌਤ ਹੈ। "ਉਹਨੂੰ" ਉਹ ਦੁਨੀਆਂ ਦਾ ਸੱਭ ਤੋਂ ਵੱਧ ਮਹੱਤਵਪੂਰਨ ਮਨੁੱਖ ਸੀ। ਸਮਝੇ? ਕਿਉਂ ? ਕਿਉਂਕਿ ਧਾਰਮਿਕ ਲੋਕ, ਦੁਨੀਆਂ ਦਾ ਸੱਭ ਤੋਂ ਮਹਾਨ ਧਰਮ, ਸੰਸਾਰ ਵਿੱਚ ਜੋ ਸਿਰਫ ਇੱਕੋ ਹੀ ਸੱਚਾ ਧਰਮ ਹੈ ਉਸੇ ਦੇ ਹੀ ਧਰਮੀ ਲੋਕ ਉੱਥੇ ਖੜੇ ਹੋ ਕੇ ਆਪਣੇ ਉਸੇ ਖੁਦਾ ਨੂੰ ਸਲੀਬ ਤੇ ਚੜ੍ਹਾ ਰਹੇ ਸਨ ਜਿਹਦੇ ਵਾਰੇ ਵਿੱਚ ਬਾਈਬਲ ਦੱਸਦੀ ਹੈ ਕਿ ਉਹ ਆਏਗਾ।

235 ਉਹਨਾਂ ਨੇ ਉਹਨੂੰ ਕਿਉਂ ਨਹੀਂ ਵੇਖਿਆ ਸੀ? ਬਾਈਬਲ ਸਾਨੂੰ ਦੱਸਦੀ ਹੈ ਕਿ ਪ੍ਰਮੇਸ਼ੁਰ ਨੇ ਹੀ ਉਹਨਾਂ ਨੂੰ ਅੰਨ੍ਹੇ ਕੀਤਾ ਹੋਇਆ ਸੀ ਇਸੇ ਲਈ ਹੀ ਉਹ ਉਹਨੂੰ ਨਹੀਂ ਵੇਖ ਸੱਕਦੇ ਸਨ। ਉਹ .......ਉਸਨੇ ਕਿਹਾ, " ਤੁਹਾਡੇ ਵਿੱਚੋਂ ਕਿਹੜਾ ਮੇਰੇ ਉੱਤੇ ਗੁਨਾਹ ਸਾਬਤ ਕਰ ਸੱਕਦਾ ਹੈ?" ਦੂਜੇ ਲਫਜ਼ਾਂ ਵਿੱਚ ਉਸਨੇ ਕਿਹਾ, "ਜੇ ਬਿਲਕੁੱਲ ਉਹ ਹੀ ਨਹੀਂ ਕੀਤਾ ਹੈ ਜੋ ਮੇਰੇ ਵਾਰੇ ਵਿੱਚ ਪਹਿਲਾਂ ਹੀ ਕਿਹਾ ਗਿਆ ਸੀ ਕਿ ਮੈਂ ਕਰਾਂਗਾ ਤਾਂ ਤੁਸੀਂ ਮੈਨੂੰ ਦੱਸੋ। " ਪਾਪ ਬੇਪ੍ਰਤੀਤੀ ਹੁੰਦਾ ਹੈ। ਉਸਨੇ ਠੀਕ ਉਹ ਹੀ ਕੀਤਾ ਸੀ ਜੋ ਖੁਦਾ ਨੇ ਉਹਨੂੰ ਕਰਨ ਲਈ ਆਖਿਆ ਸੀ ਪ੍ਰੰਤੂ ਉਹ ਇਹਨੂੰ ਵੇਖ ਨਹੀਂ ਸਕੇ ਸਨ।

236 ਹੁਣ ਜਦ ਤੁਸੀਂ ਲੋਕਾਂ ਦੇ ਨਾਲ ਗੱਲ ਕਰਦੇ ਹੋ ਤਾਂ ਇਹ ਬੱਤਖ ਦੀ ਪਿੱਠ ਉੱਤੇ ਪਾਣੀ ਪਾਉਣ ਦੇ ਵਾਂਗ ਹੈ। ਕੀ ਤੁਹਾਨੂੰ ਸਮਝ ਲੱਗ ਗਈ ਮੇਰੇ ਕਹਿਣ ਦਾ ਕੀ ਮਤਲਬ ਹੈ?ਇਹ ਇੱਕ ਤਰਸਯੋਗ ਗੱਲ ਹੈ, ਜਦ ਤੁਸੀਂ ਇਹਨਾਂ ਦੇਸ਼ਾਂ ਅਤੇ ਲੋਕਾਂ ਨੂੰ ਉਸ ਢੰਗ ਦੇ ਨਾਲ ਕੰਮ ਕਰਦੇ ਹੋਏ ਵੇਖਦੇ ਹੋ ਅਤੇ ਉਹ ਬਹੁਤ ਹੀ ਆਕੜ ਵਿੱਚ ਅਤੇ ਧਰਮੀਂ ਹਨ। ਪਰ ਕੀ ਪਵਿੱਤਰ ਆਤਮਾ ਨੇ ਸਾਨੂੰ ਇਸੇ ਤਰ੍ਹਾਂ ਹੀ ਨਹੀਂ ਦੱਸਿਆ ਹੈ? ਕਿ ਉਹ ਕਾਹਲੇ, ਘਮੰਡੀ ਪ੍ਰਮੇਸ਼ੁਰ ਦੇ ਨਹੀਂ ਸਗੋਂ ਭੋਗ ਵਿਲਾਸ ਦੇ ਪ੍ਰੇਮੀ ਹੋਣਗੇ, ਪੱਥਰ ਦਿਲ, ਪਰਾਈ ਨਿੰਦਿਆ ਕਰਨ ਵਾਲੇ, ਅਸੰਜਮੀ, ਕਰੜੇ ਅਤੇ ਨੇਕੀ ਦੇ ਵੈਰੀ ਹੋਣਗੇ। ਉਹ ਭਗਤੀ ਦਾ ਰੂਪ ਤਾਂ ਧਾਰਨਗੇ ਪ੍ਰੰਤੂ ਉਹ ਖੁਸ਼ਖਬਰੀ ਦੀ ਸ਼ਕਤੀ ਦੇ ਇਨਕਾਰੀ ਹੋਣਗੇ। " ਕਿਹਾ ਗਿਆ ਹੈ ਭਾਈ ਇਹਨਾਂ ਲੋਕਾਂ ਤੋਂ ਪਰੇ ਰਹਿ। "

237 ਅੱਜ ਅਸੀਂ ਉਸੇ ਹੀ ਹਾਲਤ ਵਿੱਚ ਹਾਂ, ਇਹਨਾਂ ਮਿਸ਼ਨਾਂ ਨੇ ਇਹਨੂੰ ਮਰੋੜ ਕੇ ਰੱਖ ਦਿੱਤਾ ਹੈ। ਉਹ ਸਾਰੀ ਮਹਿਮਾ ਅਤੇ ਸ਼ਕਤੀ ਤਾਂ ਲੈਂਦੇ ਹਨ ਅਤੇ ਇਹਦੇ ਕੁਝ ਹਿੱਸੇ ਨੂੰ ਰਸੂਲਾਂ ਦੇ ਨਾਲ



208 ਜਦਕਿ ਅਸੀਂ ਵਾਇਦਾ ਕੀਤੇ ਹੋਏ ਦੇਸ਼ ਦੇ ਰਾਹ ਤੇ ਆਪਣੀ ਯਾਤਰਾ ਵਿੱਚ ਹਾਂ, ਤਾਂ ਉਸਨੇ ਉਸ ਯੁੱਗ ਵਿੱਚ ਬਿਲਕੁੱਲ ਇਹ ਹੀ ਕੰਮ ਕੀਤਾ ਸੀ। ਉਸਨੇ ਕੀ ਕੀਤਾ ਸੀ?ਝੂਠਾ ਨਬੀ ਉਨ੍ਹਾਂ ਦੇ ਕੋਲ ਆਇਆ ਅਤੇ ਵਿਆਹ ਕੀਤਾ,ਅਤੇ ਬਾਹਰ ਤੋਂ ਪ੍ਰੋਟੈਸਟੈਂਟ ਕਲੀਸਿਯਾਵਾਂ ਵਿੱਚ ਸੱਦ ਲਿਆਇਆ ਅਤੇ ਫਿਰਕਾਪ੍ਰਸਤੀਆਂ ਬਣਵਾ ਦਿੱਤੀਆਂ, ਬਿਲਕੁੱਲ ਠੀਕ ਉਸੇ ਤਰ੍ਹਾਂ ਹੀ ਜਿਵੇਂ ਉਹਨਾਂ ਨੇ ਉੱਥੇ ਕੀਤਾ ਸੀ। [ਭਾਈ ਬ੍ਰਾਨਹਾਮ ਪੁਲਪਿਟ ਨੂੰ ਚਾਰ ਵਾਰ ਖੜਕਾਉਂਦੇ ਹਨ-ਸੰਪਾ]

209 ਪ੍ਰੰਤੂ ਉਹ ਛੋਟਾ ਪੁਰਾਣਾ ਇਸਰਾਏਲ ਬਿਲਕੁੱਲ ਉਸੇ ਤਰ੍ਹਾਂ ਹੀ ਅੱਗੇ ਵੱਧਦਾ ਗਿਆ। ਉਹ ਇੱਕ ਲੰਬੇ ਸਮੇਂ ਤੱਕ ਉਜਾੜ ਵਿੱਚ ਚੱਲਦਾ ਰਿਹਾ ਅਤੇ ਉਹ ਸਾਰੇ ਪੁਰਾਣੇ ਯੋਧਿਆਂ ਨੇ ਮਰ ਜਾਣਾ ਸੀ ਪ੍ਰੰਤੂ ਉਸਨੇ ਸਿੱਧੇ ਵਾਇਦਾ ਕੀਤੀ ਹੋਈ ਧਰਤੀ ਵਿੱਚ ਪ੍ਰਵੇਸ਼ ਕੀਤਾ। ਹਾਂ ਜੀ। ਉਹਨਾਂ ਤੇ ਧਿਆਨ ਦਿਓ, ਇਸ ਤੋਂ ਪਹਿਲਾਂ ਕਿ ਉਹ ਯਰਦਨ ਨੂੰ ਪਾਰ ਕਰਦੇ ਉਹ ਸਾਰੇ ਸ਼ਸ਼ਤਰਾਂ ਅਤੇ ਬਸਤਰਾਂ ਦੇ ਨਾਲ ਸੱਜੇ ਹੋਏ ਸਨ। ਹਾ-ਹਾ। ਮੈਂ ਇਹਨੂੰ ਪਸੰਦ ਕਰਦਾ ਹਾਂ। ਹੁਣ ਠੀਕ ਇਸ ਵੇਲੇ ਅਸੀਂ ਇੱਥੇ ਉਸ ਯੁੱਗ ਦੇ ਵੱਲ ਵੱਧ ਰਹੇ ਹਾਂ।

210 ਹੁਣ ਅਸੀਂ, ਉਸ ਸਮੇਂ ਨੂੰ, ਦਾਨੀਏਲ ਦੇ ਸੱਤਰ ਸਾਤਿਆਂ ਦੇ ਆਖਰੀ ਸਾਢੇ ਤਿੰਨ ਸਾਲਾਂ ਨੂੰ ਵੇਖਦੇ ਹਾਂ।

211 ਹੁਣ ਮੈਂ ਇਹਦੇ ਬਾਰੇ ਵਿੱਚ ਥੋੜਾ ਜਿਹਾ ਹੋਰ ਸਮਝਾਉਂਦਾ ਹਾਂ ਕਿਉਂਕਿ ਮੈਂ ਵੇਖਦਾ ਹਾਂ ਕਿ ਇੱਥੇ ਕੋਈ ਹੈ ਜੋ ਹਮੇਸ਼ਾਂ ਹੀ ਇਸ ਤੇ ਧਿਆਨ ਲਗਾਉਂਦਾ ਹੈ ਅਤੇ ਮੈਂ ਇੱਕ ਸਿਖਾਉਣ ਵਾਲੇ ਦੀ ਤਰ੍ਹਾਂ ਆਪਣੀ ਗੱਲ ਨੂੰ ਸਪੱਸ਼ਟ ਕਰਨ ਦਾ ਯਤਨ ਕਰਨਾ ਚਾਹੁੰਦਾ ਹਾਂ।

212 ਧਿਆਨ ਦਿਓ ਕਿ ਜਦ ਸੱਤਰ ਸਾਤੇ ਆਉਂਦੇ ਹਨ। ਜਦ ਦਾਨੀਏਲ ਨੇ ਆਉਣ ਵਾਲੇ ਸਮੇਂ ਦਾ, ਅਤੇ ਯਹੂਦੀਆਂ ਦੇ ਅੰਤ ਦਾ ਦਰਸ਼ਨ ਵੇਖਿਆ ਸੀ ਪਰ ਉਸਨੇ ਕਿਹਾ ਸੀ ਕਿ ਯਹੂਦੀਆਂ ਲਈ ਸੱਤਰ ਸਾਤੇ ਠਹਿਰਾਏ ਹੋਏ ਹਨ। ਅਤੇ ਸੱਤਰਵੇਂ ਸਾਤੇ ਵਿੱਚ, ਜੋ ਕਿ ਸੱਤ ਸਾਲ ਹਨ, ਵਿੱਚਕਾਰ ਮਸੀਹ ਵੱਢਿਆ ਜਾਵੇਗਾ। ਹੁਣ, ਬਿਲਕੁੱਲ ਇਸੇ ਤਰ੍ਹਾਂ ਹੀ ਹੋਇਆ ਸੀ।

213 ਇਸ ਤੋਂ ਬਾਦ ਖੁਦਾ ਗੈਰ ਕੌਮਾਂ ਨਾਲ ਵਿਵਹਾਰ ਕਰਦਾ ਹੈ ਜਦ ਤੱਕ ਕਿ ਉਹ ਉਸਦੇ ਨਾਮ ਲਈ ਲੋਕਾਂ ਨੂੰ ਬਾਹਰ ਨਹੀਂ ਕੱਢ ਲੈਂਦੇ ਹਨ। ਜਿਉਂ ਹੀ ਗੈਰ ਕੌਮਾਂ ਦੀ ਕਲੀਸਿਯਾ ਬਾਹਰ ਕੱਢ ਲਈ ਜਾਂਦੀ ਹੈ ਉਸੇ ਵੇਲੇ ਹੀ ਉਹ ਆਪਣੀ ਕਲੀਸਿਯਾ ਨੂੰ ਉੱਪਰ ਉਠਾ ਲੈ ਜਾਂਦਾ ਹੈ।

214 ਅਤੇ ਜਦ ਉਸਨੇ ਇਹ ਕੀਤਾ ਤਾਂ ਸੁੱਤੀਆਂ ਹੋਈਆਂ ਕੁਆਰੀਆਂ, ਕਲੀਸਿਯਾ ਖੁਦ, ਉਸਦੀ ਲਾੜੀ ਉੱਪਰ ਚਲੀ ਜਾਂਦੀ ਹੈ। ਅਤੇ ਚਰਚ ਬਾਹਰਲੇ ਅੰਧਕੋਰ ਵਿੱਚ ਸੁੱਟ ਦਿੱਤਾ ਜਾਂਦਾ ਹੈ ਜਿੱਥੇ ਰੋਣਾ ਅਤੇ ਕਰੀਚੀਆਂ ਵੱਟਣਾ ਹੈ। ਬਿਲਕੁੱਲ ਇਸੇ ਸਮੇਂ ਹੀ ਲੋਕਾਂ ਦੇ ਉੱਤੇ ਕਸ਼ਟ ਦਾ ਸਮਾਂ ਆਉਂਦਾ ਹੈ।

215 ਅਤੇ ਜਦ ਲੋਕਾਂ ਤੇ ਕਸ਼ਟ ਆ ਰਿਹਾ ਹੋਵੇਗਾ, ਪ੍ਰਕਾਸ਼ ਪੋਥੀ 11 ਬਾਬ ਦੇ ਦੋ ਗਵਾਹ ਸੁਸਮਾਚਾਰ ਦਾ ਪ੍ਰਚਾਰ ਕਰਨ ਲਈ ਆਉਂਦੇ ਹਨ। ਅਤੇ ਉਹ ਇੱਕ ਹਜ਼ਾਰ ਸੋ ......ਇੱਕ ਹਜ਼ਾਰ ਦੋ ਸੋ ਸੱਠ ਦਿਨਾਂ ਤੱਕ ਪ੍ਰਚਾਰ ਕਰਦੇ ਹਨ। ਸਮਝੇ? ਇਹ ਬਿਲਕੁੱਲ ਠੀਕ ਸਾਢੇ ਤਿੰਨ ਸਾਲ ਬਣਦੇ ਹਨ ਜੋ ਅਸਲੀ ਕੈਲੰਡਰ ਦੇ ਮਹੀਨੇ ਦੇ ਤੀਹ ਦਿਨ ਦੇ ਅਨੁਸਾਰ ਹੈ। ਇਹ ਦਾਨੀਏਲ ਦਾ ਸੱਤਰਵਾਂ ਭਾਗ। ਦਾਨੀਏਲ ਦੇ ਸੱਤਰਵੇਂ ਸਾਤੇ ਦਾ ਆਖਰੀ ਭਾਗ ਹੈ। ਸਮਝੇ?

ਇੱਥੇ ਪ੍ਰਮੇਸ਼ੁਰ ਨੇ ਇਸਰਾਏਲ ਦੇ ਨਾਲ ਵਿਵਹਾਰ ਨਹੀਂ ਕੀਤਾ ਹੈ। ਨਹੀਂ ਜੀ ਸ਼੍ਰੀਮਾਨ।

216 ਜਿਆਦਾ ਸਮਾਂ ਨਹੀਂ ਹੋਇਆ ਜਦੋਂ ਇੱਕ ਭਾਈ ਨੇ ਮੈਨੂੰ ਪੁੱਛਿਆ ਸੀ, ਉਸਨੇ ਕਿਹਾ ਸੀ, "ਕੀ ਮੈਨੂੰ ਜਾਣਾ ਚਾਹੀਦਾ ਹੈ ......ਇੱਕ ਪਿਆਰਾ ਬਹੁਮੁੱਲਾ ਭਾਈ ਜੋ ਇੱਥੋਂ ਦੀ ਕਲੀਸਿਯਾ ਦਾ ਹੈ ਉਸਨੇ ਕਿਹਾ ਸੀ, " ਮੈਂ ਇਸਰਾਏਲ ਜਾਣਾ ਚਾਹੁੰਦਾ ਹਾਂ। ਮੇਰਾ ਵਿਸ਼ਵਾਸ਼ ਹੈ ਕਿ ਉਹਨਾਂ ਦੇ ਵਿਚਾਲੇ ਜਾਗ੍ਰਤੀ ਪਾਈ ਜਾਂਦੀ ਹੈ। "

217 ਕਿਸੇ ਨੇ ਮੈਨੂੰ ਕਿਹਾ ਸੀ, "ਭਾਈ ਬ੍ਰਾਨਹਾਮ, ਤੁਹਾਨੂੰ ਇਸ ਸਮੇਂ ਇਸਰਾਏਲ ਜਾਣਾ ਚਾਹੀਦਾ ਹੈ। ਉਹ ਇਸਨੂੰ ਵੇਖਣਗੇ। " ਵੇਖੋ, ਤੁਸੀਂ ਇਸ ਤਰ੍ਹਾਂ ਨਹੀਂ ਕਰ ਸੱਕਦੇ ਹੋ।

ਮੈਂ ਠੀਕ ਉੱਥੇ ਖਲੋਤਾ ਸੀ, ਅਤੇ ਮੈਂ ਸੋਚਿਆ ........

218 ਉਹਨਾਂ ਯਹੂਦੀਆਂ ਨੇ ਕਿਹਾ ਸੀ, " ਜੇ ਮੈਂ ........ਚੰਗਾ, ਜੇ ਇਹੋ ਯਿਸੂ ਹੀ ਮਸੀਹ ਹੈ। ਅਸੀਂ ਉਹਨੂੰ ਨਬੀ ਵਾਲਾ ਚਿੰਨ੍ਹ ਵਿਖਾਉਂਦੇ ਵੇਖਣਾ ਚਾਹੁੰਦੇ ਹਾਂ। ਅਸੀਂ ਤਾਂ ਆਪਣੇ ਨਬੀਆਂ ਦਾ ਹੀ ਯਕੀਨ ਕਰਾਂਗੇ ਇਹੋ ਕੁਝ ਹੀ ਉਹ ਹੋਣੇ ਚਾਹੀਦੇ ਹਨ। "

219 ਮੈਂ ਸੋਚਿਆ, "ਇਹ ਕਿਹੋ ਜਿਹਾ ਕ੍ਰਮ ਹੈ। ਮੈਂ ਜਾਂਦਾ ਹਾਂ। " ਅਤੇ ਜਦ ਮੈਂ ਠੀਕ ਇਹਦੇ ਲਾਗੇ ਪਹੁੰਚ ਗਿਆ, ਠੀਕ ........ਮੈਂ ਕੈਰੋ ਵਿੱਚ ਸਾਂ ਅਤੇ ਮੇਰੇ ਹੱਥ ਵਿੱਚ ਇਸਰਾਏਲ ਜਾਣ ਦੀ ਟਿਕਟ ਸੀ। ਅਤੇ ਮੈਂ ਕਿਹਾ, " ਮੈਂ ਜਾਵਾਂਗਾ, ਜੇ ਉਹ ਇਹ ਪੁੱਛਣ, ਜੇ ਉਹ ਨਬੀ ਦਾ ਚਿੰਨ੍ਹ ਵੇਖ ਸਕਣ। ਅਸੀਂ ਵੇਖਾਂਗੇ ਕਿ ਉਹ ਮਸੀਹ ਨੂੰ ਕਬੂਲ ਕਰਨਗੇ। "

220 ਲੇਵੀ ਪੈਥਰਸ ਨੇ ਜੋ ਸਟੋਕਹੋਮ ਕਲੀਸਿਯਾ ਦਾ ਹੈ ਉਹਨੇ ਇੱਕ ਕਰੋੜ ਬਾਈਬਲ ਉਹਨਾਂ ਨੂੰ ਘੱਲੀ ਹੈ।

221 ਅਤੇ ਉਹ ਯਹੂਦੀ ਉੱਥੇ ਅੰਦਰ ਆ ਰਹੇ ਹਨ। ਤੁਸੀਂ ਇਹਦੇ ਤੇ ਵੇਖੀ ਹੈ। ਠੀਕ ਮੇਰੇ ਪਿੱਛੇ, ਮੇਰੇ ਕੋਲ ਇਸਤੇ ਇੱਕ ਰੀਲ ਹੈ, "ਅੱਧੀ ਰਾਤ ਵਿੱਚ ਤਿੰਨ ਮਿੰਟ "ਅਤੇ ਉਹ ਯਹੂਦੀ ਅੰਦਰ ਆ ਰਹੇ ਹਨ; ਸਾਰੀ ਦੁਨੀਆਂ ਵਿੱਚੋਂ ਸਾਰੀਆਂ ਥਾਵਾਂ ਵਿੱਚੋਂ ਉਸ ਵਿੱਚ ਆ ਕੇ ਇਕੱਠੇ ਹੋਣਾ ਸ਼ੁਰੂ ਹੋ ਗਏ ਹਨ।

222 ਮੈਂ ਸੋਚਦਾ ਹਾਂ ਕਿ ਇਹ (DECLINE OF THE WORLD'S WAR) *ਸੰਸਾਰ ਯੁੱਧ ਦਾ ਪਤਨ* ਨਾਮ ਦੀ ਪੁਸਤਕ ਨੰਬਰ ਦੋ ਵਿੱਚ ਪਾਇਆ ਜਾਂਦਾ ਹੈ ਕਿ ਜਨਰਲ ਐਲਨਬੀ ਦੇ ਸਮੇਂ ਇੰਗਲੈਂਡ ਪਹੁੰਚ ਜਾਣ ਦੇ ਸਮੇਂ ਤੋਂ ਬਾਦ ਉਹਨਾਂ ਨੇ ਤੁਰਕੀਆਂ ਨੇ ਆਤਮ ਸਮਰਪਣ ਕਰ ਦਿੱਤਾ ਸੀ ਅਤੇ ਇਸ ਤੋਂ ਬਾਦ ਉਹਨਾਂ ਨੇ ਇਹਨੂੰ ਵਾਪਿਸ ਇਸਰਾਏਲ ਨੂੰ ਦੇ ਦਿੱਤਾ ਸੀ ਅਤੇ ਉਸ ਵੇਲੇ ਤੋਂ ਉਹ ਇੱਕ ਦੇਸ਼ ਦੇ ਰੂਪ ਵਿੱਚ ਵਿਕਸਿਤ ਹੁੰਦਾ ਚਲਿਆ ਜਾ ਰਿਹਾ ਹੈ। ਹੁਣ ਉਹ ਇੱਕ ਸੰਪੂਰਨ ਰਾਸ਼ਟਰ ਹੈ -ਉਸਾ ਆਪਣੀ ਕਰੰਸੀ, ਅਪਣਾ ਧੰਨ, ਝੰਡਾ, ਸੋਨਾ ਅਤੇ ਬਾਕੀ ਸੱਭ ਕੁਝ ਹੈ। ਸਮਝੇ?

223 ਅਤੇ ਇਹ ਯਹੂਦੀ ਵਾਪਸ ਆਪਣੀ ਮਾਤਰਭੂਮੀਂ ਵੱਲ ਆ ਰਹੇ ਹਨ,ਉਹ ਸਨ .......ਉਹਨਾਂ ਦੇ ਬਾਰੇ ਵਿੱਚ ਸੱਭ ਤੋਂ ਪਹਿਲੀ ਗੱਲ ਇਹ ਹੈ ਕਿ ਜਦ ਉਹ ਉਨ੍ਹਾਂ ਨੂੰ ਲੈਣ ਲਈ ਇਰਾਨ ਅਤੇ ਉੱਥੇ ਪਹੁੰਚੇ ਤਾਂ ਉਹਨਾਂ ਨੇ ਪੁੱਛਿਆ .....ਉਹਨਾਂ ਨੇ ਕਿਹਾ, ਉਹ ......ਉਹ ਉਹਨਾਂ ਨੂੰ ਵਾਪਸ ਇਸਰਾਏਲ ਲੈ ਕੇ ਜਾਣਾ ਚਾਹੁੰਦੇ ਸਨ ;ਉਹਨਾਂ ਨੇ ਉਹਨਾਂ ਨੂੰ ਉਹਨਾਂ ਦੀ ਜਗ੍ਹਾ ਦਿੱਤੀ, ਉਹਨਾਂ ਨੂੰ ਉਹਨਾਂ ਦੇ ਦੇਸ਼ ਫਿਲਸਤੀਨ ਲੈ ਗਏ, ਜਿੱਥੇ ਕੇ ਉਹਨਾਂ ਨੇ ਹੋਣਾ ਸੀ।



224 ਅਤੇ ਯਾਦ ਰੱਖੋ, ਜਦ ਤੱਕ ਇਸਰਾਏਲ ਉਸ ਦੇਸ਼ ਤੋਂ ਬਾਹਰ ਹੈ ਉਹ ਖੁਦਾ ਦੀ ਇੱਛਾ ਤੋਂ ਬਾਹਰ ਹੈ। ਜਿਵੇਂ ਅਬਰਾਹਾਮ ਜਿਹਨੂੰ ਕਿ ਉਹ ਦਿੱਤਾ ਗਿਆ ਸੀ। ਅਤੇ ਹੁਣ ..........

225 ਉਹ ਉਸ ਹਵਾਈ ਜਹਾਜ ਤੇ ਨਹੀਂ ਚੜ੍ਹਦੇ ਸਨ। ਉਹਨਾਂ ਨੇ ਕਦੇ ਵੀ ਕੋਈ ਇਸ ਤਰ੍ਹਾਂ ਦੀ ਚੀਜ ਨਹੀਂ ਵੇਖੀ ਸੀ। ਉੱਥੇ ਇੱਕ ਬਜ਼ੁਰਗ ਰੱਬੀ ਉੱਤਰਿਆ ਅਤੇ ਉਸਨੇ ਕਿਹਾ, "ਸਾਡੇ ਨਬੀ ਨੇ ਸਾਨੂੰ ਦੱਸਿਆ ਸੀ ਕਿ ਜਦ ਇਸਰਾਏਲ ਵਾਪਿਸ ਆਪਣੇ ਘਰ ਜਾਵੇਗਾ ਤਾਂ ਉਹ ਉਕਾਬ ਦੇ ਖੰਭਾਂ ਉੱਤੇ ਜਾਵੇਗਾ। " ਉਹ ਆਪਣੇ ਘਰ ਦੇ ਰਾਹ ਨੂੰ ਹਵਾਈ ਜ਼ਹਾਜ ਤੇ ਜਾ ਰਹੇ ਹਨ।

226 ਹੁਣ ਉਹ ਵੇਖੋ ਉੱਥੇ ਉਸਾਰੀ ਕਰ ਰਿਹਾ ਹੈ। ਹੰਜ਼ੀਰ ਦਾ ਰੁੱਖ ਫਿਰ ਬਹਾਲ ਹੋ ਰਿਹਾ ਹੈ। ਆਮੀਨ। ਦਾਊਦ ਦਾ ਛੇ ਨੁਕਰਾਂ ਵਾਲੇ ਸਿਤਾਰਿਆਂ ਵਾਲਾ ਝੰਡਾ ਲਹਿਰਾ ਰਿਹਾ ਹੈ।

227 "ਪਰਾਈਆਂ ਜਾਤੀਆਂ ਦੇ ਦਿਨ ਗਿਣੇ ਹੋਏ ਹਨ ਅਤੇ ਕਸ਼ਟ ਦੇ ਨਾਲ ਭਰੇ ਹੋਏ ਹਨ। " ਕਸ਼ਟ ਦਾ ਸਮਾਂ ਬਿਲਕੁੱਲ ਨੇੜੇ ਹੈ।

228 ਅਤੇ ਅਸੀਂ ਇੱਥੇ ਇਸ ਹਾਲਤ ਵਿੱਚ ਖੜ੍ਹੇ ਹਾਂ ਕਿ ਮੋਹਰਾਂ ਖੁੱਲ੍ਹਦੀਆਂ ਹਨ ਅਤੇ ਕਲੀਸਿਯਾ ਹਵਾ ਵਿੱਚ ਆਪਣੀ ਉਡਾਨ ਭਰਨ ਲਈ ਤਿਆਰ ਹੈ।

229 ਅਤੇ ਜਦ ਕਸ਼ਟ ਦਾ ਸਮਾਂ ਆਉਂਦਾ ਹੈ ਤਾਂ ਖੁਦਾ ਹੇਠਾਂ ਆਉਂਦਾ ਹੈ ਅਤੇ ਉੱਥੋਂ ਇੱਕ ਲੱਖ ਚੁਤਾਲੀ ਹਜ਼ਾਰ ਨੂੰ ਬਾਹਰ ਕੱਢਦਾ ਹੈ। ਆਮੀਨ। ਔਹ, ਇਹ ਸੰਪੂਰਨ ਹੈ। ਤੁਸੀਂ ਵੇਖਿਆ ਕਿ ਕਿੱਥੇ ਮੋਹਰਾਂ ਇਹਨੂੰ ਸਪੱਸ਼ਟ ਕਰਦੀਆਂ ਹਨ ; ਕਿੱਥੇ ਇਹਨਾਂ ਨੂੰ ਖੋਲ੍ਹਿਆ ਹੈ? ਇਹ ਲੋਕਾਂ ਲਈ ਆਖਰੀ ਸਾਡੇ ਤਿੰਨ ਸਾਲ ਹਨ। ਜੇ ਤੁਸੀਂ ਧਿਆਨ ਦਿਓ ਤਾਂ ਇਹ ਹੀ ਉਹ ਸਮਾਂ ਹੈ ਜਦ ਖੁਦਾ ਇਹਨਾਂ ਆਖਰੀ ਸਾਢੇ ਤਿੰਨ ਸਾਲਾਂ ਵਿੱਚ ਇੱਕ ਲੱਖ ਚੁਤਾਲੀ ਹਜ਼ਾਰ ਯਹੂਦੀਆਂ ਨੂੰ ਬੁਲਾਉਂਦਾ ਹੈ।

230 ਵੇਖੋ, ਪ੍ਰਮੇਸ਼ੁਰ ਨੇ ਇਸ ਸਮੇਂ ਉਹਨਾਂ ਦੇ ਨਾਲ ਕੋਈ ਵਿਵਹਾਰ ਨਹੀਂ ਕੀਤਾ ਹੈ। ਉਹਨਾਂ ਦੇ ਕੋਲ ਕੋਈ ਨਬੀ ਨਹੀਂ ਹੈ। ਉਹ ਹੋਰ ਕਿਸੇ ਦਾ ਨਹੀਂ ਬਲਕਿ ਨਬੀ ਦਾ ਹੀ ਵਿਸ਼ਵਾਸ਼ ਕਰਨਗੇ। ਤੁਸੀਂ ਉਹਨਾਂ ਨੂੰ ਮੂਰਖ ਨਹੀਂ ਬਣਾ ਸੱਕਦੇ ਹੋ। ਹਾਂ ਜੀ ਸ਼੍ਰੀਮਾਨ, ਇਸ ਲਈ ਉਹ ਤਾਂ ਬਸ ਨਬੀ ਦੀ ਹੀ ਸੁਣਨਗੇ। ਅਤੇ ਉਹਨਾਂ ਦੇ ਬਾਰੇ ਵਿੱਚ ਬਸ ਇਹੋ ਹੀ ਹੈ। ਪ੍ਰਮੇਸ਼ੁਰ ਨੇ ਉਹਨਾਂ ਨੂੰ ਇਹ ਸ਼ੁਰੂ ਵਿੱਚ ਹੀ ਦੱਸ ਦਿੱਤਾ ਸੀ ਅਤੇ ਉਹ ਉਸੇ ਤੇ ਹੀ ਟਿਕੇ ਹੋਏ ਹਨ।

231 ਉਸਨੇ ਕਿਹਾ ਸੀ, " ਖੁਦਾਵੰਦ ਤੁਹਾਡਾ ਖੁਦਾ ਤੁਹਾਡੇ ਵਿੱਚ ਇੱਕ ਮੇਰੇ ਵਰਗਾ ਨਬੀ ਉਠਾ ਖੜ੍ਹਾ ਕਰੇਗਾ। " ਮੂਸਾ ਨੇ ਇਹ ਕਿਹਾ ਸੀ। ਅਤੇ ਉਸਨੇ ਆਖਿਆ ਸੀ, "ਤੁਸੀਂ ਉਸਦੀ ਸੁਣਨਾ ਅਤੇ ਜਿਹੜਾ ਵੀ ਕੋਈ ਉਸਦੀ ਨਹੀਂ ਸੁਣੇਗਾ ਉਹ ਲੋਕਾਂ ਵਿੱਚੋਂ ਛੇਕਿਆ ਜਾਵੇਗਾ। " ਇਹ ਠੀਕ ਹੈ।

232 ਅਤੇ ਤੁਸੀਂ ਵੇਖਦੇ ਹੋ ਕਿ ਉਹਨਾਂ ਦੀਆਂ ਅੱਖਾਂ ਅੰਨ੍ਹੀਆਂ ਕੀਤੀਆਂ ਜਾਣੀਆਂ ਸਨ ਨਹੀਂ ਤਾਂ ਉਹ ਉਸਨੂੰ ਪਛਾਣ ਲੈਂਦੇ। ਬਜਾਏ ਉਸ ਦੇ ਉਹ ਅੰਨ੍ਹੇ ਸਨ, ਉਹ ਐਨੇ ਸਨ .........ਉਸਦੇ